ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

26 ਅਪ੍ਰੈਲ ਤੋਂ 2 ਮਈ 2023

ਸਾਲ 14ਵਾਂ - ਅੰਕ 18
email : info@sadelok.com
Ph. : 510-706-1300
Fax : 925-373-1300

## ਅਰੁਣਾਚਲ ਪ੍ਰਦੇਸ਼: ਇਤਿਹਾਸਕ ਗੁਰਦੁਆਰੇ ਨੂੰ ਬੋਧੀ ਧਰਮ ਅਸਥਾਨ ਬਣਾਇਆ



(ਦੇਖੋ ਸਫ਼ਾ 16 'ਤੇ)

## ਨਹੀਂ ਰਹੇ ਉੱਘੇ ਸਿਆਸਤਦਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ

### ਸਾਬਕਾ ਮੁੱਖ ਮੰਤਰੀ ਨੇ ਫੋਰਟਿਸ ਹਸਪਤਾਲ 'ਚ ਲਏ ਆਖ਼ਰੀ ਸਾਹ; ਪਿਛਲੇ ਇਕ ਹਫ਼ਤੇ ਤੋਂ ਸਨ ਜ਼ੇਰੇ ਇਲਾਜ

### ਵੱਖ-ਵੱਖ ਧਾਰਮਿਕ ਅਤੇ ਸਿਆਸੀ ਆਗੂਆਂ ਵਲੋਂ ਦੁੱਖ ਦਾ ਪ੍ਰਗਟਾਵਾ





ਚੰਡੀਗੜ੍ਹ :ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋ ਗਿਆ। ਉਹ 95 ਸਾਲ ਦੇ ਸਨ ਅਤੇ ਮੰਗਲਵਾਰ ਦੇਰ ਸ਼ਾਮ ਨੂੰ ਉਨ੍ਹਾਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਆਖ਼ਰੀ ਸਾਹ ਲਏ। ਉਹ ਪਿਛਲੇ ਬੁੱਧਵਾਰ ਤੋਂ ਹਸਪਤਾਲ ਦੇ ਮੈਡੀਕਲ ਆਈਸੀਯੂ ਵਿੱਚ ਦਾਖ਼ਲ ਸਨ। ਉਹ ਦਿਲ ਦੇ ਰੋਗ ਤੋਂ ਪੀੜਤ

(ਦੇਖੋ ਸਫ਼ਾ 26-29 'ਤੇ)

## ਭਾਈ ਅੰਮ੍ਰਿਤਪਾਲ ਸਿੰਘ ਨੇ ਪਿੰਡ ਰੋਡੇ ਤੋਂ ਦਿੱਤੀ ਗ੍ਰਿਫ਼ਤਾਰੀ



20-21

## ਪੁਣਛ 'ਚ ਸ਼ਹੀਦ ਹੋਏ ਹੌਲਦਾਰ ਮਨਦੀਪ ਸਿੰਘ, ਗੁਰਸੇਵਕ ਸਿੰਘ, ਹਰਕ੍ਰਿਸ਼ਨ ਸਿੰਘ ਤੇ ਕੁਲਵੰਤ ਸਿੰਘ ਦਾ ਸਰਕਾਰੀ ਤੇ ਫ਼ੌਜੀ ਸਨਮਾਨ ਨਾਲ ਸਸਕਾਰ



22

## ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ 'ਚ ਬੇਅਦਬੀ ਦੀ ਘਟਨਾ, ਦੋਸ਼ੀ ਕਾਬੂ



17

## ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਦਿਹਾੜਾ ਸ਼ਰਧਾ ਸੇਵਾ ਤੇ ਪਿਆਰ ਨਾਲ ਮਨਾਇਆ

ਫਰੀਮਾਂਟ/ਕੈਲੀਫੋਰਨੀਆ, (ਸਾਡੇ ਲੋਕ) : ਗੁਰੂਆਂ, ਸ਼ਹੀਦਾਂ, ਸੂਰਬੀਰਾਂ ਦਾਨੀਆਂ ਦੀ ਧਰਤੀ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਦਿਹਾੜਾ ਸ਼ਰਧਾ ਸੇਵਾ ਤੇ ਪਿਆਰ ਨਾਲ ਮਨਾਇਆ ਗਿਆ ਜਿਸ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਭਰੀ ਹਾਜ਼ਰੀ। ਬੜਾ ਪਿੰਡ ਅਰਥਾਤ ਇੱਕ ਵੱਡਾ ਪਿੰਡ ਜੋ ਕਿ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਦਾ ਪਿੰਡ ਹੈ,

(ਦੇਖੋ ਸਫ਼ਾ 30-31 'ਤੇ)



## ਜਾਤਪਾਤ ਤੋਂ ਅਮਰੀਕਾ ਨੂੰ ਬਚਾਉਣ ਲਈ ਕੈਲੇਫੋਰਨੀਆ ਸੈਨੇਟ ਬਿੱਲ 403 ਵਲੋਂ ਜੁਡੀਸਰੀ ਕਮੇਟੀ ਵੱਲੋ 8-0 ਨਾਲ ਪਾਸ

### ਸਦੀਆਂ ਤੋਂ ਜਾਤਪਾਤ ਦੇ ਸਤਾਏ ਲੋਕ ਫੈਸਲੇ ਦਾ ਸਵਾਗਤ ਕਰਦੇ ਹੋਏ ਨੱਚਣ ਲੱਗ ਪਏ




ਵਾਸ਼ਿੰਗਟਨ : ਭਾਰਤੀ-ਅਮਰੀਕੀ ਕਾਰੋਬਾਰੀ ਅਤੇ ਮੰਦਰ ਸੰਗਠਨਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਕੈਲੀਫੋਰਨੀਆ ਦੀ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਰਾਜ ਵਿੱਚ ਜਾਤ ਅਧਾਰਤ ਭੇਦਭਾਵ 'ਤੇ ਪਾਬੰਦੀ ਲਾਉਣ ਲਈ ਸਰਬਸੰਮਤੀ ਨਾਲ ਬਿੱਲ ਪਾਸ ਕਰ ਦਿੱਤਾ ਹੈ। ਕੈਲੀਫੋਰਨੀਆ ਰਾਜ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਮਨਜ਼ੂਰੀ ਲਈ ਸੈਨੇਟ ਨੂੰ ਭੇਜਣ ਦੇ ਪ੍ਰਸਤਾਵ ਦੇ ਹੱਕ ਵਿੱਚ ਵੋਟ ਦਿੱਤੀ। ਇਹ ਪਹਿਲੀ ਵਾਰ ਹੈ ਜਦੋਂ ਅਮਰੀਕੀ ਰਾਜ ਵਿਧਾਨ ਸਭਾ ਜਾਤ ਨਾਲ ਸਬੰਧਤ ਕਾਨੂੰਨ 'ਤੇ ਵਿਚਾਰ ਕਰੇਗੀ। ਜੇ ਬਿੱਲ ਪਾਸ ਹੋ ਜਾਂਦਾ ਹੈ ਤਾਂ ਕੈਲੀਫੋਰਨੀਆ ਵਿੱਚ ਜਾਤ ਰਾਜ ਦੇ ਭੇਦਭਾਵ ਵਿਰੋਧੀ ਕਾਨੂੰਨ ਦੇ ਤਹਿਤ ਸੁਰੱਖਿਅਤ ਸ਼੍ਰੇਣੀ ਬਣ ਜਾਵੇਗੀ। ਇਸ ਨਾਲ ਅਮਰੀਕਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਰਾਜ ਕੈਲੀਫੋਰਨੀਆ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਰਾਜ ਬਣ ਜਾਵੇਗਾ। ਭਾਰਤੀ ਮੂਲ ਦੀ ਦਲਿਤ ਅਧਿਕਾਰ ਕਾਰਕੁਨ ਅਤੇ 'ਦਿ ਟਰਾਮਾ ਆਫ਼ ਕਾਸਟ' ਦੀ ਲੇਖਕ ਤੇਂਮੋਜ਼ੀ ਸੁੰਦਰਰਾਜਨ ਨੇ ਕਿਹਾ, 'ਅੱਜ ਮੈਂ ਮਾਣ

(ਦੇਖੋ ਸਫ਼ਾ 14 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise

Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com


ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919

Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਰਾਸ਼ਟਰਪਤੀ ਬਾਈਡੇਨ ਨੇ 2024 'ਚ ਚੋਟੀ ਦੇ ਅਹੁਦੇ ਲਈ ਦੁਬਾਰਾ ਦਾਅਵੇਦਾਰੀ ਦਾ ਕੀਤਾ ਐਲਾਨ

ਵਾਸ਼ਿੰਗਟਨ : ਰਾਸ਼ਟਰਪਤੀ ਜੋਅ ਬਾਈਡੇਨ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਰਾਉਣ ਦੇ ਤਿੰਨ ਸਾਲ ਤੋਂ ਵੀ ਘੱਟ ਸਮੇਂ ਬਾਅਦ ਇਕ ਵਾਰ ਫਿਰ ਮੰਗਲਵਾਰ ਨੂੰ 2024 ਵਿੱਚ ਚੋਟੀ ਦੇ ਅਹੁਦੇ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ। ਉਸਨੇ ਅਮਰੀਕੀਆਂ ਨੂੰ ਜਮਹੂਰੀਅਤ ਨੂੰ ਬਚਾਉਣ ਅਤੇ 'ਕੰਮ ਪੂਰਾ ਕਰਨ' ਲਈ ਉਸ ਨੂੰ ਦੁਬਾਰਾ ਚੁਣਨ ਲਈ ਅਪੀਲ ਕਰਦਿਆਂ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ। ਡੈਮੋਕਰੇਟ ਬਾਈਡੇਨ (80) ਨੇ ਇਹ ਐਲਾਨ ਤਿੰਨ ਮਿੰਟ ਦੇ ਪ੍ਰਚਾਰ ਵੀਡੀਓ ਵਿੱਚ ਕੀਤਾ। ਇਸ ਵੀਡੀਓ ਦੀ ਸ਼ੁਰੂਆਤ ਇੱਕ ਸ਼ਬਦ 'ਆਜ਼ਾਦੀ' ਨਾਲ ਸ਼ੁਰੂ ਹੁੰਦੀ ਹੈ।

ਰਾਸ਼ਟਰਪਤੀ ਬਾਈਡੇਨ ਕਈ ਦਹਾਕਿਆਂ ਤੋਂ ਰਾਜਨੀਤੀ ਵਿੱਚ ਸਰਗਰਮ ਹਨ। ਉਹ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ। ਬਾਈਡੇਨ ਨੇ ਦਲੀਲ ਦਿੱਤੀ ਕਿ ਗਰਭਪਾਤ ਦੇ ਅਧਿਕਾਰ, ਲੋਕਤੰਤਰ ਦੀ ਰੱਖਿਆ, ਵੋਟਿੰਗ ਅਧਿਕਾਰ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀ 2024 ਦੀਆਂ ਚੋਣਾਂ ਵਿੱਚ ਸਭ ਤੋਂ ਮਹੱਤਵਪੂਰਨ ਮੁੱਦਿਆਂ ਵਿੱਚੋਂ ਇੱਕ ਹੋਵੇਗੀ। ਉਸਨੇ ਕਿਹਾ ਕਿ ÷ਅਮਰੀਕੀ ਦੀ ਹਰ ਪੀੜ੍ਹੀ ਨੇ ਅਜਿਹੇ ਪਲ ਦਾ ਸਾਹਮਣਾ ਕੀਤਾ ਹੈ ਜਦੋਂ ਉਨ੍ਹਾਂ ਨੂੰ ਲੋਕਤੰਤਰ ਦੀ ਰੱਖਿਆ ਕਰਨੀ ਪੈਂਦੀ ਹੈ, ਸਾਡੀ ਵਿਅਕਤੀਗਤ ਆਜ਼ਾਦੀ ਲਈ ਖੜ੍ਹੇ ਹੁੰਦੇ ਹਨ ਅਤੇ ਸਾਡੇ ਵੋਟ ਦੇ ਅਧਿਕਾਰ ਅਤੇ ਸਾਡੇ ਨਾਗਰਿਕ ਅਧਿਕਾਰਾਂ ਲਈ ਖੜ੍ਹੇ ਹੁੰਦੇ ਹਨ। ਇਹ ਸਾਡੇ ਹਨ।÷ ਵੀਡੀਓ ਵਿੱਚ ਬਾਈਡੇਨ ਨੇ 2024 ਦੀਆਂ ਚੋਣਾਂ ਨੂੰ ਰਿਪਬਲਿਕਨ ਕੱਟੜਵਾਦ ਵਿਰੁੱਧ ਲੜਾਈ ਕਿਹਾ। ਬਾਈਡੇਨ ਕਿਹਾ ਕਿ



ਉਨ੍ਹਾਂ ਨੂੰ ਕੌਮ ਦੇ ਚਰਿੱਤਰ ਨੂੰ ਬਹਾਲ ਕਰਨ ਦੇ ਆਪਣੇ ਸੰਕਲਪ ਨੂੰ ਪੂਰੀ ਤਰ੍ਹਾਂ ਸਾਕਾਰ ਕਰਨ ਲਈ ਹੋਰ ਸਮਾਂ ਚਾਹੀਦਾ ਹੈ। ਉਸਨੇ ਵੀਡੀਓ ਵਿੱਚ ਕਿਹਾ ਕਿ, "ਜਦੋਂ ਮੈਂ ਚਾਰ ਸਾਲ ਪਹਿਲਾਂ ਰਾਸ਼ਟਰਪਤੀ ਲਈ ਚੋਣ ਲੜਿਆ ਸੀ, ਮੈਂ ਕਿਹਾ ਸੀ ਕਿ ਅਸੀਂ ਅਮਰੀਕਾ ਦੀ ਆਤਮਾ ਲਈ ਲੜ ਰਹੇ ਹਾਂ। ਅਤੇ ਅਸੀਂ ਅਜੇ ਵੀ ਲੜ ਰਹੇ ਹਾਂ।"

ਵੀਡੀਓ 6 ਜਨਵਰੀ, 2021 ਦੇ ਦੰਗਿਆਂ ਅਤੇ ਯੂਐਸ ਸੁਪਰੀਮ ਕੋਰਟ ਵਿੱਚ ਗਰਭਪਾਤ ਅਧਿਕਾਰ ਕਾਰਕੁਨਾਂ ਦੁਆਰਾ ਕੀਤੇ ਗਏ ਵਿਰੋਧ ਪ੍ਰਦਰਸ਼ਨਾਂ ਦੀਆਂ ਤਸਵੀਰਾਂ ਨਾਲ ਸ਼ੁਰੂ ਹੁੰਦਾ ਹੈ। ਉਸਨੇ ਕਿਹਾ ਕਿ, "ਸਾਡੇ ਸਾਹਮਣੇ ਇਹ ਸਵਾਲ ਹੈ ਕੀ ਆਉਣ ਵਾਲੇ ਸਾਲਾਂ ਵਿੱਚ ਸਾਡੇ ਕੋਲ ਵਧੇਰੇ ਆਜ਼ਾਦੀ ਹੈ ਜਾਂ ਘੱਟ ਆਜ਼ਾਦੀ। ਵੱਧ ਅਧਿਕਾਰ ਹਨ ਜਾਂ ਘੱਟ। ਬਾਈਡੇਨ ਨੇ ਕਿਹਾ ਕਿ 'ਮੈਂ ਜਾਣਦਾ ਹਾਂ ਕਿ ਮੈਂ ਕੀ ਜਵਾਬ ਚਾਹੁੰਦਾ ਹਾਂ ਅਤੇ ਮੈਨੂੰ ਲਗਦਾ ਹੈ ਕਿ ਤੁਸੀਂ ਵੀ ਜਾਣਦੇ ਹੋ।' ਇਹ ਸੰਤੁਸ਼ਟ ਹੋਣ ਦਾ ਸਮਾਂ ਨਹੀਂ ਹੈ। ਇਸ ਲਈ ਮੈਂ ਮੁੜ ਚੋਣ ਲੜ ਰਿਹਾ ਹਾਂ।

# ਅਮਰੀਕਾ 'ਚ ਚੀਨ ਦੇ 6 ਹੋਰ ਪੁਲਸ ਸਟੇਸ਼ਨਾਂ ਦਾ ਖੁਲਾਸਾ, 53 ਦੇਸ਼ਾਂ ਚ ਬਣਾ ਚੁੱਕਾ 102 ਚੌਕੀਆਂ

ਨਿਊਯਾਰਕ : ਦੁਨੀਆ ਦੇ ਕਈ ਦੇਸ਼ ਸਮੇਂ-ਸਮੇਂ 'ਤੇ ਚੀਨ 'ਤੇ ਜਾਸੂਸੀ ਦਾ ਦੋਸ਼ ਲਗਾਉਂਦੇ ਰਹੇ ਹਨ। ਅਮਰੀਕਾ ਨੇ ਇਕ ਵਾਰ ਫਿਰ ਚੀਨ ਦੀ ਜਾਸੂਸੀ ਦਾ ਪਰਦਾਫਾਸ਼ ਕੀਤਾ ਹੈ। ਅਮਰੀਕਾ ਦਾ ਦਾਅਵਾ ਹੈ ਕਿ ਉਸ ਨੇ ਆਪਣੇ ਦੇਸ਼ ਵਿੱਚ 6 ਹੋਰ ਚੀਨੀ ਟਿਕਾਣਿਆਂ ਦਾ ਪਤਾ ਲਗਾਇਆ ਹੈ। ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਅਮਰੀਕਾ ਨੇ ਆਪਣੇ ਦੇਸ਼ ਵਿੱਚ 6 ਹੋਰ ਚੀਨੀ 'ਪੁਲਸ ਸਟੇਸ਼ਨਾਂ' ਦਾ ਖੁਲਾਸਾ ਕੀਤਾ ਹੈ। ਇਸ ਦੇ ਨਾਲ ਹੀ ਦਾਅਵਾ ਕੀਤਾ ਗਿਆ ਸੀ ਕਿ ਇਸ ਤਰ੍ਹਾਂ ਦੀਆਂ ਹੋਰ ਵੀ ਕਈ ਗੈਰ-ਕਾਨੂੰਨੀ ਸੰਸਥਾਵਾਂ ਹਨ, ਜੋ ਅਮਰੀਕਾ 'ਚ ਫੈਲੀਆਂ ਹੋਈਆਂ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕੀ ਖੁਫੀਆ ਏਜੰਸੀ ਐੱਫਬੀਆਈ ਨੇ ਨਿਊਯਾਰਕ ਦੇ ਮੈਨਹਟਨ 'ਚ ਇਕ ਚੀਨੀ 'ਪੁਲਸ ਸਟੇਸ਼ਨ' ਦਾ ਖੁਲਾਸਾ ਕਰਦਿਆਂ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਜਾਂਚ ਏਜੰਸੀ ਨੇ ਦਾਅਵਾ ਕੀਤਾ ਕਿ ਇਹ ਸਭ ਕੁਝ ਚੀਨੀ ਅਧਿਕਾਰੀਆਂ ਦੇ ਸਹਿਯੋਗ ਨਾਲ ਹੋ ਰਿਹਾ ਹੈ। ਸੀਐੱਨਐੱਨ ਦੀ ਇਕ ਰਿਪੋਰਟ ਮੁਤਾਬਕ ਚੀਨ ਨੇ ਕਥਿਤ ਤੌਰ 'ਤੇ ਘੱਟੋ-ਘੱਟ 53 ਦੇਸ਼ਾਂ ਵਿੱਚ 102 ਪੁਲਸ ਸਟੇਸ਼ਨ ਬਣਾਏ ਹਨ।

ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਸ ਰਾਹੀਂ ਅਸੰਤੁਸ਼ਟਾਂ 'ਤੇ ਨਜ਼ਰ ਰੱਖੀ ਜਾਂਦੀ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਹ ਕਥਿਤ ਤੌਰ 'ਤੇ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦਾ ਹਿੱਸਾ ਹੈ। ਅਮਰੀਕੀ ਅਧਿਕਾਰੀਆਂ ਨੇ ਚੀਨ ਦੇ ਜਨਤਕ ਸੁਰੱਖਿਆ ਮੰਤਰਾਲੇ ਦੇ 34 ਅਧਿਕਾਰੀਆਂ 'ਤੇ ਅਮਰੀਕਾ 'ਚ ਰਹਿਣ



ਵਾਲੇ ਚੀਨੀ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਇਕ ਅਮਰੀਕੀ ਦੂਰਸੰਚਾਰ ਕੰਪਨੀ ਦੇ ਇਕ ਕਾਰਜਕਾਰੀ ਅਤੇ ਇਕ ਨਾਗਰਿਕ 'ਤੇ ਵੀ ਅਸਹਿਮਤਾਂ ਨੂੰ ਦਬਾਉਣ ਦਾ ਦੋਸ਼ ਲਗਾਇਆ ਗਿਆ ਹੈ। ਲਾਸ ਏਂਜਲਸ ਅਤੇ ਨਿਊਯਾਰਕ ਤੋਂ ਇਲਾਵਾ ਐੱਫਬੀਆਈ ਨੇ ਸਾਨ ਫਰਾਂਸਿਸਕੋ ਅਤੇ ਹਿਊਸਟਨ ਦੇ ਨਾਲ-ਨਾਲ ਨੇਬਰਾਸਕਾ ਅਤੇ ਮਿਨੇਸੋਟਾ ਦੇ ਸ਼ਹਿਰਾਂ ਵਿੱਚ ਅਖੌਤੀ ਵਿਦੇਸ਼ੀ ਸਰਵਿਸ ਸਟੇਸ਼ਨ ਲੱਭੇ ਹਨ।

ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਚੀਨੀ ਕਮਿਊਨਿਸਟ ਪਾਰਟੀ ਦੀ ਨਿਗਰਾਨੀ ਹੇਠ ਇਕ ਸੰਗਠਨ ਨੂੰ ਦੁਨੀਆ ਭਰ ਵਿੱਚ ਚੀਨੀ ਨਾਗਰਿਕਾਂ ਦੀ ਜਾਸੂਸੀ ਕਰਨ ਦਾ ਕੰਮ ਸੌਂਪਿਆ ਗਿਆ ਹੈ। ਹਾਲਾਂਕਿ ਚੀਨ ਨੇ ਇਨ੍ਹਾਂ ਸਟੇਸ਼ਨਾਂ ਨੂੰ ਚਲਾਉਣ ਤੋਂ ਇਨਕਾਰ ਕੀਤਾ ਹੈ। ਮੈਡ੍ਰਿਡ ਸਥਿਤ ਮਨੁੱਖੀ ਅਧਿਕਾਰ ਸਮੂਹ ਨੇ ਪਿਛਲੇ ਸਾਲ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ, ਜਿਸ ਵਿੱਚ ਦੁਨੀਆ ਭਰ ਦੇ 100 ਗੁਪਤ ਚੀਨੀ ਪੁਲਸ ਸਟੇਸ਼ਨਾਂ ਦਾ ਵੇਰਵਾ ਦਿੱਤਾ ਗਿਆ ਸੀ। ਐੱਫਬੀਆਈ ਨੇ ਦਾਅਵਾ ਕੀਤਾ ਕਿ ਅਜਿਹੀ ਗ੍ਰਿਫ਼ਤਾਰੀ ਦੁਨੀਆ ਵਿੱਚ ਪਹਿਲੀ ਵਾਰ ਹੋਈ ਹੈ। ਏਜੰਸੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ 61 ਸਾਲਾ ਲਿਊ ਜਿਆਨਵਾਂਗ ਅਤੇ 59 ਸਾਲਾ ਚੇਨ ਜਿਨਪਿੰਗ, ਜਿਨ੍ਹਾਂ ਨੇ 2022 ਦੇ ਸ਼ੁਰੂ 'ਚ ਮੈਨਹਟਨ ਦੇ ਚਾਈਨਾ ਟਾਊਨ 'ਚ ਗੁਪਤ ਪੁਲਸ ਚੌਕੀ ਖੋਲ੍ਹੀ ਸੀ, ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਦੋਸ਼ੀ ਲੂ ਜਿਆਨਵਾਂਗ ਅਤੇ ਚੇਨ ਜਿਨਪਿੰਗ ਮੂਲ ਰੂਪ ਤੋਂ ਅਮਰੀਕੀ ਨਾਗਰਿਕ ਹਨ।

# ਅਮਰੀਕਾ : ਭਾਰਤੀ ਮੂਲ ਦੀ ਨੀਲੀ ਬੇਂਦਾਪੁਡੀ ਨੂੰ ਦਿੱਤਾ ਜਾਵੇਗਾ ਇਮੀਗ੍ਰੈਂਟ ਅਚੀਵਮੈਂਟ ਐਵਾਰਡ

ਵਾਸ਼ਿੰਗਟਨ : ਪੇਨ ਸਟੇਟ ਯੂਨੀਵਰਸਿਟੀ ਦੀ ਭਾਰਤੀ-ਅਮਰੀਕੀ ਪ੍ਰਧਾਨ ਨੀਲੀ ਬੇਂਦਾਪੁਡੀ ਨੂੰ ਅਮਰੀਕਾ ਵਿੱਚ ਉੱਚ ਸਿੱਖਿਆ ਵਿੱਚ ਉਹਨਾਂ ਦੇ ਯੋਗਦਾਨ ਲਈ ਇਸ ਸਾਲ ਦਾ ਵੱਕਾਰੀ 'ਇਮੀਗ੍ਰੈਂਟ ਅਚੀਵਮੈਂਟ ਐਵਾਰਡ' ਦਿੱਤਾ ਜਾਵੇਗਾ। ਇਹ ਪੁਰਸਕਾਰ ਹਰ ਸਾਲ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਉਨ੍ਹਾਂ ਦੀ ਅਮਰੀਕੀ ਵਿਰਾਸਤ ਪ੍ਰਤੀ ਵਚਨਬੱਧਤਾ ਅਤੇ ਸਮਰਪਣ ਲਈ ਦਿੱਤਾ ਜਾਂਦਾ ਹੈ। ਇੱਕ ਬਿਆਨ ਅਨੁਸਾਰ ਬੇਂਦਾਪੁਡੀ (59) ਨੂੰ 28 ਅਪ੍ਰੈਲ ਨੂੰ ਡੀਸੀ ਇਮੀਗ੍ਰੈਂਟ ਅਚੀਵਮੈਂਟ ਅਵਾਰਡ ਸਮਾਰੋਹ ਵਿੱਚ ਪੁਰਸਕਾਰ ਦਿੱਤਾ ਜਾਵੇਗਾ। ਅਮਰੀਕਨ ਮਾਈਗ੍ਰੇਸ਼ਨ ਕੌਂਸਲ ਦੇ ਕਾਰਜਕਾਰੀ ਨਿਰਦੇਸ਼ਕ ਜੇਰੇਮੀ ਰੌਬਿਨਸ ਨੇ ਕਿਹਾ ਕਿ 'ਲਗਭਗ 30 ਸਾਲਾਂ ਤੋਂ ਪੈੱਨ ਸਟੇਟ ਯੂਨੀਵਰਸਿਟੀ ਦੇ ਪ੍ਰਧਾਨ ਡਾ. ਬੇਂਦਾਪੁਡੀ



ਵਿਦਿਆਰਥੀਆਂ ਦੀ ਸਫਲਤਾ, ਉੱਚ ਸਿੱਖਿਆ ਵਿੱਚ ਸੰਮਿਲਿਤ ਉੱਤਮਤਾ ਅਤੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਲਈ ਮੌਕੇ ਪੈਦਾ ਕਰਨ ਲਈ ਕੰਮ ਕਰ ਰਹੇ ਹਨ'। ਭਾਰਤ ਵਿੱਚ ਜੰਮੀ ਬੇਂਦਾਪੁਡੀ ਕੰਸਾਸ ਯੂਨੀਵਰਸਿਟੀ ਵਿੱਚ ਡਾਕਟਰੇਟ ਕਰਨ ਲਈ ਅਮਰੀਕਾ ਆਈ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਅਮਰੀਕਾ ਵਿੱਚ ਹੀ ਵਿੱਦਿਅਕ ਅਤੇ ਅਧਿਆਪਨ ਵਿੱਚ ਆਪਣਾ ਕਰੀਅਰ ਬਣਾਇਆ। ਉਹ ਪੇਨ ਸਟੇਟ ਯੂਨੀਵਰਸਿਟੀ ਦੀ ਪ੍ਰਧਾਨ ਵਜੋਂ ਸੇਵਾ ਕਰਨ ਵਾਲੀ ਪਹਿਲੀ ਗੈਰ ਗੋਰੀ ਔਰਤ ਅਤੇ ਵਿਅਕਤੀ ਹੈ। ਬੇਂਦਾਪੁਡੀ ਨੇ ਕਿਹਾ ਕਿ ਉਹ ਇਸ ਸਾਲ 'ਇਮੀਗ੍ਰੈਂਟ ਅਚੀਵਮੈਂਟ ਐਵਾਰਡ' ਪ੍ਰਾਪਤ ਕਰਨ ਬਾਰੇ ਸੁਣ ਕੇ ਸਨਮਾਨਿਤ ਮਹਿਸੂਸ ਕਰ ਰਹੀ ਹੈ।

# ਅਮਰੀਕਾ ਇਸ ਸਾਲ 10 ਲੱਖ ਤੋਂ ਵਧੇਰੇ ਭਾਰਤੀਆਂ ਨੂੰ ਜਾਰੀ ਕਰੇਗਾ ਵੀਜ਼ੇ

ਵਾਸ਼ਿੰਗਟਨ : ਅਮਰੀਕਾ ਇਸ ਸਾਲ ਭਾਰਤੀਆਂ ਨੂੰ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰਨ ਦੀ ਦਿਸ਼ਾ ਵੱਲ ਵਧ ਰਿਹਾ ਹੈ। ਬਾਈਡੇਨ ਪ੍ਰਸ਼ਾਸਨ ਵਿਚ ਦੱਖਣੀ ਏਸ਼ੀਆ ਲਈ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਸ ਨੇ ਭਰੋਸਾ ਦਿਵਾਇਆ ਕਿ ਬਾਈਡੇਨ ਪ੍ਰਸ਼ਾਸਨ ਉਹਨਾਂ ਸਾਰੇ ਭਾਰਤੀਆਂ ਲਈ ਵਿਦਿਆਰਥੀ ਵੀਜ਼ਾ ਦੀ ਪ੍ਰਕਿਰਿਆ ਨੂੰ ਇਸ ਗਰਮੀ ਵਿੱਚ ਪੂਰਾ ਕਰੇਗਾ, ਜਿਨ੍ਹਾਂ ਦੇ ਸਕੂਲ ਸਤੰਬਰ ਵਿੱਚ ਸ਼ੁਰੂ ਹੋਣ ਵਾਲੇ ਹਨ। ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਦੇ ਅਸਿਸਟੈਂਟ ਸੈਕਟਰੀ ਆਫ ਸਟੇਟ ਡੋਨਾਲਡ ਲੂ ਨੇ ਇਸ ਹਫਤੇ ਦੱਸਿਆ ਕਿ ਉਹ ਵਰਕ ਵੀਜ਼ਾ ਨੂੰ ਵੀ ਪਹਿਲ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤ ਵਿੱਚ IT ਪੇਸ਼ੇਵਰਾਂ ਵਿੱਚ H-1B ਅਤੇ L ਵੀਜ਼ਾ ਦੀ ਬਹੁਤ ਮੰਗ ਹੈ। H-1B ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਖਾਸ ਵਿਸ਼ੇਸ਼ਤਾਵਾਂ ਵਿੱਚ ਵਿਦੇਸ਼ੀ ਕਰਮਚਾਰੀਆਂ ਦੀ ਭਰਤੀ ਕਰਨ ਦੀ ਇਜਾਜ਼ਤ ਦਿੰਦਾ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਦੀ ਭਰਤੀ ਕਰਨ ਲਈ ਇਸ 'ਤੇ




ਨਿਰਭਰ ਕਰਦੀਆਂ ਹਨ। ਲੂ ਨੇ ਕਿਹਾ, "ਅਸੀਂ ਇਸ ਸਾਲ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰਨ ਦੇ ਰਾਹ ਵੱਲ ਵਧ ਰਹੇ ਹਾਂ। ਵਿਦਿਆਰਥੀ ਵੀਜ਼ਾ ਅਤੇ ਪ੍ਰਵਾਸੀ ਵੀਜ਼ਿਆਂ ਦੀ ਰਿਕਾਰਡ ਸੰਖਿਆ ਦੇ ਨਾਲ ਇਹ ਸਾਡੇ ਲਈ ਹੁਣ ਤੱਕ ਦਾ ਸਭ ਤੋਂ ਵੱਧ ਹੈ।" ਉਨ੍ਹਾਂ ਕਿਹਾ ਕਿ ਅਜਿਹੇ ਭਾਰਤੀਆਂ ਲਈ ਵਿਦਿਆਰਥੀ ਵੀਜ਼ਾ ਦੀ ਪ੍ਰਕਿਰਿਆ ਨੂੰ ਇਸ ਗਰਮੀਆਂ ਵਿੱਚ ਪੂਰਾ ਕਰ ਦਿੱਤਾ ਜਾਵੇਗਾ, ਜਿਨ੍ਹਾਂ ਦੇ ਸਕੂਲ ਸਤੰਬਰ ਵਿੱਚ ਸ਼ੁਰੂ ਹੋਣ ਵਾਲੇ ਹਨ। ਭਾਰਤ ਵਿੱਚ ਪਹਿਲੀ ਵਾਰ ਵੀਜ਼ਾ ਬਿਨੈਕਾਰਾਂ ਲਈ ਉਡੀਕ ਦੀ ਮਿਆਦ ਵੱਧ ਰਹੀ ਹੈ। ਅਮਰੀਕਾ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਮਾਮਲੇ ਵਿੱਚ ਭਾਰਤ ਹੁਣ ਦੁਨੀਆ ਵਿੱਚ ਦੂਜੇ ਨੰਬਰ 'ਤੇ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਕ੍ਰਦ੍ਰਜ਼ ਦੇ ਵਿਸਾਖੀ ਮੇਲੇ 'ਤੇ ਸੱਭਿਆਚਾਰਕ ਪ੍ਰੋਗਰਾਮ ਅਤੇ ਕਬੱਡੀ ਦੇ ਹੋਏ ਮੈਚ





ਫਰਿਜ਼ਨੋ, ਕੈਲੇਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ): ਫਰਿਜਨੋ ਦੇ ਲਾਗਲੇ ਸ਼ਹਿਰ ਕ੍ਰਦ੍ਰਜ਼ ਦੇ ਗੁਰਦਵਾਰਾ ਪੈਸੇਫਿੱਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਉੱਘੇ ਕਿਰਸਾਨ ਸੌਗੀ ਕਿੰਗ, ਸ. ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ 30ਵਾਂ ਸਲਾਨਾ ਵਿਸਾਖੀ ਮੇਲਾ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ। ਮੇਲੇ ਵਿੱਚ ਲਾਲ, ਨੀਲੀਆਂ, ਕੇਸਰੀ ਦਸਤਾਰਾਂ ਅਤੇ ਦੁਪੱਟੇ ਖਾਲਸਾਈ ਜਾਹੋ ਜਲਾਲ ਵਿੱਚ ਰੰਗੇ ਕਿੱਸੇ ਪੰਜਾਬ ਦੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੇ ਸਨ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ, ਜਿੱਥੇ ਬਹੁਤ ਸਾਰੇ ਕੀਰਤਨੀਏ ਜਥੇ ਸੰਗਤਾਂ ਨੂੰ ਅਨੰਦਮਈ ਕੀਰਤਨ ਸਰਵਨ ਕਰਵਾ ਰਹੇ ਸਨ। ਇਸ ਮੌਕੇ ਕਥਾਵਾਚਕਾਂ ਨੇ ਸ਼ਬਦ ਗੁਰੂ ਨਾਲ ਸੰਗਤਾਂ ਨੂੰ ਜੋੜਿਆ। ਸੁਆਦਿਸ਼ਟ ਛੱਤੀ ਪ੍ਰਕਾਰ ਦੇ ਭੋਜਨ ਦਾ ਸੰਗਤਾਂ ਲੰਗਰਾਂ ਵਿੱਚ ਅਨੰਦ ਮਾਣ ਰਹੀਆਂ ਸਨ।

ਗੁਰਦਵਾਰਾ ਸਹਿਬ ਦੀਆਂ ਗਰਾਉਂਡਾ ਵਿੱਚ ਝੂਲੇ ਆਦਿ ਬੱਚਿਆਂ ਲਈ ਖਾਸ ਅਕਰਸ਼ਕ ਰਹੇ। ਬੱਚਿਆਂ ਦੀਆਂ ਦੌੜਾਂ ਕਰਵਾਈਆਂ ਗਈਆ। ਬਾਸਕਟਵਾਲ ਦੇ ਮੈਚ ਹੋਏ। ਰੱਸਾਕਸ਼ੀ ਦੇ ਜੌਹਰ ਵੇਖਣ ਨੂੰ ਮਿਲੇ। ਇਸ ਮੌਕੇ ਸੱਭਿਆਚਾਰ ਸਟੇਜ ਦਾ ਅਗਾਜ਼ ਰਾਜ ਬਰਾੜ ਨੇ ਵਿਸਾਖੀ ਨੂੰ ਸਮਰਪਿਤ ਗੀਤ ਨਾਲ ਕੀਤਾ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਨੇ ਖ਼ਾਲਸੇ ਦੇ ਸਾਜਨਾਂ ਦਿਵਸ ਨੂੰ ਸਮਰਪਿਤ ਭਾਸ਼ਨ ਕੀਤੇ। ਜੀ. ਐਚ. ਜੀ, ਭੰਗੜਾ ਕੁਈਨਜ਼, ਸ਼ਾਨੇ ਭੰਗੜਾ, ਸੈਂਟਰਲਵੈਲੀ ਭੰਗੜਾ, ਸਿਰ ਦਾ ਤਾਜ਼ ਨੇ ਧੀਆਂ, ਸਹੇਲੀਆਂ ਆਦਿ ਦੀਆਂ ਗਿੱਧੇ ਭੰਗੜੇ ਦੀਆਂ ਟੀਮਾਂ ਨੇ ਖੂਬ ਰੰਗ ਬੰਨਿਆ। ਇਸ ਮੌਕੇ ਨਿਹਚਲ ਅਟਵਾਲ ਦੀ ਸੋਲੋ ਪ੍ਰਫੌਰਮੈਂਸ ਬੇਹੱਦ ਪਸੰਦ ਕੀਤਾ ਗਿਆ।

ਇਸ ਸਮਾਗਮ ਦੌਰਾਨ ਸ. ਚਰਨਜੀਤ ਸਿੰਘ ਬਾਠ ਨੇ ਸ਼ੈਰਿਫ ਡੀਪਾਰਟਮੈਂਟ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਗੁਰਦਵਾਰਾ ਨਾਨਕ ਪ੍ਰਕਾਸ਼ ਫਰਿਜਨੋ ਦੇ ਗੱਤਕਾ ਟੀਮ ਦੇ ਮੈਂਬਰਾਂ ਨੇ ਦਿਲਕਸ਼ ਗੌਤਕੇ ਦੇ ਜੌਹਰ ਵਿਖਾਕੇ ਮਹੌਲ ਨੂੰ ਖਾਲਸਾਈ ਰੰਗ ਵਿੱਚ ਰੰਗਿਆ। ਸਟੇਜ ਸੰਚਾਲਨ ਸ. ਬਲਵੀਰ ਸਿੰਘ ਢਿੱਲੋ ਅਤੇ ਡਾ. ਮਨਰੀਤ ਕੌਰ ਨੇ ਬਾਖੂਬੀ ਕੀਤਾ। ਮੇਲੇ ਵਿੱਚ ਲੱਗੇ ਹੋਏ ਸਟਾਲਾਂ ਤੋਂ ਲੋਕ ਵੱਖੋ ਵੱਖ ਜਾਣਕਾਰੀ ਲੈ ਰਹੇ ਸਨ। ਫਾਰਮਰ ਅਜੀਤ ਸਿੰਘ ਗਿੱਲ ਅਤੇ ਸਹਿਯੋਗੀਆਂ ਵੱਲੋਂ ਮੁਫਤ ਦਸਤਾਰਾਂ ਸਜਾਈਆਂ ਜਾ ਰਹੀਆ ਸਨ। ਇਸ ਮੌਕੇ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਦੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਨੀਟਾ ਮਾਛੀਕੇ ਨੂੰ ਸਨਮਾਨਿਤ ਕੀਤਾ ਗਿਆ। ਉਪਰੰਤ ਲੋਕਲ ਕਬੱਡੀ ਦੇ ਮੈਚ ਹੋਏ, ਜਿਹੜੇ ਦਰਸ਼ਕਾਂ ਨੇ ਬੜੇ ਉਤਸ਼ਾਹ ਨਾਲ ਵੇਖੇ।

ਪੰਜਾਬੀ ਭਾਈਚਾਰੇ ਦਾ ਮਾਣ ਕਬੱਡੀ ਕੁਮੈਂਟੇਟਰ ਰਾਜਵਿੰਦਰ ਰੰਡਿਆਲਾ ਨੇ ਲੰਮੇ ਸਮੇਂ ਬਾਅਦ ਕਬੱਡੀ ਗਰਾਉਂਡ ਵਿੱਚ ਹਾਜ਼ਰੀ ਭਰੀ, ਉਹਨਾਂ ਆਪਣੇ ਨਵੇਂ ਸ਼ੇਅਰਾਂ ਨਾਲ ਖੂਬ ਰੰਗ ਬੰਨਿਆ। ਕਬੱਡੀ ਮੈਚਾਂ ਦੀ ਕਮੈਂਟਰੀ ਸੁਚੱਜੇ ਢੰਗ ਨਾਲ ਕੁਮੈਂਟੇਟਰ ਸਵਰਨ ਸਿੰਘ ਨੇ ਕੀਤੀ। ਅਖੀਰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ ਖਾਲਸਾਈ ਜਾਹੋ ਜਲਾਲ ਵਿੱਚ ਗੜੁੱਚ ਇਹ ਵਿਸਾਖੀ ਮੇਲਾ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਚਰਨਜੀਤ ਸਿੰਘ ਬਾਠ ਅਤੇ ਸਹਿਯੋਗੀ ਸੱਜਣਾਂ ਨੇ ਸਮੂਹ ਸਿੱਖ ਜਗਤ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਅਤੇ ਸਮੂੰਹ ਸੰਗਤ ਦਾ ਮੇਲੇ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ।

ਇਸ ਮੌਕੇ ਮੇਲੇ ਦੇ ਚੰਗੇ ਪ੍ਰਬੰਧਾਂ ਲਈ ਹਰ ਕੋਈ ਪ੍ਰਬੰਧਕ ਵੀਰਾਂ ਦੀ ਪ੍ਰਸੰਸਾ ਕਰਦਾ ਨਜ਼ਰ ਆਇਆ। ਜਿੰਨਾਂ ਸੱਜਣਾਂ ਦੇ ਸਹਿਯੋਗ ਨਾਲ ਮੇਲਾ ਕਾਮਯਾਬ ਹੋਇਆ, ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਚਰਨਜੀਤ ਸਿੰਘ ਬਾਠ, ਸਰਵਨ ਸਿੰਘ ਪੁਰੇਵਾਲ, ਸ਼ਰਨਜੀਤ ਸਿੰਘ ਪੁਰੇਵਾਲ, ਸੋਹਿੰਦਰ ਸਿੰਘ ਅਟਵਾਲ, ਕੁਲਵੰਤ ਸਿੰਘ ਗਿੱਲ, ਬਹਾਦਰ ਸਿੰਘ ਮਾਹਲ, ਜੋਗਿੰਦਰ ਸਿੰਘ ਧਾਲੀਵਾਲ, ਜਗਜੀਤ ਸਿੰਘ ਸੰਘੇੜਾ, ਗੁਰਦੇਵ ਸਿੰਘ ਸ਼ੇਰਗਿੱਲ, ਨਿਰਮਲ ਸਿੰਘ ਗਿੱਲ, ਜੋਹਣਾ ਸੰਧੂ, ਮੋਨਾ ਸੰਧੂ, ਬਲਜੀਤ ਸਿੰਘ ਅਟਵਾਲ, ਬਲਵੀਰ ਕੌਰ ਅਟਵਾਲ, ਹੈਰੀ ਬਰਾੜ, ਟੀਨਾ ਬਰਾੜ, ਜਸਵੀਰ ਸਿੰਘ ਗੋਸਲ, ਦੀਪਇੰਦਰ ਕੌਰ ਗੋਸਲ, ਬਲਜਿੰਦਰ ਸਿੰਘ ਗਰੇਵਾਲ, ਪਵਣ ਕੌਰ ਗਰੇਵਾਲ, ਜੁਗਿੰਦਰ ਸਿੰਘ ਥਿੰਦ (ਬਿੱਲੂ), ਨਵਕਿਰਨ ਕੌਰ ਥਿੰਦ, ਮੰਗਲ ਸਿੰਘ ਜੌਹਲ, ਕੁਲਵੰਤ ਸਿੰਘ ਧਾਮੀ, ਜਰਨੈਲ ਸਿੰਘ ਉੱਪਲ (ਜੈਰੀ), ਰਾਣਾ ਬਲੱਗਣ, ਕੰਵਰ ਸਿੰਘ ਬਾਠ, ਕਰਨੈਲ ਸਿੰਘ ਸੰਧਰ, ਹਰਪਾਲ ਸਿੰਘ ਮੁੰਡੀ, ਕਰਨਵੀਰ ਸਿੰਘ, ਜਸਵੰਤ ਸਿੰਘ ਸਿੱਧੂ, ਡਾ. ਨਵਜੋਤ ਸਿੰਘ ਸਹੋਤਾ, ਜੋਤੀ ਸਹੋਤਾ, ਅਤੇ ਬਲਬੀਰ ਸਿੰਘ ਢਿੱਲੋ ਆਦਿ।

ਇੱਥੇ ਇਹ ਵੀ ਗੱਲ ਜਿਕਰਯੋਗ ਹੈ ਕਿ ਇਹ ਬੱਚਿਆਂ ਦਾ ਵਿਸਾਖੀ ਮੇਲਾ ਹਰ ਸਾਲ ਅਪ੍ਰੈਲ ਮਹੀਨੇ ਦੇ ਤੀਜੇ ਐਤਵਾਰ, ਸੈਲਮਾਂ ਸ਼ਹਿਰ ਦੇ ਨਗਰ ਕੀਰਤਨ ਤੋਂ ਮਗਰੋਂ ਇੱਕ ਹਫ਼ਤੇ ਬਾਅਦ ਜੋ ਐਤਵਾਰ ਆਉਂਦਾ ਹੈ, ਉਸ ਦਿਨ ਮਨਾਇਆ ਜਾਂਦਾ ਹੈ।

## ਅਮਰੀਕਾ ਦੇ ਟੈਕਸਾਸ ਰਾਜ ਵਿਚ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 9 ਛੋਕਰੇ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਵਿਚ ਪ੍ਰੋਮ ਪਾਰਟੀ ਦੌਰਾਨ ਹੋਈ ਗੋਲੀਬਾਰੀ ਕਾਰਨ 9 ਮੁੰਡੇ ਤੇ ਕੁੜੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਜਸਪਰ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਅੱਧੀ ਰਾਤ ਤੋਂ ਬਾਅਦ ਜਸਪਰ ਦੇ ਉੱਤਰ ਵਿਚ ਇਕ ਘਰ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ ਉਪਰੰਤ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਉਨਾਂ ਨੂੰ ਮੌਕੇ 'ਤੇ 9 ਨਬਾਲਗ ਮਿਲੇ ਜੋ ਜ਼ਖਮੀ ਸਨ ਹਾਲਾਂ ਕਿ ਜ਼ਖਮ ਜਾਨਲੇਵਾ ਨਹੀਂ ਹਨ। ਇਨਾਂ ਸਾਰਿਆਂ ਦੀ ਉਮਰ 15 ਤੋਂ 19 ਸਾਲ ਦੇ ਦਰਮਿਆਨ ਹੈ। ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸ਼ੈਰਿਫ ਦਫਤਰ ਅਨੁਸਾਰ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਸਬੰਧਤ ਲੋਕਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver With 2 Year Experience




(209) 405-1544
127 Darcy Parkway,Lathrop,CA 95330

# BASRA
## Heating & Air Conditioning

CA LIC #985971

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

# ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਅਮਰੀਕਾ ਵਿਚ ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

## 2021 ਵਿਚ ਉੱਚ ਪੜਾਈ ਲਈ ਗਿਆ ਸੀ ਅਮਰੀਕਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਉਹੀਓ ਰਾਜ ਦੀ ਰਾਜਧਾਨੀ ਕੋਲੰਬਸ ਵਿਚ ਭਾਰਤੀ ਮੂਲ ਦੇ ਵਿਦਿਆਰਥੀ 25 ਸਾਲਾ ਵੀਰਾ ਸਾਈਸ਼ ਦੀ ਅਣਪਛਾਤੇ ਵਿਅਕਤੀ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਸਾਈਸ਼ ਨੂੰ 2 ਹਫਤਿਆਂ ਬਾਅਦ ਗਰੈਜੂਏਟ ਦੀ ਡਿਗਰੀ ਮਿਲਣੀ ਸੀ। ਉਸ ਨੂੰ ਬੀਤੇ ਦਿਨ ਰਾਤ 12.50 ਵਜੇ ਸ਼ੈਲ ਫਿਊਲ ਸਟੇਸ਼ਨ ਉਪਰ ਗੋਲੀ ਮਾਰੀ ਗਈ ਜਿਥੇ ਉਹ ਕਲਰਕ ਵਜੋਂ ਕੰਮ ਕਰਦਾ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਕੋਲੰਬਸ ਪੁਲਿਸ ਨੇ ਸ਼ੱਕੀ ਹਮਲਾਵਰ ਦੀ ਤਸਵੀਰ ਜਾਰੀ ਕੀਤੀ ਹੈ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਹਮਲਾਵਰ ਬਾਰੇ ਕੋਈ ਵੀ ਸੂਚਨਾ ਦੇਣ ਲਈ ਉਸ ਨਾਲ ਸੰਪਰਕ ਕਰਨ। ਹਾਲਾਂ ਕਿ ਹੱਤਿਆ ਪਿੱਛੇ ਕਾਰਨ ਸਪੱਸ਼ਟ ਨਹੀਂ ਹੈ ਪਰੰਤੂ ਪੁਲਿਸ ਨੂੰ ਸ਼ੱਕ ਹੈ ਕਿ ਲੁੱਟ ਦੇ ਇਰਾਦੇ ਨਾਲ ਹੱਤਿਆ ਹੋਈ ਹੈ। ਸਾਈਸ਼ ਨਵੰਬਰ 2021 ਵਿਚ ਉੱਚ ਪੜਾਈ ਲਈ ਅਮਰੀਕਾ ਆਇਆ ਸੀ ਤੇ ਉਹ ਪੜਾਈ ਦੇ ਨਾਲ ਨਾਲ ਨੌਕਰੀ ਵੀ ਕਰਦਾ ਸੀ। ਉਸ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਐਲੂਰੂ,ਆਂਧਰਾ ਪ੍ਰਦੇਸ਼ ਵਿਚ ਰਹਿੰਦੀ ਉਸ ਦੀ ਮਾਂ ਤੇ ਵੱਡਾ ਭਰਾ ਗਹਿਰੇ ਸਦਮੇ ਵਿਚ ਹਨ। ਉਨਾਂ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਸਾਈਸ਼ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿੱਚ ਸਹਾਇਤਾ ਕਰੇ।

# ਅਮਰੀਕਾ ਦੇ ਓਕਲਾਹੋਮਾ ਰਾਜ 'ਚ ਆਪਣੇ ਮਾਲਕ ਦੀ ਹੱਤਿਆ ਕਰਨ ਵਾਲੇ ਰਿਚਰਡ ਗਲੋਸਿਪ ਨੂੰ 18 ਮਈ ਨੂੰ ਲਾਇਆ ਜਾਵੇਗਾ ਜ਼ਹਿਰ ਦਾ ਟੀਕਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਓਕਲਾਹੋਮਾ ਦੀ ਇਕ ਅਮਰੀਕੀ ਅਦਾਲਤ ਨੇ ਆਪਣੇ ਬੌਸ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 60 ਸਾਲਾ ਰਿਚਰਡ ਗਲੋਸਿਪ ਨਾਮੀ ਵਿਅਕਤੀ ਵੱਲੋਂ ਸਜ਼ਾ ਵਿਰੁੱਧ ਕੀਤੀ ਗਈ ਅਪੀਲ ਰੱਦ ਕਰ ਦਿੱਤੀ ਹੈ। ਓਕਲਾਹੋਮਾ ਕੋਰਟ ਆਫ ਕ੍ਰਿਮੀਨਲ ਅਪੀਲ ਦਾ ਇਹ ਨਿਰਨਾ ਦੋ ਹਫਤੇ ਪਹਿਲਾਂ ਵਿਸ਼ੇਸ਼ ਕੌਂਸਲ ਦੀ ਆਈ ਰਿਪੋਰਟ ਤੋਂ ਬਾਅਦ ਦਿੱਤਾ ਗਿਆ ਹੈ ਜਿਸ ਰਿਪੋਰਟ ਵਿਚ ਗਲੋਸਿਪ ਦੀ ਮੌਤ ਦੀ ਸਜ਼ਾ ਖਤਮ ਕਰਨ ਤੇ ਨਵੇਂ ਸਿਰੇ ਤੋਂ ਸੁਣਵਾਈ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਜਿਊਰੀ ਦੇ 5 ਜੱਜਾਂ ਨੇ ਸਰਬਸੰਮਤੀ ਨਾਲ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਗਲੋਸਿਪ ਨੂੰ ਬਚਾਅ ਕਰਨ ਦਾ ਹਰ ਮੌਕਾ ਦਿੱਤਾ ਗਿਆ ਹੈ ਤੇ ਸਾਨੂੰ ਉਸ ਨੂੰ ਰਾਹਤ ਦੇਣ ਦਾ ਕੋਈ ਵੀ ਕਾਨੂੰਨੀ ਜਾਂ ਵਾਸਤਵਿਕ ਆਧਾਰ ਨਹੀਂ ਲੱਭਾ। ਸਾਬਕਾ ਮੋਟਲ ਮੈਨੇਜਰ ਗਲੋਸਿਪ ਪਿਛਲੇ 26 ਸਾਲ ਤੋਂ ਜੇਲ ਵਿਚ ਬੰਦ ਹੈ। ਅਦਾਲਤ ਨੇ 1998 ਵਿਚ ਉਸ ਨੂੰ ਆਪਣੇ ਮਾਲਕ ਬੈਰੀ ਵੈਨ ਟੀਸ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਉਹ 1997 ਤੋਂ ਜੇਲ ਵਿਚ ਬੰਦ ਹੈ ਤੇ ਕਾਨੂੰਨੀ ਚਾਰਜੋਈ ਕਾਰਨ ਹੁਣ ਤੱਕ ਮੌਤ ਦੀ ਸਜ਼ਾ ਤੋਂ ਬਚਦਾ ਆ ਰਿਹਾ ਹੈ। ਉਸ ਨੂੰ 18 ਮਈ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।

# ਅਕਾਲੀ ਦਲ ਅਮਰੀਕਾ ਦੇ ਵੱਖ ਵੱਖ ਅਕਾਲੀ ਆਗੂਆਂ ਵੱਲੋਂ ਸ. ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣਾ ਉੱਤੇ ਗਹਿਰਾ ਦੁੱਖ ਦਾ ਪ੍ਰਗਟਾਵਾ

ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) ਅਮਰੀਕਾ ਵਿਚਲੇ ਅਕਾਲੀ ਦਲ ਬਾਦਲ ਦੇ ਵੱਖ ਵੱਖ ਸਿਰਕੱਢ ਆਗੂਆਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਆਕਾਲੀ ਦਲ ਬਾਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਇਸ ਮੌਕੇ ਯੂਬਾ ਸਿਟੀ ਤੋਂ ਅਕਾਲੀ ਆਗੂ ਗੁਰਨਾਮ ਸਿੰਘ ਪੰਮਾ, ਗੁਰਮੇਜ ਸਿੰਘ ਗਿੱਲ,ਦਲਬੀਰ ਸਿੰਘ ਗਿੱਲ, ਸੁਖਵਿੰਦਰ ਸਿੰਘ, ਜਸਬੀਰ ਸਿੰਘ ਕੁਲਾਰ, ਲਖਵਿੰਦਰ ਸਿੰਘ ਸਹੋਤਾ, ਬਲਬੀਰ ਸਿੰਘ ਸੋਹਲ, ਜਸਵੰਤ ਬੈਂਸ, ਹਰਜਨ ਸਿੰਘ ਢੇਰੀ, ਦਿਲਬਾਗ ਬੈਂਸ, ਜਸਵਿੰਦਰ ਸਿੰਘ ਹੀਰ, ਚਰਨਜੀਤ ਸਿੰਘ ਚੌਹਾਨ, ਰਾਜਵਿੰਦਰ ਸਿੰਘ ਮਾਨ ਆਦਿ ਵਲੋਂ ਸਿਆਸਤ ਦਾ ਬੋਹੜ ਮੰਨੇ ਜਾਂਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ । ਅਮਰੀਕਨ ਅਕਾਲੀ ਆਗੂ ਗੁਰਨਾਮ ਸਿੰਘ ਪੰਮਾ ਨੇ ਕਿਹਾ ਜੋ ਅਗਵਾਈ ਸਿਆਸੀ ਤੌਰ ਤੇ ਪੰਜਾਬ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੋਂ ਮਿਲੀ ਤੇ ਜੋ ਪੰਜਾਬ ਦੀ ਤਰੱਕੀ ਉਹਨਾਂ ਦੇ ਸਮੇਂ ਹੋਈ ਉਸ ਦਾ ਉਸ ਦਾ ਜ਼ਿਕਰ ਪੰਜਾਬ ਦੀ ਸਿਆਸਤ ਵਿੱਚ ਨਾ ਹੀ ਕਿਤੇ ਮਿਲਿਆ ਹੈ ਤੇ ਨਾ ਹੀ ਅੱਗੋਂ ਮਿਲੇਗਾ। ਉਨਾਂ ਨੇ ਅਫ਼ਸੋਸ ਜ਼ਹਿਰ ਕਰਦੇ ਹੋਏ ਕਿਹਾ , ਪ੍ਰਕਾਸ਼ ਸਿੰਘ ਬਾਦਲ ਜਿਹੇ ਨੇਕ ਆਗੂ ਦੁਨੀਆਂ ਤੇ ਬਾਰ ਬਾਰ ਨਹੀ ਆਉਣਗੇ, ਅਤੇ ਸਾਡੇ ਵਿਚੋਂ ਇੱਕ ਘਾਗ ਸਿਆਸਤਦਾਨ ਖੋਹ ਗਿਆ। ਇਸ ਤੋਂ ਇਲਾਵਾ ਵੈਸਟ ਕੋਸਟ ਦੇ ਪ੍ਰਧਾਨ, ਕੁਲਵੰਤ ਸਿੰਘ ਖਹਿਰਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕ ਯੋਗ ਸਿਆਸਤਦਾਨ ਸੀ, ਜਿਨ੍ਹਾਂ ਨੇ ਹਮੇਸ਼ਾਂ ਪੰਥ ਅਤੇ ਪੰਜਾਬ ਦੀ ਯੋਗ ਅਗਵਾਈ ਕੀਤੀ ਅਤੇ ਪੰਜਾਬ ਨੂੰ ਸਿੱਖੀ ਦਾ ਮਾਡਲ ਬਣਾ ਕੇ ਦੁਨੀਆਂ ਸਾਹਮਣੇ ਪੇਸ਼ ਕੀਤਾ। ਪੰਜਾਬ ਵਾਸੀ ਉਹਨਾਂ ਦੇ ਕੀਤੇ ਕਾਰਜਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ। ਇਸ ਤੋਂ ਇਲਾਵਾ ਅਕਾਲੀ ਦਲ ਦੇ ਸੁਰਿੰਦਰ ਸਿੰਘ ਨਿੱਝਰ, ਯੂਥ ਅਕਾਲੀ ਦਲ ਦੇ ਰਵਿੰਦਰ ਸਿੰਘ ਬੋਇਲ, ਆਦਿ ਨੇ ਵੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਉਣੇ ਉਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਪਰਕਾਸ਼ ਸਿੰਘ ਬਾਦਲ ਅਜਿਹੀ ਨੇਕ ਰੂਹ ਸੀ ਜਿਸ ਨੇ ਸਿਆਸਤ ਤੇ ਧਰਮ ਨੂੰ ਅਲੱਗ ਰੱਖਦੇ ਪੰਜਾਬ ਵਿਚ ਭਲੇ ਲਈ ਅਨੇਕਾਂ ਕਾਰਜ ਕੀਤੇ।

# ਅਮਰੀਕਾ 'ਚ ਦੋ ਥਾਵਾਂ 'ਤੇ ਗੋਲੀਬਾਰੀ ਵਿਚ ਇਕ ਬੱਚੀ ਸਮੇਤ 8 ਜ਼ਖ਼ਮੀ

## ਦੋਨੋਂ ਘਟਨਾਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ-ਪੁਲਿਸ ਦਾ ਦਾਅਵਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਵਾਸ਼ਿੰਗਟਨ, ਡੀ ਸੀ ਵਿਚ ਬੀਤੀ ਰਾਤ ਦੋ ਥਾਵਾਂ 'ਤੇ ਗੋਲੀਬਾਰੀ ਹੋਣ ਦੀ ਖਬਰ ਹੈ ਜਿਸ ਦੌਰਾਨ ਇਕ 12 ਸਾਲਾਂ ਦੀ ਬੱਚੀ ਸਮੇਤ 8 ਵਿਅਕਤੀ ਜ਼ਖਮੀ ਹੋ ਗਏ। ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਆਪਸ ਵਿਚ ਜੋੜ ਕੇ ਜਾਂਚ ਕਰ ਰਹੀ ਹੈ। ਅਧਿਕਾਰੀਆਂ ਅਨੁਸਾਰ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਅਫਸਰਾਂ ਨੂੰ ਰਾਤ 10 ਵਜੇ ਦੇ ਆਸਪਾਸ ਜਿਲੇ ਦੇ ਦੱਖਣ ਪੱਛਮੀ ਚਤੁਰਭੁਜ ਹਿੱਸੇ ਵਿਚ ਗੋਲੀਆਂ ਚਲਣ ਦੀ ਸੂਚਨਾ ਮਿਲੀ ਸੀ ਜਿਸ ਉਪਰੰਤ ਤੁਰੰਤ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਜਿਥੇ ਉਨਾਂ ਨੂੰ 7 ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ। ਹਾਲਾਂ ਕਿ ਉਨਾਂ ਦੇ ਜ਼ਖਮ ਜਾਨ ਲੇਵਾ ਨਹੀਂ ਹਨ। ਪੁਲਿਸ ਅਨੁਸਾਰ ਜ਼ਖਮੀਆਂ ਵਿਚੋਂ ਕੁਝ ਤਾਂ ਖੁਦ ਹੀ ਸਥਾਨਕ ਹਸਪਤਾਲ ਵਿਚ ਪਹੁੰਚ ਗਏ। ਪੁਲਿਸ ਅਜੇ ਇਸ ਗੋਲੀਬਾਰੀ ਦਾ ਜਾਇਜ਼ਾ ਹੀ ਲੈ ਰਹੀ ਸੀ ਤਾਂ ਉਸ ਨੂੰ ਇਥੋਂ ਥੋਹੜੀ ਦੂਰ ਗੋਲੀ ਚੱਲਣ ਦੀ ਸੂਚਨਾ ਮਿਲੀ ਜਿਥੇ ਇਕ 12 ਸਾਲਾਂ ਦੀ ਬੱਚੀ ਗੋਲੀ ਵੱਜਣ ਕਾਰਨ ਜ਼ਖਮੀ ਹੋ ਗਈ। ਪੁਲਿਸ ਅਨੁਸਾਰ ਬੱਚੀ ਦੀ ਹਾਲਤ ਸਥਿਰ ਹੈ ਤੇ ਉਸ ਦਾ ਜ਼ਖਮ ਵੀ ਚਿੰਤਾਜਨਕ ਨਹੀਂ ਹੈ। ਪੁਲਿਸ ਨੂੰ ਦੋਨਾਂ ਥਾਵਾਂ ਤੋਂ ਕਈ ਕਾਰਤੂਸ ਮਿਲੇ ਹਨ। ਪੁਲਿਸ ਇਕ ਕਾਲੇ ਰੰਗ ਦੀ ਸੇਡਾਨ ਕਾਰ ਜੋ ਸੰਭਾਵੀ ਤੌਰ ਮਰਸੀਡੀਜ਼ ਹੋ ਸਕਦੀ ਹੈ, ਜਿਸ ਵਿਚੋਂ ਲੋਕਾਂ ਨੇ ਗੋਲੀਆਂ ਚੱਲਦੀਆਂ ਵੇਖੀਆਂ ਸਨ, ਦੀ ਭਾਲ ਕਰ ਰਹੀ ਹੈ। ਪਲਿਸ ਵਿਭਾਗ ਦੇ ਅਸਿਸਟੈਂਟ ਚੀਫ ਆਂਦਰੇ ਰਾਈਟ ਨੇ ਕਿਹਾ ਹੈ ਕਿ ਅਸੀਂ ਦੋਨਾਂ ਘਟਨਾਵਾਂ ਨੂੰ ਆਪਸ ਵਿਚ ਜੋੜ ਕੇ ਜਾਂਚ ਕਰ ਰਹੇ ਹਾਂ। ਹਾਲਾਂ ਕਿ ਹੋ ਸਕਦਾ ਹੈ ਕਿ ਅਜਿਹਾ ਨਾ ਹੋਵੇ ਪਰੰਤੂ ਸਮੁੱਚੇ ਹਾਲਾਤ ਦੇ ਮਦੇਨਜ਼ਰ ਮੈ ਕਹਿ ਸਕਦਾ ਹਾਂ ਕਿ ਦੋਨਾਂ ਘਟਨਾਵਾਂ ਦਾ ਆਪਸ ਵਿਚ ਸਬੰਧ ਹੈ।

# ਬੇ-ਏਰੀਆ ਸੀਨੀਅਰ ਖੇਡਾਂ 'ਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ



ਸੈਨ-ਮਟਿਓ/ਕੈਲੇਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਸਥਾਨਿਕ ਸੈਨ-ਮਟਿਓ ਸਿਟੀ ਕਾਲਜ ਵਿੱਚ ਬੇ-ਏਰੀਆ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਪੂਰੇ ਅਮੇਰਿਕਾ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ ਇਹ ਖੇਡਾਂ ਕਾਲਜ ਦੇ ਟ੍ਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ ਹਰ ਉਮਰ ਵਰਗ ਦੇ 150 ਪੁਰਸ਼ ਅਤੇ ਔਰਤਾਂ ਨੇ ਭਾਗ ਲਿਆ। ਜ਼ਿਆਦਾਤਰ ਭਾਗੀਦਾਰ ਕੈਲੀਫੋਰਨੀਆ ਦੇ ਸਨ। ਫਰਿਜ਼ਨੋ ਤੋਂ ਗੁਰਬਖਸ਼ ਸਿੱਧੂ ਨੇ ਥਰੋਅ ਵਿੱਚ ਹਿੱਸਾ ਲਿਆ। ਉਹਨਾਂ ਨੇ ਹੈਮਰ ਥਰੋਅ ਵਿੱਚ 39:92 ਮੀਟਰ ਲਗਭਗ 131 ਫੁੱਟ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਡਿਸਕਸ਼ਨ ਥਰੋਅ ਵਿੱਚ 32:75 ਮੀਟਰ 106 ਫੁੱਟ ਦੀ ਦੂਰੀ ਨਾਲ ਸੋਨ ਤਗਮਾ ਅਤੇ ਸ਼ਾਟ ਪੁਟ ਵਿੱਚ 8:81 ਮੀਟਰ ਲਗਭਗ 28 ਫੁੱਟ ਦੀ ਦੂਰੀ ਨਾਲ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ 56 ਸਾਲ ਦੇ ਨੌਜਵਾਨ ਕਮਲਜੀਤ ਬੈਨੀਪਾਲ ਨੇ 800 ਮੀਟਰ ਦੌੜ ਵਿੱਚ 3:03:00 ਮਿੰਟ ਦੇ ਸਮੇਂ ਵਿੱਚ ਸਿਲਵਰ ਮੈਡਲ ਜਿੱਤਿਆ। ਉਸਨੇ 400 ਮੀਟਰ ਦੀ ਦੌੜ ਵਿੱਚ ਵੀ ਹਿੱਸਾ ਲਿਆ ਅਤੇ ਆਪਣੀ ਉਮਰ ਵਰਗ ਵਿੱਚ 1:16:00 ਮਿੰਟ ਦੇ ਸਮੇਂ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਫਰਿਜ਼ਨੋ ਗੁਰਬਖਸ਼ ਸਿੰਘ ਸਿੱਧੂ ਪਹਿਲਾਂ ਵੀ ਸੀਨੀਅਰ ਗੇਮਾਂ ਵਿੱਚ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰ ਚੁੱਕੇ ਹਨ।

# ਅਮਰੀਕੀ ਏਅਰਲਾਈਨਜ਼ ਦੇ ਜਹਾਜ਼ ਦੇ ਇੰਜਣ ਨੂੰ ਲੱਗੀ ਅੱਗ, ਸੰਭਾਵੀ ਤੌਰ 'ਤੇ ਪੰਛੀ ਟਕਰਾਉਣ ਕਾਰਨ ਵਾਪਰਿਆ ਹਾਦਸਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੋਲੰਬਸ, ਓਹੀਓ ਵਿਚ ਇਕ ਅਮਰੀਕੀ ਏਅਰਲਾਈਨਜ਼ ਦੇ ਜਹਾਜ਼ ਦੇ ਇੰਜਣ ਨੂੰ ਉਡਾਣ ਭਰਨ ਉਪਰੰਤ ਅੱਗ ਲੱਗ ਗਈ ਜਿਸ ਕਾਰਨ ਉਸ ਨੂੰ ਵਾਪਿਸ ਹਵਾਈ ਅੱਡੇ ਉਪਰ ਉਤਾਰਨਾ ਪਿਆ। ਇਹ ਹਾਦਸਾ ਸੰਭਾਵੀ ਤੌਰ 'ਤੇ ਜਹਾਜ਼ ਨਾਲ ਪੰਛੀ ਦੇ ਟਕਰਾਉਣ ਕਾਰਨ ਵਾਪਰਿਆ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਅਨੁਸਾਰ ਸਥਾਨਕ ਸਮੇ ਅਨੁਸਾਰ ਸਵੇਰੇ 8 ਵਜੇ ਦੇ ਆਸਪਾਸ ਬੋਇੰਗ 737 ਨੇ ਕੋਲੰਬਸ ਤੋਂ ਫੋਨਿਕਸ ਲਈ ਉਡਾਣ ਭਰੀ ਸੀ ਜਿਸ ਉਪਰੰਤ ਅਮਲੇ ਨੇ ਸੰਭਾਵੀ ਤੌਰ 'ਤੇ ਜਹਾਜ਼ ਨਾਲ ਪੰਛੀ ਟਕਰਾਉਣ ਦੀ ਰਿਪੋਰਟ ਕੀਤੀ ਸੀ। ਉਪਰੰਤ ਜਹਾਜ਼ ਜੌਹਨ ਗਲੈਨ ਕੋਲੰਬਸ ਅੰਤਰ ਰਾਸ਼ਟਰੀ ਹਵਾਈ ਅੱਡੇ ਉਪਰ ਸੁਰੱਖਿਅਤ ਉਤਾਰ ਲਿਆ ਗਿਆ। ਹਵਾਈ ਅੱਡੇ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਇਸ ਘਟਨਾ ਉਪਰੰਤ ਥੋੜੀ ਦੇਰ ਲਈ ਬੰਦ ਕੀਤੇ ਹਵਾਈ ਅੱਡੇ ਨੂੰ ਮੁੜ ਖੋਲ ਦਿੱਤਾ ਗਿਆ ਹੈ। ਏਅਰ ਲਾਈਨਜ਼ ਨੇ ਇਕ ਬਿਆਨ ਵਿਚ ਕਿਹਾ ਹੈ ਕਿ 'ਤਕਨੀਕੀ ਖਰਾਬੀ' ਕਾਰਨ ਜਹਾਜ਼ ਨੂੰ ਉਤਾਰਨਾ ਪਿਆ ਹੈ।

# ਕਾਲੇ ਵਿਅਕਤੀ ਨੂੰ ਗੋਲੀ ਮਾਰਨ ਵਾਲੀ ਮਿਨੇਸੋਟਾ ਦੀ ਸਾਬਕਾ ਪੁਲਿਸ ਅਫਸਰ ਦੀ ਹੋਵੇਗੀ ਰਿਹਾਈ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਮਿਨੇਸੋਟਾ ਰਾਜ ਦੀ ਸਾਬਕਾ ਪੁਲਿਸ ਅਫਸਰ ਕਿਮ ਪੌਟਰ ਜਿਸ ਵੱਲੋਂ ਇਕ ਟਰੈਫਿਕ ਸਟਾਪ 'ਤੇ ਚਲਾਈ ਗੋਲੀ ਨਾਲ ਡੌਂਟ ਰਾਈਟ ਨਾਮੀ ਕਾਲੇ ਵਿਅਕਤੀ ਦੀ ਮੌਤ ਹੋ ਗਈ ਸੀ, ਦੀ 16 ਮਹੀਨੇ ਦੀ ਸਜ਼ਾ ਭੁਗਤਣ ਉਪਰੰਤ 24 ਅਪ੍ਰੈਲ ਨੂੰ ਰਿਹਾਈ ਹੋਣ ਦੀ ਖਬਰ ਹੈ। ਕਿਮ ਪੌਟਰ ਜਿਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਗਲਤੀ ਨਾਲ ਗੰਨ ਨੂੰ ਹੱਥ ਪਾ ਲਿਆ ਸੀ, ਨੂੰ ਜੱਜ ਨੇ ਅਪ੍ਰੈਲ 2021 ਵਿਚ ਸਖਤ ਸਜ਼ਾ ਦੇਣ ਦੀ ਥਾਂ ਦੋ ਸਾਲ ਦੀ ਨਰਮ ਸਜ਼ਾ ਸੁਣਾਈ ਸੀ। ਮਿਨੇਸੋਟਾ ਡਿਪਾਰਟਮੈਂਟ ਆਫ ਕਰੈਕਸ਼ਨਜ ਦੇ ਬੁਲਾਰੇ ਐਂਡੀ ਸਕੂਗਮੈਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕਿਮ ਪੌਟਰ ਦੀ ਸੁਰੱਖਿਆ ਦੇ ਮੱਦੇਨਜ਼ਰ ਲਾਅ ਇਨਫੋਰਸਮੈਂਟ ਦੇ ਅਧਿਕਾਰੀ ਸਥਿੱਤੀ ਉਪਰ ਨਜ਼ਰ ਰਖ ਰਹੇ ਹਨ। ਰਿਹਾਈ ਉਪਰੰਤ ਕਿਮ ਪੌਟਰ ਦੀ 21 ਦਸੰਬਰ ਤੱਕ ਨਿਗਰਾਨੀ ਕੀਤੀ ਜਾਵੇਗੀ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

## Law office of Anthony Nwosu

239 West Yosemite Ave Manteca CA 95336

ਸਾਡਾ ਆ.ਫਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**

**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਜ਼ਮੀਨ ਨਾਲ ਜੁੜਿਆ ਸਿਆਸਤਦਾਨ

## ਛੇ ਦਹਾਕਿਆਂ ਦੀ ਸਿਆਸਤ ਦੀ ਪੈੜ



ਵੀਹਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਦੌਰਾਨ ਪੰਜਾਬ ਅਤੇ ਅਕਾਲੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿਆਸਤਦਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਮੰਗਲਵਾਰ ਮੁਹਾਲੀ ਵਿੱਚ ਦੇਹਾਂਤ ਹੋ ਗਿਆ। ਉਹ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਉਨ੍ਹਾਂ ਦੇ ਸਿਆਸੀ ਸਫਰ ਨੂੰ ਬਿਆਨ ਕਰਦਿਆਂ ਉੱਘੇ ਰਾਜਨੀਤਕ ਵਿਦਵਾਨ ਪਰਮੋਦ ਕੁਮਾਰ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਅਜਿਹੇ ਸਿਆਸਤਦਾਨ ਸਨ ਜਿਨ੍ਹਾਂ ਨੇ ਪੰਜਾਬ ਦੇ ਸਭ ਵਰਗਾਂ ਵਿਚਕਾਰ ਇੱਕ ਪੁਲ ਦਾ ਕੰਮ ਕੀਤਾ; ਸਾਂਝਾਂ ਵਧਾਈਆਂ। ਉਹ ਸਿਆਸਤ ਵਿੱਚ ਖੁਸ਼ਦਿਲੇ ਅਤੇ ਉਦਾਰਵਾਦੀ ਸਨ ਅਤੇ ਜ਼ਮੀਨ ਨਾਲ ਜੁੜੇ ਹੋਏ ਸਿਆਸਤਦਾਨ ਸਨ। ਪਰਮੋਦ ਕੁਮਾਰ ਅਨੁਸਾਰ ਪੰਜਾਬ ਦੀ ਸਿਆਸਤ ਪਰੰਪਰਾ ਵਿੱਚ ਲੋਕਾਂ ਅਤੇ ਸਿਆਸੀ ਕਾਰਕੁਨਾਂ ਨਾਲ ਡੂੰਘਾ ਰਾਬਤਾ ਰੱਖਣ ਵਾਲੇ ਸਿਆਸਤਦਾਨਾਂ ਦੀ ਰਵਾਇਤ ਵਿੱਚ ਉਹ ਆਖਰੀ ਸਿਆਸਤਦਾਨ ਸਨ, ਜਿਨ੍ਹਾਂ ਨੇ ਲੋਕਾਂ ਨਾਲ ਵੱਡੇ ਪੱਧਰ 'ਤੇ ਸੰਪਰਕ ਕਾਇਮ ਕੀਤਾ। ਉਨ੍ਹਾਂ ਪੰਥਕ ਸਿਆਸਤ ਨੂੰ ਨਵੇਂ ਆਯਾਮ ਦਿੱਤੇ ਅਤੇ ਸਿੱਖ ਭਾਈਚਾਰੇ ਨੂੰ ਉਦਾਰਵਾਦੀ ਸਿਆਸਤ ਨਾਲ ਜੋੜਿਆ। ਪਰਮੋਦ ਕੁਮਾਰ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਨੇ 1996 ਵਿੱਚ ਨਵੀਂ ਰਣਨੀਤੀ ਅਪਣਾਈ। ਮੋਗਾ ਵਿੱਚ ਕੀਤੇ ਸਾਂਝੇ ਐਲਾਨਨਾਮੇ ਵਿੱਚ ਇਹ ਰੂਪ-ਰੇਖਾ ਉਲੀਕੀ ਗਈ ਕਿ ਪੰਜਾਬ ਨਾਲ ਹੋ ਰਿਹਾ ਅਨਿਆਂ ਸਿਰਫ ਸਿੱਖਾਂ ਅਤੇ ਅਕਾਲੀਆਂ ਨਾਲ ਹੋ ਰਿਹਾ ਅਨਿਆਂ ਨਹੀਂ ਹੈ, ਸਗੋਂ ਸਮੂਹ ਪੰਜਾਬੀਆਂ ਨਾਲ ਹੋ ਰਿਹਾ ਅਨਿਆਂ ਹੈ। ਸ਼ ?ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ 1996 ਵਿੱਚ ਕੀਤੇ ਸਾਂਝੇ ਐਲਾਨਨਾਮੇ ਨਾਲ ਪੰਜਾਬ ਦੀ ਸਿਆਸਤ ਵਿੱਚ ਇੱਕ ਨਵਾਂ ਯੁੱਗ ਸ਼ੁਰੂ ਹੋਇਆ, ਜਿਸ ਵਿੱਚ ਸ਼ ?ਰੋਮਣੀ ਅਕਾਲੀ ਦਲ ਤੇ ਭਾਜਪਾ ਨੇ ਸਾਂਝਾ ਰਾਜਸੀ ਮੰਚ ਅਪਣਾਇਆ। ਬੁਹਤ ਸਾਰੇ ਲੋਕ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਲਈ ਵੀ ਯਾਦ ਕਰਨਗੇ ਕਿ ਉਨ੍ਹਾਂ ਵਿੱਚ ਆਪਣੇ ਆਲੋਚਕਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਮਾਣ-ਸਨਮਾਨ ਦੇਣ ਦੀ ਸਮਰੱਥਾ ਸੀ। 1977 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਥਾਪਤ ਹੋਈ ਸਰਕਾਰ ਨੇ ਇੱਕ ਜਮਹੂਰੀ ਸਰਕਾਰ ਵਜੋਂ ਨਾਮਣਾ ਖੱਟਿਆ। ਉਸ ਸਰਕਾਰ ਦੀ ਫੋਕਲ ਪੁਆਇੰਟ ਵਧਾਉਣ ਦੀ ਸਕੀਮ ਬੇਹੱਦ ਮਕਬੂਲ ਹੋਈ। ਪ੍ਰਕਾਸ਼ ਸਿੰਘ ਬਾਦਲ ਨੂੰ ਵੱਡੇ ਦਿਲ ਵਾਲੇ ਸਿਆਸਤਦਾਨ ਵਜੋਂ ਵੀ ਯਾਦ ਕੀਤਾ ਜਾਵੇਗਾ ਕਿਉਂਕਿ ਉਹ ਹਰ ਤਰ੍ਹਾਂ ਦੀ ਆਲੋਚਨਾ ਨੂੰ ਸਹਾਰਨ ਦੀ ਸਮਰੱਥਾ ਰੱਖਦੇ ਸਨ। ਉਨ੍ਹਾਂ ਦੀ 1980ਵਿਆਂ ਦੀ ਸਿਆਸਤ ਦੇ ਦੌਰ ਨੂੰ ਲੋਕ ਕਈ ਤਰ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਵੇਖਦੇ ਹਨ ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਕਾਸ਼ ਸਿੰਘ ਬਾਦਲ ਸਿੱਖ-ਹਿੰਦੂ ਏਕਤਾ ਦੇ ਵੱਡੇ ਪੈਰੋਕਾਰ ਸਨ; ਉਹ ਜਾਣਦੇ ਸਨ ਕਿ ਇਨ੍ਹਾਂ ਦੋਵਾਂ ਭਾਈਚਾਰਿਆਂ ਨੂੰ ਇਕੱਠਿਆਂ ਕਰਨਾ ਪਵੇਗਾ। ਉਹ ਪੰਜਾਬੀਅਤ ਅਤੇ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲੇ ਸਨ। ਭਾਵੇਂ ਉਹ ਪੰਜਾਬ ਦੇ ਪਾਣੀਆਂ ਦਾ ਮਸਲਾ ਹੋਵੇ ਜਾਂ ਪੰਜਾਬ ਨਾਲ ਜੁੜਿਆ ਕੋਈ ਹੋਰ ਮਸਲਾ। ਉਹ ਹਰ ਮਸਲੇ ਦਾ ਹੱਲ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਲੱਭਣਾ ਚਾਹੁੰਦੇ ਸਨ। ਉਹ ਬਦਲਾਲਊ ਸਿਆਸਤ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਦਾ ਇਸ ਦੁਨੀਆ ਤੋਂ ਚਲੇ ਜਾਣਾ ਅਕਾਲੀ ਦਲ ਦੀ ਸਿਆਸਤ ਲਈ ਅਹਿਮ ਸਵਾਲ ਖੜ੍ਹੇ ਕਰਦਾ ਹੈ: ਕੀ ਅਕਾਲੀ ਦਲ ਦੀ ਸਿਆਸਤ ਆਪਣੇ ਪੁਰਾਣੇ ਮਾਣ-ਸਨਮਾਨ ਨੂੰ ਪ੍ਰਾਪਤ ਕਰ ਸਕੇਗੀ? ਉਨ੍ਹਾਂ ਦੇ ਸਿਆਸੀ ਵਾਰਸ ਉਨ੍ਹਾਂ ਦੇ ਬਰਾਬਰ ਪਹੁੰਚ ਸਕਣਗੇ? ਕੀ ਅਕਾਲੀ ਦਲ ਦੀ ਸਿਆਸਤ ਉਸ ਸਿਖਰ ਤੱਕ ਪਹੁੰਚ ਸਕੇਗੀ ਜੋ ਪ੍ਰਕਾਸ਼ ਸਿੰਘ ਬਾਦਲ ਦੇ ਸਮਿਆਂ ਵਿੱਚ ਪਹੁੰਚੀ ਸੀ? ਇਸ ਸਮੇਂ ਸ਼ ?ਰੋਮਣੀ ਅਕਾਲੀ ਦਲ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਲੜ ਰਿਹਾ ਹੈ। ਇਨ੍ਹਾਂ ਸਮਿਆਂ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਚਲੇ ਜਾਣ ਕਾਰਨ ਸ਼ ?ਰੋਮਣੀ ਅਕਾਲੀ ਦਲ ਅਤੇ ਪੰਜਾਬ ਦੀ ਸਿਆਸਤ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਉੱਘੇ ਰਾਜਨੀਤਕ ਵਿਸ਼ਲੇਸ਼ਕ ਜਗਰੂਪ ਸਿੰਘ ਸੇਖੋਂ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਕਿਸਾਨਾਂ ਤੇ ਦਿਹਾਤੀ ਗਰੀਬ ਲੋਕਾਂ ਦੇ ਵੱਡੇ ਹਮਦਰਦ ਰਹੇ। 1970 ਵਿੱਚ ਪਹਿਲੀ ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਵਿਰਾਸਤ ਬਹੁਤ ਜਟਿਲ ਸੀ। ਪੰਥਕ ਸਿਆਸਤ ਵਿੱਚ ਇਸ ਸਮੇਂ ਉਦਾਸੀ ਤੇ ਖ਼ਲਾਅ ਹੈ। ਪ੍ਰਮੁੱਖ ਸੁਆਲ ਹੈ ਕਿ ਉਸ ਖ਼ਲਾਅ ਨੂੰ ਕੌਣ ਪੂਰਾ ਕਰੇਗਾ।

**-ਸਵਰਾਜਬੀਰ**

# ਕੈਨੇਡਾ 'ਚ ਪੁਲਿਸ ਬਹੁਤ ਇਮਾਨਦਾਰ ਹੈ ਤੇ ਇੱਥੇ ਰਿਸ਼ਵਤ ਜਾਂ ਸਿਫ਼ਾਰਸ਼ ਨਹੀਂ ਚੱਲਦੀ

*ਕੈਨੇਡਾ ਵਿਚ ਚੰਗੀ ਨੌਕਰੀ ਲੈਣ ਲਈ ਇੱਥੋਂ ਦੀ ਪੜ੍ਹਾਈ ਕਰਨੀ ਪੈਂਦੀ ਹੈ। ਵਰਤੋਂ ਦੀਆਂ ਜ਼ਿਆਦਾਤਰ ਚੀਜ਼ਾਂ ਬਾਹਰੋਂ ਆਉਂਦੀਆਂ ਹਨ। ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਹਨ। ਲੋਕ ਲਾਇਬ੍ਰੇਰੀਆਂ 'ਚ ਜਾ ਕੇ ਪੜ੍ਹਨਾ ਪਸੰਦ ਕਰਦੇ ਹਨ। ਲੋਕਾਂ ਦੀ ਜ਼ਿੰਦਗੀ ਮਸ਼ੀਨ ਵਾਂਗ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸ ਮੁਲਕ ਦੀ ਆਬੋ-ਹਵਾ, ਮਾਹੌਲ, ਨਿਯਮਾਂ, ਕਾਨੂੰਨਾਂ ਅਤੇ ਲੋਕਾਂ ਦੀਆਂ ਆਦਤਾਂ ਤੋਂ ਕਾਫ਼ੀ ਕੁਝ ਸਿੱਖਣ ਨੂੰ ਮਿਲ ਸਕਦਾ ਹੈ।*



**-ਪ੍ਰਿੰਸੀਪਲ ਵਿਜੈ ਕੁਮਾਰ**

ਆਪਣੇ ਦੇਸ਼ ਵਿਚ ਰਹਿੰਦਿਆਂ ਬਚਪਨ ਤੋਂ ਹੀ ਪੱਛਮੀ ਦੇਸ਼ਾਂ ਬਾਰੇ ਕਾਫ਼ੀ ਕੁਝ ਸੁਣਦਾ ਆ ਰਿਹਾ ਸਾਂ। ਵੱਡੇ ਪੁੱਤਰ ਦੇ ਕੈਨੇਡਾ ਜਾ ਵਸਣ ਕਾਰਨ ਮੈਨੂੰ ਵੀ ਕੁਝ ਸਮੇਂ ਲਈ ਕੈਨੇਡਾ ਜਾਣ ਦਾ ਮੌਕਾ ਮਿਲ ਗਿਆ। ਬਚਪਨ ਤੋਂ ਹੀ ਇਸ ਮੁਲਕ ਬਾਰੇ ਮਨ ਵਿਚ ਜੋ ਕੁਝ ਵਸਿਆ ਹੋਇਆ ਸੀ, ਉਸ ਬਾਰੇ ਜਾਣਨ ਦੀ ਕਾਫ਼ੀ ਲਲਕ ਸੀ। ਸਭ ਤੋਂ ਪ੍ਰਭਾਵਿਤ ਕਰਨ ਵਾਲੀ ਗੱਲ ਇਹ ਹੈ ਕਿ ਇਸ ਮੁਲਕ ਵਿਚ ਸਮੇਂ ਦੀ ਬਹੁਤ ਕਦਰ ਹੈ ਅਤੇ ਦੂਜੇ ਮੁਲਕਾਂ ਤੋਂ ਆਏ ਵਿਹਲਾ ਰਹਿਣ ਗਿੱਝੇ ਲੋਕਾਂ ਨੂੰ ਇਹ ਮੁਲਕ ਸਮੇਂ ਦੀ ਕਦਰ ਕਰਨਾ ਸਿਖਾ ਦਿੰਦਾ ਹੈ। ਕਿਸੇ ਕੋਲ ਜਾਣ ਤੋਂ ਪਹਿਲਾਂ ਉਸ ਕੋਲੋਂ ਸਮਾਂ ਲੈਣਾ ਪੈਂਦਾ ਹੈ। ਸਾਡੇ ਮੁਲਕ ਦੇ ਜਿਹੜੇ ਮੁੰਡੇ-ਕੁੜੀਆਂ ਆਪਣੇ ਘਰ ਡੱਖਾ ਨਹੀਂ ਤੋੜਦੇ, ਕੌਲੀ ਤਕ ਨਹੀਂ ਚੁੱਕਦੇ, ਉਹ ਬੱਚੇ ਦਿਨ-ਰਾਤ ਕੰਮ ਕਰ ਕੇ ਲਿਆ ਹੋਇਆ ਕਰਜ਼ਾ ਮੋੜਨ ਲਈ ਯਤਨਸ਼ੀਲ ਨਜ਼ਰ ਆਉਂਦੇ ਹਨ।

ਪੜ੍ਹਾਈ ਦੇ ਬਹਾਨੇ ਦੂਜੇ ਮੁਲਕਾਂ ਤੋਂ ਆਏ ਮੁੰਡੇ-ਕੁੜੀਆਂ ਸਟੋਰਾਂ, ਰੈਸਟੋਰੈਂਟਾਂ, ਮਾਲਜ਼ ਵਿਚ ਕੰਮ ਕਰਦੇ ਹਨ। ਉਹ ਹੋਰ ਵੀ ਕਈ ਤਰ੍ਹਾਂ ਦੇ ਕੰਮ-ਧੰਦੇ ਕਰਦੇ ਹਨ। ਕਈ ਮੁੰਡੇ ਕੁੜੀਆਂ ਦੋ-ਦੋ ਨੌਕਰੀਆਂ ਵੀ ਕਰਦੇ ਹਨ। ਇਸ ਮੁਲਕ ਦੀ ਵਿਸ਼ੇਸ਼ ਗੱਲ ਇਹ ਵੀ ਹੈ ਕਿ ਇੱਥੇ ਹਰ ਕੰਮ ਬਰਾਬਰ ਹੈ। ਲੋਕਾਂ ਨੂੰ ਕੁਰਸੀ, ਘੰਟੀ ਤੇ ਚਿੱਟ ਕੱਪੜੇ ਵਾਲੀ ਨੌਕਰੀ ਦੀ ਕੋਈ ਇੱਛਾ ਨਹੀਂ ਹੁੰਦੀ ਕਿਉਂਕਿ ਇੱਥੇ ਕਿਸੇ ਵੀ ਕੰਮ ਨੂੰ ਛੋਟਾ ਜਾਂ ਵੱਡਾ ਨਹੀਂ ਮੰਨਿਆ ਜਾਂਦਾ। ਕੈਨੇਡਾ 'ਚ ਨੌਕਰਾਂ-ਚਾਕਰਾਂ 'ਤੇ ਮੌਜਾਂ ਨਹੀਂ ਕਰ ਸਕਦੇ ਬਲਕਿ ਹਰ ਕੰਮ ਖ਼ੁਦ ਕਰਨਾ ਪੈਂਦਾ ਹੈ। ਹੱਥੀਂ ਕੰਮ ਕਰਨ ਦੀ ਆਦਤ ਪੈ ਜਾਣ ਕਾਰਨ ਲੋਕ ਸਖ਼ਤ ਮਿਹਨਤ-ਮੁਸ਼ੱਕਤ ਕਰਦੇ ਹਨ ਜਿਸ ਕਾਰਨ ਉਨ੍ਹਾਂ ਨੂੰ ਜ਼ਿਆਦਾ ਕਮਾਈ ਹੁੰਦੀ ਹੈ।

ਇਸ ਮੁਲਕ ਵਿਚ ਲੋਕਾਂ ਦਾ ਆਰਥਿਕ ਸ਼ੋਸ਼ਣ ਨਹੀਂ ਹੁੰਦਾ। ਦੂਜੇ ਮੁਲਕਾਂ ਤੋਂ ਆਏ ਲੋਕ ਡਾਲਰ ਕਮਾਉਣ ਲਈ ਦਿਨ-ਰਾਤ ਕੰਮ ਵਿਚ ਲੱਗੇ ਰਹਿੰਦੇ ਹਨ। ਨਾ ਆਰਾਮ ਕਰਦੇ ਹਨ ਤੇ ਨਾ ਆਪਣੀ ਸਿਹਤ ਵੱਲ ਬਣਦਾ ਧਿਆਨ ਦਿੰਦੇ ਹਨ। ਦੂਜੇ ਪਾਸੇ ਕੈਨੇਡੀਅਨ ਲੋਕ ਪੈਸਾ ਵੀ ਕਮਾਉਂਦੇ ਹਨ ਤੇ ਜ਼ਿੰਦਗੀ ਦਾ ਲੁਤਫ਼ ਵੀ ਲੈਂਦੇ। ਇੱਥੇ ਨਾ ਪਸ਼ੂ ਅਵਾਰਾ ਘੁੰਮਦੇ ਹਨ ਤੇ ਨਾ ਹੀ ਬੰਦੇ। ਡਰਾਈਵਿੰਗ ਦੇ ਧੰਦੇ ਦੀ ਬਹੁਤ ਜ਼ਿਆਦਾ ਬੁੱਕਤ ਹੈ। ਇਸ ਮੁਲਕ ਦੀ ਸਰਕਾਰ ਲੋਕਾਂ ਤੋਂ ਟੈਕਸ ਲੈ ਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਵੀ ਦਿੰਦੀ ਹੈ। ਇੱਥੇ ਨਾ ਜਵਾਨੀ ਰੁਲਦੀ ਹੈ ਤੇ ਨਾ ਹੀ ਬੁਢਾਪਾ। ਕੈਨੇਡਾ 'ਚ ਬੇਰੁਜ਼ਗਾਰੀ ਨਾ ਦੀ ਕੋਈ ਚੀਜ਼ ਨਹੀਂ ਬਸ਼ਰਤੇ ਕਿ ਬੰਦਾ ਕੰਮ ਕਰਨ ਦੀ ਇੱਛਾ ਰੱਖਦਾ ਹੋਵੇ। ਬੇਰੁਜ਼ਗਾਰ ਹੋਣ ਦੀ ਸੂਰਤ ਵਿਚ ਗੁਜ਼ਾਰਾ ਕਰਨ ਯੋਗ ਭੱਤਾ ਮਿਲਦਾ ਹੈ। ਇੱਥੇ ਗਧਾ-ਘੋੜਾ ਇਕ ਬਰਾਬਰ ਨਹੀਂ ਹੈ। ਦਿਮਾਗ, ਯੋਗਤਾ ਅਤੇ ਮਿਹਨਤ ਦਾ ਮੁੱਲ ਪੈਂਦਾ ਹੈ। ਕੈਨੇਡਾ 'ਚ ਰਿਸ਼ਵਤ ਨਾਂ ਦੀ ਕੋਈ ਚੀਜ਼ ਨਹੀਂ ਹੈ। ਹਰ ਕੰਮ ਅਸੂਲ, ਸਮੇਂ ਅਤੇ ਕਾਇਦੇ-ਕਾਨੂੰਨ ਅਨੁਸਾਰ ਹੁੰਦਾ ਹੈ। ਸੜਕ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਹਰੇਕ ਨੂੰ ਕਰਨੀ ਹੀ ਪੈਂਦੀ ਹੈ ਕਿਉਂਕਿ ਸਜ਼ਾ, ਜੁਰਮਾਨਾ ਅਤੇ ਕਾਨੂੰਨ ਬਹੁਤ ਸਖ਼ਤ ਹਨ। ਪੁਲਿਸ ਬਹੁਤ ਇਮਾਨਦਾਰ ਹੈ। ਰਿਸ਼ਵਤ ਅਤੇ ਸਿਫ਼ਾਰਸ਼ ਸੁਣਨ ਨੂੰ ਨਹੀਂ ਮਿਲਦੇ। ਨੌਕਰੀ ਲੈਣ ਲਈ ਕਿਸੇ ਦਾ ਹਵਾਲਾ ਨਹੀਂ ਦੇਣਾ ਪੈਂਦਾ ਹੈ। ਬੱਚਿਆਂ ਦੀ ਸਾਂਭ-ਸੰਭਾਲ ਤੇ ਸੁਰੱਖਿਆ ਲਈ ਸਰਕਾਰ ਦੇ ਕਾਨੂੰਨ ਬਹੁਤ ਸਖ਼ਤ ਹਨ। ਇਸ ਮੁਲਕ ਦੀ ਆਬਾਦੀ ਘੱਟ ਹੋਣ ਕਾਰਨ ਲੋਕਾਂ ਦੀ ਜ਼ਿੰਦਗੀ ਜਿਊਣ ਦਾ ਮਿਆਰ ਉੱਚਾ ਹੈ। ਪਾਣੀ ਅਤੇ ਬਿਜਲੀ ਕਦੇ ਨਹੀਂ ਜਾਂਦੇ।

ਪੌਣ-ਪਾਣੀ ਸਾਫ਼ ਅਤੇ ਸ਼ੁੱਧ ਹੈ। ਬੱਚਿਆਂ ਦੀ ਆਜ਼ਾਦੀ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਨਾ ਉਨ੍ਹਾਂ ਨੂੰ ਉਨ੍ਹਾਂ ਦੇ ਮਾਂ-ਬਾਪ ਸਜ਼ਾ ਦੇ ਸਕਦੇ ਹਨ ਤੇ ਨਾ ਹੀ ਅਧਿਆਪਕ। ਜਾਇਦਾਦ ਵੇਚਣ ਅਤੇ ਖ਼ਰੀਦਣ ਦੇ ਨਿਯਮ ਅਤੇ ਕਾਨੂੰਨ ਸਾਡੇ ਮੁਲਕ ਨਾਲੋਂ ਵੱਖਰੇ ਹਨ। ਜਾਇਦਾਦ ਵਕੀਲਾਂ ਅਤੇ ਏਜੈਂਟਾਂ ਦੇ ਮਾਧਿਅਮ ਰਾਹੀਂ ਖ਼ਰੀਦੀ ਅਤੇ ਵੇਚੀ ਜਾਂਦੀ ਹੈ। ਸਕੂਲੀ ਪੜ੍ਹਾਈ ਮੁਫ਼ਤ ਅਤੇ ਉਚੇਰੀ ਪੜ੍ਹਾਈ ਮਹਿੰਗੀ ਹੈ। ਸਕੂਲੀ ਪੜ੍ਹਾਈ ਦਾ ਪੱਧਰ ਬਹੁਤ ਚੰਗਾ ਨਹੀਂ। ਬੱਚੇ ਨੂੰ ਉਸੇ ਸਕੂਲ ਵਿਚ ਦਾਖ਼ਲਾ ਮਿਲੇਗਾ ਜੋ ਉਸ ਦੇ ਘਰ ਦੇ ਬਿਲਕੁਲ ਨੇੜੇ ਹੈ। ਜ਼ਿਆਦਾਤਰ ਸਕੂਲ ਸਰਕਾਰੀ ਹਨ।

ਬੱਚਿਆਂ ਨੂੰ ਸਕੂਲ ਲਿਜਾਉਣ ਵਾਲੀਆਂ ਬੱਸਾਂ ਦਾ ਕੋਈ ਕਿਰਾਇਆ ਨਹੀਂ ਦੇਣਾ ਪੈਂਦਾ। ਸਕੂਲਾਂ ਵਿਚ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਮੁਫ਼ਤ ਮਿਲਦਾ ਹੈ। ਆਬਾਦੀ ਵਧਣ ਕਾਰਨ ਮੈਡੀਕਲ ਸਹੂਲਤ ਔਖੀ ਹੋ ਰਹੀ ਹੈ ਕਿਉਂਕਿ ਹਸਪਤਾਲ ਅਤੇ ਡਾਕਟਰ ਘੱਟ ਹਨ। ਇੱਥੋਂ ਦੇ ਪੱਕੇ ਨਿਵਾਸੀਆਂ ਲਈ ਮੈਡੀਕਲ ਦੀ ਸਹੂਲਤ ਮੁਫ਼ਤ ਹੈ ਪਰ ਘੁੰਮਣ-ਫਿਰਨ ਆਏ ਲੋਕਾਂ ਲਈ ਮਹਿੰਗੀ ਹੈ। ਜਾਇਦਾਦ ਬਹੁਤ ਮਹਿੰਗੀ ਹੈ। ਘਰ ਛੋਟੇ-ਵੱਡੇ ਤਾਂ ਹਨ ਪਰ ਇੱਕੋ ਜਿਹੇ ਹਨ। ਸਾਰੇ ਘਰਾਂ ਦੇ ਨੇੜੇ ਪਾਰਕ ਅਤੇ ਸਕੂਲ ਜ਼ਰੂਰ ਹਨ। ਨਗਰ ਕੌਂਸਲ ਦੀ ਮਨਜ਼ੂਰੀ ਤੋਂ ਬਿਨਾਂ ਕੁਝ ਵੀ ਨਹੀਂ ਬਣਾਇਆ ਜਾ ਸਕਦਾ। ਪਾਣੀ ਦੀ ਨਿਕਾਸੀ ਦਾ ਪ੍ਰਬੰਧ ਬਹੁਤ ਵਧੀਆ ਹੈ। ਹਰ ਕਿਸੇ ਨੂੰ ਆਪਣੇ ਗੁਆਂਢੀ ਦੇ ਅਧਿਕਾਰਾਂ ਦਾ ਧਿਆਨ ਰੱਖਣਾ ਪੈਂਦਾ ਹੈ। ਲੋਕ ਬਹੁਤ ਘੱਟ ਬਿਮਾਰ ਹੁੰਦੇ ਹਨ। ਉਹ ਬਹੁਤ ਇਮਾਨਦਾਰ ਹਨ ਪਰ ਦੂਜੇ ਦੇਸ਼ਾਂ ਦੇ ਲੋਕਾਂ ਦੇ ਆਉਣ ਕਾਰਨ ਬੇਈਮਾਨੀ ਹੋਣੀ ਸ਼ੁਰੂ ਹੋ ਗਈ ਹੈ। ਦੁਰਘਟਨਾਵਾਂ, ਚੋਰੀ, ਮਾਰਕੁੱਟ ਅਤੇ ਜਾਨੋਂ ਮਾਰਨ ਦੀਆਂ ਵਾਰਦਾਤਾਂ ਘੱਟ ਹਨ। ਛੋਟੇ-ਮੋਟੇ ਰੁਜ਼ਗਾਰ ਆਮ ਮਿਲ ਜਾਂਦੇ ਹਨ। ਇੱਥੋਂ ਦੇ ਪੱਕੇ ਨਾਗਰਿਕਾਂ ਦੇ ਛੋਟੇ ਬੱਚਿਆਂ ਅਤੇ ਬੁੱਢਿਆਂ ਨੂੰ ਗੁਜ਼ਾਰਾ ਭੱਤਾ ਮਿਲਦਾ ਹੈ। ਹਰ ਘਰ ਅੱਗੇ ਰੁੱਖ ਹਨ। ਚਾਰੇ ਪਾਸੇ ਹਰਿਆਲੀ ਵਿਖਾਈ ਦਿੰਦੀ ਹੈ।

ਸਾਫ਼-ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਕਿਧਰੇ ਵੀ ਕੂੜੇ-ਕਰਕਟ ਦੇ ਢੇਰ ਵਿਖਾਈ ਨਹੀਂ ਦਿੰਦੇ। ਲੋਕਾਂ ਦੀ ਜ਼ਿੰਦਗੀ ਕਰਜ਼ੇ ਅਤੇ ਬੀਮੇ 'ਤੇ ਟਿਕੀ ਹੋਈ ਹੈ। ਲੋਕ ਬੈਂਕਾਂ ਵਿਚ ਪੈਸੇ ਜਮ ?ਹਾ ਨਹੀਂ ਕਰਵਾਉਂਦੇ ਕਿਉਂਕਿ ਵਿਆਜ ਦਰ ਸਾਡੇ ਦੇਸ਼ ਨਾਲੋਂ ਘੱਟ ਹੈ। ਰੇਹੜੀਆਂ ਅਤੇ ਮੰਗਤੇ ਵਿਖਾਈ ਨਹੀਂ ਦਿੰਦੇ। ਖਾਣ-ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਅਤੇ ਮਿਆਰ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਲੋਕ ਜ਼ਿਆਦਾਤਰ ਅਦਾਇਗੀ ਗੂਗਲ ਪੇ ਰਾਹੀਂ ਹੀ ਕਰਦੇ ਹਨ। ਇਸ ਮੁਲਕ ਦੇ ਲੋਕ ਵਿਆਹਾਂ ਵਿਚ ਬਹੁਤੀ ਭੀੜ ਇਕੱਠੀ ਨਹੀਂ ਕਰਦੇ। ਉੱਚੇ ਮਿਊਜ਼ਿਕ ਅਤੇ ਗੱਡੀਆਂ ਦੇ ਹਾਰਨਾਂ ਦੀਆਂ ਆਵਾਜ਼ਾਂ ਸੁਣਨ ਨੂੰ ਨਹੀਂ ਮਿਲਦੀਆਂ। ਬਿਹਤਰ ਜ਼ਿੰਦਗੀ ਲਈ ਜ਼ਿਆਦਾਤਰ ਪਤੀ-ਪਤਨੀ ਦੋਵੇਂ ਕੰਮ ਕਰਦੇ ਹਨ।

ਦੂਜੇ ਦੇਸ਼ਾਂ ਤੋਂ ਆ ਕੇ ਵਸੇ ਲੋਕ ਆਪਣੇ ਬੱਚਿਆਂ ਨੂੰ ਪਾਲਣ ਲਈ ਆਪਣੇ ਬਜ਼ੁਰਗਾਂ ਦਾ ਸਹਾਰਾ ਲੈਂਦੇ ਹਨ। ਦੋਪਹੀਆ ਵਾਹਨ ਬਹੁਤ ਘੱਟ ਨਜ਼ਰ ਆਉਂਦੇ ਹਨ। ਹਰ ਘਰ ਅੱਗੇ ਵੱਡੀਆਂ-ਵੱਡੀਆਂ ਗੱਡੀਆਂ ਖੜ੍ਹੀਆਂ ਵੇਖੀਆਂ ਜਾ ਸਕਦੀਆਂ ਹਨ। ਇਸ ਮੁਲਕ ਵਿਚ ਬਰਫ਼ ਅਤੇ ਵਰਖਾ ਜ਼ਿਆਦਾ ਪੈਂਦੀਆਂ ਹਨ। ਸਾਲ ਦੇ ਅੱਧੇ ਮਹੀਨਿਆਂ ਵਿਚ ਸਰਦੀ ਜ਼ਿਆਦਾ ਪੈਂਦੀ ਹੈ। ਇੱਥੋਂ ਦੇ ਪੱਕੇ ਵਾਸੀ ਗੋਰੇ ਲੋਕ ਬਾਹਰੋਂ ਆਏ ਲੋਕਾਂ ਨਾਲ ਇਸ ਲਈ ਨਫ਼ਰਤ ਕਰਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਬਾਹਰੋਂ ਆਏ ਲੋਕਾਂ ਨੇ ਉਨ੍ਹਾਂ ਦੇ ਰੁਜ਼ਗਾਰ ਦੇ ਮੌਕੇ ਖੋਹ ਲਏ ਹਨ। ਕੈਨੇਡਾ ਵਿਚ ਚੰਗੀ ਨੌਕਰੀ ਲੈਣ ਲਈ ਇੱਥੋਂ ਦੀ ਪੜ੍ਹਾਈ ਕਰਨੀ ਪੈਂਦੀ ਹੈ। ਵਰਤੋਂ ਦੀਆਂ ਜ਼ਿਆਦਾਤਰ ਚੀਜ਼ਾਂ ਬਾਹਰੋਂ ਆਉਂਦੀਆਂ ਹਨ। ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਹਨ। ਲੋਕ ਲਾਇਬ੍ਰੇਰੀਆਂ 'ਚ ਜਾ ਕੇ ਪੜ੍ਹਨਾ ਪਸੰਦ ਕਰਦੇ ਹਨ। ਲੋਕਾਂ ਦੀ ਜ਼ਿੰਦਗੀ ਮਸ਼ੀਨ ਵਾਂਗ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸ ਮੁਲਕ ਦੀ ਆਬੋ-ਹਵਾ, ਮਾਹੌਲ, ਨਿਯਮਾਂ, ਕਾਨੂੰਨਾਂ ਅਤੇ ਲੋਕਾਂ ਦੀਆਂ ਆਦਤਾਂ ਤੋਂ ਕਾਫ਼ੀ ਕੁਝ ਸਿੱਖਣ ਨੂੰ ਮਿਲ ਸਕਦਾ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




### ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਗੋਨਾਡੋਟਰੌਫਿਨ ਹਾਰਮੋਨਜ ਕਮੀਆਂ ਦੇ ਕਾਰਨਾਂ ਨਾਲ ਸੰਬੰਧਿਤ ਸੈਕਸ ਅਤੇ ਸਰੀਰਕ ਸਮੱਸਿਆਵਾਂ** : ਬੀਤੇ ਹਫਤੇ ਤੋਂ ਅਸੀਂ ਜਵਾਨੀ ਵਿੱਚ ਪੈਰ ਰੱਖ ਚੁੱਕੇ ਜੀਵਨ ਯਾਨੀ ਮਰਦਾਂ ਤੇ ਔਰਤਾਂ ਦੀਆਂ ਜਮਾਂਦਰੂ ਜਾਂ ਕਹੋ ਹਾਰਮੋਨਜ ਦੀਆਂ ਕਮੀਆਂ ਪੇਸ਼ੀਆਂ ਕਰਕੇ ਸੈਕਸ ਕਮਜ਼ੋਰੀਆਂ ਉਪਰ ਵਿਚਾਰ ਕਰ ਰਹੇ ਹਾਂ। ਇਸੇ ਗੱਲ ਨੂੰ ਵਿਚਾਰਦਿਆਂ ਅਸਾਂ ਪਿਛਲੇ ਲੈਕਚਰ ਵਿੱਚ ਵੀ ਦੱਸਿਆ ਸੀ ਕਿ ਹਾਈਪੋਗੋਨਾਡੋਰੋਫਿਨ ਮਤਲਬ ਸੈਕਸ ਅੰਗਾਂ ਤੇ ਸੈਕਸ ਕਿਰਿਆਵਾਂ ਨਾਲ ਸੰਬੰਧਿਤ ਹਾਰਮੋਨਜ ਦੀ ਘੱਟ ਪੈਦਾਵਾਰ ਹੋਣ ਕਰਕੇ ਸਾਡਾ ਮਾਸਟਰ ਗਲੈਂਡ ਪਿਚੂਏਟਰੀ ਗਲੈਂਡ ਜਿਹੜਾ ਸਾਡੇ ਬਰੇਨ ਦੇ ਹੇਠਲੇ ਪਾਸੇ ਬਿਲਕੁਲ ਬਰੇਨ ਦੇ ਵਿਚਕਾਰ ਸਿਰਫ ਮਟਰ ਦੇ ਦਾਣੇ ਜਿੰਨਾਂ ਗਲੈਂਡ ਹੁੰਦਾ ਹੈ ਜਿਸਦੀ ਸਾਹਮਣੇ ਤੋਂ ਇਸ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾ ਕਹਿ ਸਕਦੇ ਹਾਂ ਕਿ ਦੋ ਅੱਖਾਂ ਦੇ ਵਿਚਕਾਰ ਦੇ ਬਿੰਦੂ ਤੋਂ ਬਰੇਨ ਵੱਲ ਪਿਛੇ ਵੱਲ ਜਾਈਏ ਤਾਂ ਬਰੇਨ ਦੇ ਸੈਂਟਰ ਵਿੱਚ ਜਿਥੇ ਸਾਈਡਾਂ ਯਾਨੀ ਕੰਨਾਂ ਤੋਂ ਖਿੱਚੀਆਂ ਲਾਈਨਾਂ ਆਪਸ ਵਿੱਚ ਮਿਲ ਸਕਦੀਆਂ ਹਨ ਠੀਕ ਉਸੇ ਜਗਾ ਇਹ ਗਲੈਂਡ ਮੌਜੂਦ ਹੈ। ਬੇਸ਼ਕ ਅਕਾਰ ਵਿੱਚ ਇਹ ਬਹੁਤ ਛੋਟਾ ਹੈ ਅਤੇ ਸਰੀਰ ਵਿੱਚ ਮੌਜੂਦ ਹੋਰ ਸਭ ਹਾਰਮੋਨਜ ਪੈਦਾ ਕਰਨ ਵਾਲੀਆਂ ਸਾਰੀਆਂ ਗਿਲਟੀਆਂ ਨਾਲੋਂ ਛੋਟਾ ਹੈ। ਪਰ ਅਚੰਭੇ ਦੀ ਗੱਲ ਇਹ ਹੈ ਕਿ ਸਰੀਰ ਵਿਚ ਮੌਜੂਦ ਬਾਕੀ ਸਭ ਹਾਰਮੋਨਜ ਪੈਦਾ ਕਰਨ ਵਾਲੀਆਂ ਗਿਲਟੀਆਂ ਵਿਚੋ ਸਭ ਤੋਂ ਜ਼ਿਆਦਾ ਗਿਣਤੀ ਹਾਰਮੋਨਜ ਦੀ ਇਹ ਪੈਦਾ ਕਰਦਾ ਹੈ। ਜਿਹਨਾਂ ਦਾ ਵੇਰਵਾ ਇੰਡੋਕਰਾਈਨ ਗਲੈਂਡ ਨਾਲ ਸੰਬੰਧਿਤ ਪਿਚਰੋਟਰੀ ਗਲੈਂਡ ਦੇ ਵਿਸਥਾਰ ਸਮੇਂ ਦਿੱਤਾ ਜਾਵੇਗਾ। ਹੁਣ ਕੇਵਲ ਏਨਾ ਹੀ ਯਾਦ ਰੱਖਣਯੋਗ ਹੈ ਕਿ ਹਾਈਪੋਥੈਲਮਸ ਬਰੇਨ ਦੇ ਹਿੱਸੇ ਦਾ ਨਾ ਹੈ ਜਿਸ ਬਾਰੇ ਬਰੇਨ ਦੇ ਲੈਕਚਰ ਵਿੱਚ ਵਿਸਥਾਰ ਨਾਲ ਦੱਸਿਆ ਜਾਵੇਗਾ। ਇਹ ਗੋਨਾਡੋਟਰੌਫਿਨ ਗਿਲਟੀਆਂ ਵਿਚੋਂ ਗੋਨਾਡੋਟਰੌਫਿਨ ਹਾਰਮੋਨ ਪੈਦਾ ਕਰਨ ਵਾਲਾ ਹਾਰਮੋਨ ਪੈਦਾ ਕਰਦਾ ਹੈ। ਭਾਵ ਇਹ ਹੋਇਆ ਕਿ ਇਹ ਆਪ ਵੀ ਹਾਰਮੋਨ ਪੈਦਾ ਕਰਦਾ ਹੈ ਜਿਸ ਦਾ ਕੰਮ ਅੱਗੇ ਹਾਰਮੋਨਜ ਪੈਦਾ ਕਰਨ ਵਾਲੇ ਪਿਚਰੋਟਰੀ ਯਾਨੀ ਸਾਡੇ ਸਰੀਰ ਦੇ ਮਾਸਟਰ ਗਲੈਂਡ ਨੂੰ ਹੋਰ ਗੋਨਾਡੋਟਰੌਫਿਨ ਹਾਰਮੋਨ ਪੈਦਾ ਕਰਨ ਲਈ ਉਕਸਾਉਣਾ ਹੈ। ਸੋ ਇਸ ਦੀ ਕਾਰਵਾਈ ਨਾਲ ਸਾਡੇ ਪਿਚਰੋਟਰੀ ਗਲੈਂਡ ਦੀ ਕਾਰਵਾਈ ਤੇਜ਼ ਹੁੰਦੀ ਹੈ ਜਿਸ ਦੇ ਸਿੱਟੇ ਵਜੋਂ ਪਿਚਰੋਟਰੀ ਦੇ ਪਿਛਲੇ ਹਿੱਸੇ ਵਿਚੋ ਐਲ ਐਚ ਹਾਰਮੋਨਜ ਤੇ ਐਫ ਐਸ ਐਚ ਹਾਰਮੋਨਜ ਪੈਦਾ ਹੁੰਦੇ ਹਨ ਜਿਹਨਾਂ ਵਿਚੋਂ ਇਕ ਨੂੰ ਪਹਿਲੀ ਕਿਰਿਆ ਦੇ ਤੌਰ 'ਤੇ ਲਿਉਟੀਨਾਈਜਿੰਗ ਹਾਰਮੋਨਜ ਕਹਿੰਦੇ ਹਨ ਤੇ ਦੂਸਰੇ ਨੂੰ ਫੌਲੀਕੂਲਰ ਸਟਿਮੂਲੇਟਿੰਗ ਹਾਰਮੋਨ ਕਹਿੰਦੇ ਹਨ। ਜੋ ਸਮੇਂ ਅਨੁਸਾਰ ਯਾਨੀਮੈਨਸਿਸ ਆਉਣ ਦੀ ਪ੍ਰਕਿਰਿਆ ਸਮੇਂ ਓਵਰੀ ਤੇ ਬੱਚੇਦਾਨੀ ਨੂੰ ਮਦਦ ਕਰਦਾ ਹੈ ਅਤੇ ਇਸੇ ਤਰ੍ਹਾਂ ਹੀ ਔਰਤਾਂ ਦੀਆਂ ਛਾਤੀਆਂ ਵਿੱਚ ਦੁੱਧ ਬਣਨ ਦੀ ਕਿਰਿਆ ਸ਼ੁਰੂ ਕਰਨ ਲਈ ਲੋੜ ਅਨੁਸਾਰ ਔਰਤ ਦੀਆਂ ਛਾਤੀਆਂ ਨੂੰ ਮਦਦ ਕਰਦਾ ਹੈ। ਇਹ ਯਾਦ ਰੱਖ ਲੈਣਾ ਵੀ ਸਹੀ ਹੋਵੇਗਾ ਕਿ ਕਈ ਵੇਰ ਇਸੇ ਹਾਰਮੋਨ ਦੀ ਲੋੜ ਤੋਂ ਵੱਧ ਪੈਦਾਵਾਰ ਕਰਕੇ ਔਰਤਾਂ ਵਿੱਚ ਮਾਸਿਕ ਧਰਮ ਸਮੇਂ ਅਤੇ ਮਰਦਾ ਦੀਆਂ ਛਾਤੀਆਂ ਵਿੱਚ ਗਾਇਨਾ ਕੋਮੈਸਟੀਆ ਵਰਗੇ ਹਾਲਾਤਾਂ ਵਿੱਚ ਦੁੱਧ ਵਰਗਾ ਸੀਰਮ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹਨਾਂ ਹਾਰਮੋਨਜ ਨੂੰ ਪਿਚਰੋਟਰੀ ਗਲੈਂਡ ਦੇ ਗੋਨਾਡੋਟਰੌਫਿਨ ਹਾਰਮੋਨਜ ਕਹਿੰਦੇ ਹਨ। ਬਲਕਿ ਹਾਰਮੋਨਜ ਪੈਦਾ ਕਰਨ ਵਾਲੇ ਏਜੇਂਟ ਕਹਿੰਦੇ ਹਨ। ਇਸੇ ਤਰ੍ਹਾਂ ਹੀ ਮਰਦ ਜੀਵਨ ਦੇ ਜਵਾਨੀ ਚੜ੍ਹਦੇ ਸਮੇਂ ਤੋਂ ਟੈਸਟਿਸ ਤੇ ਔਰਤ ਦੀ ਬੱਚੇਦਾਨੀ ਤੇ ਓਵਰੀ ਵਰਗੇ ਗੋਨਾਡ ਅੰਗਾਂ ਨੂੰ ਉਹਨਾਂ ਦੇ ਕੰਮ ਲਈ ਉਤਸਾਹਿਤ ਕਰਦਾ ਹੈ। ਜਿਸ ਵਿੱਚ ਪ੍ਰਭਾਵੀ ਸੈਕਸ ਕਿਰਿਆ ਵੀ ਸ਼ਾਮਲ ਹੈ।

ਮਰਦ ਜੀਵਨ ਵਿੱਚ ਇਹਨਾਂ ਕਮੀਆਂ ਕਰਕੇ ਸੈਕਸ ਸੰਬੰਧਾਂ ਤੇ ਕੀ ਅਸਰ ਹੁੰਦਾ ਹੈ ਬੇਸ਼ੱਕ ਇਸ ਬਾਰੇ ਪਿਛਲੇ ਲੈਕਚਰ ਵਿੱਚ ਵੀ ਵਿਚਾਰਿਆ ਸੀ ਕਿ ਉਤੇਜਨਾ ਦੀ ਕਮੀ ਦੇ ਨਾਲ-ਨਾਲ ਉਤੇਜਨਾ ਸਮੇਂ ਅਕੜਾਅ ਦੀ ਕਮੀ ਇੰਦਰੀ ਦੀ ਪੂਰੀ ਲੰਬਾਈ ਵਿੱਚ ਕਮੀ। ਸਰੀਰਕ ਬਣਤਰ ਵਿੱਚ ਮਰਦਾਂ ਵਿੱਚ ਦਾਹੜੀ ਮੁੱਛਾਂ, ਕੱਛਾ ਅਤੇ ਜਨਣ ਅੰਗਾਂ ਉਪਰ ਪਿਉਬਰਟੀ ਭਾਵ ਜਵਾਨੀ ਚੜ੍ਹਣ ਸਮੇਂ ਉੱਗਣ ਵਾਲੇ ਵਾਲਾ ਦੀ ਕਮੀ ਦੇ ਨਾਲ-ਨਾਲ ਜੀਵਨ ਵਿਚ ਉਤਸਾਹ ਦੀ ਕਮੀ ਦਿਖਾਈ ਦਿੰਦੀ ਹੈ।

ਜਵਾਨ ਹੋ ਰਹੀ ਲੜਕੀ ਯਾਨੀ ਗਿਆਰਾਂ-ਬਾਰਾਂ ਸਾਲ ਦੀ ਉਮਰ ਵਿਚ ਪਿੰਉਬਰਟੀ ਦੀ ਉਮਰ ਦੀ ਸ਼ੁਰੂਆਤ ਹੁੰਦੀ ਹੈ ਉਸ ਸਮੇਂ ਵਿੱਚ ਅਗਰ ਲੋੜੀਂਦੇ ਹਾਰਮੋਨਜ ਦੀ ਕਮੀ ਹੋ ਰਹੀ ਹੋਵੇ ਤਾਂ ਜੋ ਹਾਲਾਤ ਬਣਦੇ ਹਨ ਉਸ ਨੂੰ ਲੇਟ ਪਿਉਬਰਟੀ ਕਹਿੰਦੇ ਹਨ । ਯਾਨੀ ਸਤਾਰਾਂ ਅਠਾਰਾਂ ਸਾਲ ਦੀ ਉਮਰ ਵਿੱਚ ਪਹੁੰਚ ਕੇ ਵੀ ਲੜਕੀਆਂ ਵਿਚ ਇਹ ਜਵਾਨੀ ਦੀਆਂ ਨਿਸ਼ਾਨੀਆਂ ਸ਼ੁਰੂ ਨਹੀਂ ਹੁੰਦੀਆਂ। ਲੜਕਿਆਂ ਵਾਂਗ ਹੀ ਜਿਵੇਂ ਕੱਛਾ ਵਿਚ ਤੇ ਜਨਣ ਅੰਗਾਂ ਉੱਪਰ ਵੀ ਵਾਲਾ ਦੀ ਕਮੀ ਹੁੰਦੀ ਹੈ। ਲੜਕੀਆਂ ਵਿੱਚ ਮਾਸਿਕ ਧਰਮ ਜਾਂ ਤਾਂ ਸ਼ੁਰੂ ਹੀ ਨਹੀਂ ਹੁੰਦਾ ਜਾਂ ਅਗਰ ਮੈਨਸਿਸ ਸ਼ੁਰੂ ਵੀ ਹੁੰਦੇ ਹਨ ਤਾਂ ਤਬੇਤਰਤੀਬਾਂ ਤੇ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਨਾਲ ਸ਼ੁਰੂ ਹੁੰਦਾ ਹੈ। ਮਾਨਸਿਕ ਤੌਰ 'ਤੇ ਸੈਕਸ ਉਤੇਜਨਾਵਾਂ ਵੀ ਪ੍ਰਭਾਵੀ ਨਹੀਂ ਹੁੰਦੀਆਂ ਤੇ ਨਾ ਹੀ ਛਾਤੀਆਂ ਵਿਚ ਕੋਈ ਲੋੜੀਂਦਾ ਵਾਧਾ ਹੁੰਦਾ ਹੈ। ਅਸੀਂ ਉਪਰੋਕਤ ਬਿਰਤਾਂਤ ਤੋਂ ਭਲੀ ਭਾਂਤ ਅੰਦਾਜ਼ਾ ਲਗਾ ਸਕਦੇ ਹਾਂ ਕਿ ਜੇ ਹਾਈਪੋਥੈਲਮਸ ਵਿਚੋਂ ਗੋਨਾਡੋਟਰੌਫਿਨ ਹਾਰਮੋਨਾ ਨੂੰ ਪਿਚਰੋਟਰੀ ਗਲੈਂਡ ਵਿਚੋਂ ਹਾਰਮੋਨਜ ਪੈਦਾ ਕਰਨ ਵਾਲੀ ਕਿਰਿਆ ਯਾਨੀ ਹਾਰਮੋਨਜ ਚਾਲੂ ਕਰਵਾਉਣ ਵਾਲਾ ਰਸ ਹੀ ਨਹੀਂ ਨਿਕਲਿਆ ਤਾਂ ਪਿਚਰੋਟਰੀ ਗਲੈਂਡ ਔਰਤ ਅਤੇ ਆਦਮੀ ਦੇ ਗੋਨਾਡ ਨੂੰ ਚੁਸਤ ਫੁਰਤ ਬਣਾਉਣ ਵਾਲੇ ਗੋਨਾਡੋਟਰੌਫਿਨ ਹਾਰਮੋਨ ਪੈਦਾ ਹੀ ਨਹੀਂ ਹੋਣਗੇ।

ਸਮਝਣਾ ਹੋਰ ਅਸਾਨ ਕਰਾ ਕਿ ਪੀਟਰ ਇੰਜਨ ਤਾਂ ਤੁਸਾਂ ਟਿਊਬਵੈਲ ਬੋਰ ਨਾਲ ਜੋੜ ਦਿੱਤਾ ਹੈ ਪਰ ਪੀਟਰ ਇੰਜਨ ਨੂੰ ਚਾਲੂ ਕਰਨ ਵਾਲਾ ਹੈਂਡਲ ਹੀ ਨਹੀਂ ਕੰਮ ਕਰ ਰਿਹਾ ਤਾਂ ਪੀਟਰ ਇੰਜਨ ਸਟਾਰਟ ਹੀ ਨਹੀਂ ਹੋਵੇਗਾ। ਅਗਰ ਪੀਟਰ ਇੰਜਨ ਸਟਾਰਟ ਨਾ ਹੋਇਆ ਤਾਂ ਟਿਊਬਵੈਲ ਬੋਰ ਵਾਲੀ ਸਾਫਟ ਹੀ ਨਹੀਂ ਤੁਰੇਗੀ ਤੇ ਜੇ ਸਾਫਟ ਨਾ ਤੁਰੀ ਬੋਰ ਦੀ ਬੋਕੀ ਪਾਣੀ ਨਹੀਂ ਖਿੱਚੇਗੀ ਤੇ ਫਸਲ ਕਿਵੇ ਉੱਗ ਸਕਦੀ ਹੈ ਕਿਵੇ ਪੱਕ ਸਕਦੀ ਹੈ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸੋ ਸਪਸਟ ਹੋ ਗਿਆ ਕਿ ਹਾਈਪੋਥੈਲਮਸ ਤੋਂ ਯਾਕਹੋ ਟਿਊਬਵੈਲ ਤੋਂ ਲੈ ਕੇ ਪਾਣੀ ਨਿਕਲਣ ਤੱਕ ਤੇ ਫਸਲ ਉੱਗਣ ਤੱਕ ਕੁਝ ਵੀ ਹਾਰਮੋਨਜ ਰਾਹੀਂ ਹੋਣ ਵਾਲਾ ਸਕਾਰਾਤਮਿਕ ਨਹੀਂ ਹੋ ਸਕੇਗਾ ਮਤਲਬ ਨਾ ਹੀ ਜੀਵਨ ਤੋਂ ਜੀਵਨ ਪੈਦਾ ਕਰਨ ਦਾ ਕਰਮ ਸਕਾਰਆਤਮਕ ਹੋ ਸਕੇਗਾ।

ਸੋ ਸਰੀਰ ਦੀ ਬਣਤਰ, ਸਰੀਰ ਦੀ ਗਰਮੀ ਯਾਨੀ ਬੁਖਾਰ ਯਾਨੀ ਦਰਜਾ ਹਰਾਰਤ, ਦਾ ਨਾਰਮਲ ਹੋਣਾ ਸਰੀਰ ਵਿੱਚ ਪਾਣੀ ਅਤੇ ਸਰੀਰ ਲਈ ਜ਼ਰੂਰੀ ਨਮਕ ਯਾਨੀ ਮਿਨਰਲ ਤੱਤਾ ਦਾ ਨਾਰਮਲ ਹੋਣਾ, ਸਰੀਰ ਦਾ ਭਾਰ ਸਰੀਰ ਦਾ ਵਾਧਾ, ਭੁੱਖ ਲੱਗਣਾ ਮਾਨਸਿਕ ਪੱਧਰ ਦਾ ਉਮਰ ਦੇ ਹਿਸਾਬ ਨਾਰਮਲ ਹੋਣਾ ਸੈਕਸ ਕਿਰਿਆ ਜੀਵਨ ਤੋਂ ਜੀਵਨ ਦੀ ਉਤਪਤੀ ਦੀਆਂ ਕਿਰਿਆਵਾਂ ਦਾ ਨਾਰਮਲ ਹੋਣਾ ਇਹ ਸਭ ਕੰਮ ਅਧੂਰੇ ਰਹਿ ਜਾਂਦੇ ਹਨ।

(ਚੱਲਦਾ)







# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

**ਸਾਨੂੰ 16 ਸਾਲਾਂ ਦਾ ਤਰਜਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

**TRUCKING SERVICES AVAILABLE**

- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**

- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**CALIFORNIA DMV LIV. # 40524**




# PUNJABI AMERICAN ASSOCIATION MANTECA

Proudly presents

# ਗਿਆਰਵਾਂ ਵਿਸਾਖੀ ਖੇਡ ਮੇਲਾ

## Saturday may 6th, 2023 from 9am to 7pm

**At Woodward Park, lower basin 710 E, Woodward Ave, Manteca, CA 95337**

**Vaisaki bumper Raffle** (70th flat screen TV, laptops, game console, BBQ home audio system, bicycle and many more items....)


**Traditional fun games for kids**

**Tug of war**

**Games and sports for all age groups**

**Folk dance bhangra & gidha**

**Free admission**



**For more information call Tony Dhailwal @ (209)482-2948 Birinder singh @ (510)750-4135**

**E-mail: Paam.ca2010@gmail.com**

**On site police officers will be present.** **Strictly NO DRUGS OR ALCOHOL allowed on mela Grounds.**



Host
Mandeep bhullar
Cultural events




Host
Navina mann
Cultural events



Host
Harminder S.samana
Sports event
Law office of Anthony Nwosu

# ਭਾਰਤ ਚ ਹੋ ਰਹੇ ਵੱਡੇ ਬਦਲਾਅ, 2070 ਤੱਕ ਬਣਿਆ ਰਹੇਗਾ ਸਭ ਤੋਂ ਵੱਧ ਨੌਜਵਾਨਾਂ ਵਾਲਾ ਦੇਸ਼ : ਸੰਧੂ



ਵਾਸ਼ਿੰਗਟਨ : ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਭਾਰਤ-ਅਮਰੀਕਾ ਭਾਈਵਾਲੀ ਅਜਿਹੇ ਪੜਾਅ 'ਤੇ ਹੈ ਜੋ ਨਾ ਸਿਰਫ ਦੋਵਾਂ ਦੇਸ਼ਾਂ ਸਗੋਂ ਵਿਸ਼ਵ ਦੇ ਹਿੱਤ ਵਿੱਚ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਵਿੱਚ ਵੱਡੇ ਬਦਲਾਅ ਹੋ ਰਹੇ ਹਨ। ਬੁੱਧਵਾਰ ਨੂੰ ਯੂ.ਐੱਸ ਕੈਪੀਟਲ ਹਿੱਲ (ਯੂ.ਐੱਸ ਪਾਰਲੀਮੈਂਟ ਹਾਊਸ) ਵਿਖੇ ਭਾਰਤੀ-ਅਮਰੀਕੀਆਂ ਦੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਸੰਧੂ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਆਪਣੇ ਸਬੰਧਾਂ ਨੂੰ ਹੋਰ ਡੂੰਘਾ ਕਰ ਰਹੇ ਹਨ ਅਤੇ ਖਾਸ ਤੌਰ 'ਤੇ ਭਾਰਤੀ ਪ੍ਰਵਾਸੀ ਇੱਕ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ 'ਭਾਰਤ ਵਿੱਚ ਕੁਝ ਵੱਡੇ ਬਦਲਾਅ ਹੋ ਰਹੇ ਹਨ, ਜੋ ਭਾਰਤ-ਅਮਰੀਕਾ ਸਾਂਝੇਦਾਰੀ ਵਿੱਚ ਵੀ ਦਿਖਾਈ ਦੇ ਰਹੇ ਹਨ।'

**2070 ਤੱਕ ਭਾਰਤ ਬਣਿਆ ਰਹੇਗਾ ਸਭ ਤੋਂ ਵੱਧ ਨੌਜਵਾਨਾਂ ਵਾਲਾ ਦੇਸ਼**

ਸੰਧੂ ਮੁਤਾਬਕ ਉਹਨਾਂ ਨੂੰ ਲੱਗਦਾ ਹੈ ਕਿ ਇਸ ਦਾ ਪਹਿਲਾ ਅਤੇ ਪ੍ਰਮੁੱਖ ਪਹਿਲੂ ਇਹ ਹੈ ਕਿ ਭਾਰਤ ਇੱਕ ਪ੍ਰਾਚੀਨ ਸਭਿਅਤਾ ਹੈ, ਪਰ ਇਸਦੇ ਨਾਲ ਹੀ ਇਹ ਇੱਕ ਬਹੁਤ ਹੀ ਨੌਜਵਾਨ ਦੇਸ਼ ਵੀ ਹੈ। ਉਹਨਾਂ ਨੇ ਕਿਹਾ ਕਿ ਭਾਰਤ ਦੇ 1.4 ਅਰਬ ਲੋਕਾਂ ਵਿਚੋਂ 50 ਫ਼ੀਸਦੀ 26 ਸਾਲ ਦੇ ਹਨ। ਇਸ ਦਾ ਫੌਰੀ ਨਤੀਜਾ ਹੈ ਕਿ 2070 ਤੱਕ ਭਾਰਤ ਸਭ ਤੋਂ ਵੱਧ ਨੌਜਵਾਨਾਂ ਵਾਲਾ ਦੇਸ਼ ਬਣਿਆ ਰਹੇਗਾ। ਸੰਧੂ ਨੇ ਇਹ ਬਿਆਨ ਬੁੱਧਵਾਰ ਨੂੰ ਕਾਂਗਰਸ ਦੇ ਇੰਡੀਆ ਕਾਕਸ ਦੇ ਕੋ-ਚੇਅਰਮੈਨ ਰੋ ਖੰਨਾ ਵੱਲੋਂ ਆਯੋਜਿਤ ਭਾਰਤ-ਅਮਰੀਕਾ ਸੰਮੇਲਨ ਦੌਰਾਨ ਦਿੱਤਾ।

ਇਸ ਪ੍ਰੋਗਰਾਮ ਵਿਚ ਮੌਜੂਦ ਪ੍ਰਤੀਨਿਧ ਸਦਨ ਵਿੱਚ ਵਿਰੋਧੀ ਧਿਰ ਦੇ ਨੇਤਾ ਹਕੀਮ ਜੈਫਰੀਜ਼ ਨੇ ਕਿਹਾ ਕਿ ਸਾਂਝੀਆਂ ਲੋਕਤਾਂਤਰਿਕ ਕਦਰਾਂ-ਕੀਮਤਾਂ ਅਤੇ ਸਾਂਝੇ ਰਣਨੀਤਕ ਹਿੱਤਾਂ ਕਾਰਨ ਅਮਰੀਕਾ ਅਤੇ ਭਾਰਤ ਵਿਚਾਲੇ ਸਬੰਧ ਮਹੱਤਵਪੂਰਨ ਤੌਰ 'ਤੇ ਵਧਦੇ ਰਹਿਣਗੇ, ਖਾਸ ਤੌਰ 'ਤੇ ਅਮੀਰ ਇੰਡੋ-ਪੈਸੀਫਿਕ ਖੇਤਰ ਵਿਚ। ਭਾਰਤ, ਅਮਰੀਕਾ ਅਤੇ ਕਈ ਹੋਰ ਵਿਸ਼ਵ ਸ਼ਕਤੀਆਂ ਇਸ ਖੇਤਰ ਵਿੱਚ ਚੀਨ ਦੀ ਵਧ ਰਹੀ ਫੌਜੀ ਮੌਜੂਦਗੀ ਦੇ ਪਿਛੋਕੜ ਵਿੱਚ ਇੱਕ ਆਜ਼ਾਦ, ਖੁੱਲ੍ਹੇ ਅਤੇ ਖੁਸ਼ਹਾਲ ਇੰਡੋ-ਪੈਸੀਫਿਕ ਨੂੰ ਯਕੀਨੀ ਬਣਾਉਣ ਦੀ ਲੋੜ 'ਤੇ ਜ਼ੋਰ ਦੇ ਰਹੀਆਂ ਹਨ। ਜੈਫਰੀਜ਼ ਨੇ ਕਿਹਾ ਕਿ 'ਅਮਰੀਕਾ ਅਤੇ ਭਾਰਤ ਵਿਚਕਾਰ ਸਬੰਧ ਹੁਣ ਮਹੱਤਵਪੂਰਨ ਹਨ ਅਤੇ ਸਾਡੀਆਂ ਸਾਂਝੀਆਂ ਲੋਕਤਾਂਤਰਿਕ ਕਦਰਾਂ-ਕੀਮਤਾਂ ਕਾਰਨ ਮਹੱਤਵ ਵਧਦਾ ਰਹੇਗਾ।'

# ਲਖੀਮਪੁਰ ਖੀਰੀ ਹਿੰਸਾ ਕੇਸ ਦੀ ਰੋਜ਼ਾਨਾ ਸੁਣਵਾਈ ਅਸੰਭਵ: ਸੁਪਰੀਮ ਕੋਰਟ

## *ਹੇਠਲੀ ਅਦਾਲਤ 'ਚ ਬਕਾਇਆ ਪਏ ਹੋਰ ਕੇਸਾਂ 'ਤੇ ਅਸਰ ਪੈਣ ਦਾ ਬੈਂਚ ਨੇ ਦਿੱਤਾ ਹਵਾਲਾ*

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਿਹਾ ਹੈ ਕਿ 2021 ਦੇ ਲਖੀਮਪੁਰ ਖੀਰੀ ਹਿੰਸਾ ਕੇਸ ਦੀ ਹੇਠਲੀ ਅਦਾਲਤ ਨੂੰ ਰੋਜ਼ਾਨਾ ਸੁਣਵਾਈ ਕਰਨ ਦੇ ਨਿਰਦੇਸ਼ ਦੇਣਾ ਅਸੰਭਵ ਹੈ ਕਿਉਂਕਿ ਇਸ ਨਾਲ ਹੋਰ ਬਕਾਇਆ ਪਏ ਕੇਸਾਂ 'ਤੇ ਅਸਰ ਪੈ ਸਕਦਾ ਹੈ। ਇਸ ਮਾਮਲੇ 'ਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮੁਲਜ਼ਮਾਂ 'ਚ ਸ਼ਾਮਲ ਹੈ। ਜਸਟਿਸ ਸੂਰਿਆਕਾਂਤ ਅਤੇ ਜੇ ਕੇ ਮਹੇਸ਼ਵਰੀ ਦੇ ਬੈਂਚ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਹੇਠਲੀ ਅਦਾਲਤ ਕੇਸ 'ਤੇ ਪੂਰੀ ਇਮਾਨਦਾਰੀ ਨਾਲ ਸੁਣਵਾਈ ਕਰ ਰਹੀ ਹੈ। ਹਿੰਸਾ ਦੌਰਾਨ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਬੈਂਚ ਨੂੰ ਅਪੀਲ ਕੀਤੀ ਸੀ ਕਿ ਉਹ ਹੇਠਲੀ ਅਦਾਲਤ ਨੂੰ ਮਾਮਲੇ ਦੀ ਰੋਜ਼ਾਨਾ ਆਧਾਰ 'ਤੇ ਸੁਣਵਾਈ ਲਈ ਆਖੇ ਕਿਉਂਕਿ ਕਰੀਬ 200 ਗਵਾਹਾਂ 'ਚੋਂ ਸਿਰਫ਼ ਤਿੰਨ ਦੇ ਅਜੇ ਤੱਕ ਬਿਆਨ ਕਲਮਬੰਦ ਕੀਤੇ ਗਏ ਹਨ। ਬੈਂਚ ਨੇ ਕਿਹਾ ਕਿ ਇਹ ਸੰਭਵ ਨਹੀਂ ਹੋ ਸਕਦਾ



ਕਿਉਂਕਿ ਹੇਠਲੀ ਅਦਾਲਤ ਅਜਿਹੇ ਹੋਰ ਮਾਮਲਿਆਂ ਨੂੰ ਦੇਖ ਰਹੀ ਹੈ। ਹਾਲਾਂਕਿ, ਭੂਸ਼ਨ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਕੇਸ 20 ਸਾਲ ਤੱਕ ਚੱਲਦੇ ਰਹਿੰਦੇ ਹਨ ਅਤੇ ਉਦੋਂ ਤੱਕ ਕੇਸ ਨਾਲ ਸਬੰਧਿਤ ਕਈ ਗਵਾਹਾਂ ਦੀ ਮੌਤ ਹੋ ਜਾਂਦੀ ਹੈ। ਬੈਂਚ ਨੇ ਕਿਹਾ ਕਿ ਇਹੀ ਕਾਰਨ ਹੈ ਕਿ ਉਨ੍ਹਾਂ ਮਾਮਲੇ ਨੂੰ ਪੈਂਡਿੰਗ ਰੱਖਿਆ ਹੈ। ਭੂਸ਼ਨ ਨੇ ਕਿਹਾ ਕਿ ਹੇਠਲੀ ਅਦਾਲਤ ਨੂੰ ਇਕ ਹਫ਼ਤੇ 'ਚ ਦੋ ਪ੍ਰਤੱਖਦਰਸ਼ੀਆਂ ਦੇ ਬਿਆਨ ਕਲਮਬੰਦ ਕੀਤੇ ਜਾਣ ਲਈ ਆਖਿਆ ਜਾ ਸਕਦਾ ਹੈ। ਬੈਂਚ ਨੇ ਕਿਹਾ ਕਿ ਹੇਠਲੀ ਅਦਾਲਤ ਵੱਲੋਂ ਇਸ ਮਾਮਲੇ 'ਤੇ 5 ਮਈ ਨੂੰ ਸੁਣਵਾਈ ਕੀਤੀ ਜਾਵੇਗੀ। ਸੁਪਰੀਮ ਕੋਰਟ ਨੇ ਮਾਮਲੇ ਦੀ ਸੁਣਵਾਈ 11 ਜੁਲਾਈ ਨੂੰ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਉਸ ਵੱਲੋਂ ਪਹਿਲਾਂ ਦਿੱਤੇ ਗਏ ਅੰਤਰਿਮ ਆਦੇਸ਼ ਜਾਰੀ ਰਹਿਣਗੇ। ਸਿਖਰਲੀ ਅਦਾਲਤ ਨੇ 14 ਮਾਰਚ ਨੂੰ ਕੇਸ ਦੀ ਸੁਣਵਾਈ ਕਰਦਿਆਂ ਕਿਹਾ ਸੀ ਕਿ ਮੁਕੱਦਮਾ ਹੌਲੀ ਰਫ਼ਤਾਰ ਨਾਲ ਨਹੀਂ ਚੱਲ ਰਿਹਾ ਹੈ ਅਤੇ ਸਬੰਧਤ ਸੈਸ਼ਨ ਜੱਜ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਮੁਕੱਦਮੇ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੰਦੇ ਰਹਿਣ। ਉਨ੍ਹਾਂ ਕਿਹਾ ਸੀ ਕਿ ਉਹ ਮੁਕੱਦਮੇ ਦੀ ਨਿਗਰਾਨੀ ਨਹੀਂ ਕਰ ਰਹੇ ਹਨ ਪਰ ਉਸ 'ਤੇ 'ਅਸਿੱਧੇ ਤਰੀਕੇ ਨਾਲ ਨਜ਼ਰ' ਰੱਖ ਰਹੇ ਹਨ। ਉਨ੍ਹਾਂ ਕਿਹਾ ਸੀ ਕਿ 25 ਜਨਵਰੀ ਨੂੰ ਜਾਰੀ ਕੀਤੇ ਅੰਤਰਿਮ ਨਿਰਦੇਸ਼ ਜਾਰੀ ਰਹਿਣਗੇ ਜਿਨ੍ਹਾਂ 'ਚ ਆਸ਼ੀਸ਼ ਮਿਸ਼ਰਾ ਨੂੰ ਅੱਠ ਹਫ਼ਤਿਆਂ ਦੀ ਅੰਤਰਿਮ ਜ਼ਮਾਨਤ ਦਿੱਤੀ ਗਈ ਸੀ।

# ਅਮਰੀਕਾ 'ਚ ਭਾਰਤੀ ਮੂਲ ਦਾ ਸ਼ਖ਼ਸ ਬਣਿਆ ਨਸਲੀ ਸਲਾਹਕਾਰ ਬੋਰਡ ਦਾ ਮੈਂਬਰ

ਨਿਊਯਾਰਕ : ਨਿਊਯਾਰਕ ਸ਼ਹਿਰ ਦੇ ਮੇਅਰ ਏਰਿਕ ਐਡਮਸ ਨੇ ਨਸਲੀ ਨਿਆਂ ਚਾਰਟਰ ਸੋਧਾਂ ਦੇ ਐਗਜ਼ੀਕਿਊਸ਼ਨ 'ਤੇ ਇਕ ਨਵਗਠਿਤ ਸਲਾਹਕਾਰ ਬੋਰਡ ਵਿਚ ਭਾਰਤੀ-ਅਮਰੀਕੀ ਉਦੈ ਤਾਂਬਰ ਨੂੰ ਨਿਯੁਕਤ ਕੀਤਾ ਹੈ। 15 ਮੈਂਬਰੀ ਸਲਾਹਕਾਰ ਬੋਰਡ ਇਹ ਯਕੀਨੀ ਬਣਾਉਣ ਵਿਚ ਮਦਦ ਕਰੇਗਾ ਕਿ ਸ਼ਹਿਰ ਨਵੀਨਤਾ, ਨਸਲੀ ਸਮਾਨਤਾ ਦੇ ਕਾਰਜ ਵਿਚ ਦੇਸ਼ ਦੀ ਅਗਵਾਈ ਕਰਨਾ ਜਾਰੀ ਰੱਖੇ ਅਤੇ ਨਵੀਆਂ ਚਾਰਟਰ ਤਬਦੀਲੀਆਂ ਮੁਤਾਬਕ ਕੰਮ ਕਰੇ ਤਾਂਬਰ ਮੌਜੂਦਾ ਸਮੇਂ ਵਿਚ ਨਿਊਯਾਰਕ ਜੂਨੀਅਰ ਟੈਨਿਸ ਐਂਡ ਲਰਨਿੰਗ ਦੇ ਪ੍ਰਧਾਨ ਅਤੇ ਸੀ. ਈ. ਓ. ਹਨ ਜੋ ਦੇਸ਼ ਵਿਚ ਸਭ ਤੋਂ ਵੱਡਾ ਗੈਰ-ਲਾਭਕਾਰੀ ਯੁਵਾ ਟੈਨਿਸ ਅਤੇ ਸਿੱਖਿਆ ਪ੍ਰੋਗਰਾਮ ਹੈ ਅਤੇ ਕੇ. ਜੀ. ਤੋਂ 12ਵੀਂ ਜਮਾਤ ਤੱਕ ਦੇ ਨਿਊਯਾਰਕ ਦੇ 85,000 ਵਿਦਿਆਰਥੀਆਂ ਨੂੰ ਸੇਵਾਵਾਂ ਦੇ ਰਿਹਾ ਹੈ।







ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਕਿਉਂ ਪਈ ਲੋੜ ਇਸ ਕਿਤਾਬ ਦੀ?

ਇਹ ਸੰਸਾਰ ਇਕ ਸੁਹਾਵਣਾ ਬਾਗ ਹੈ ਅਤੇ ਇਸ ਦਾ ਮਾਲੀ ਮੇਰਾ ਸਤਿਗੁਰੂ ਸੱਚਾ ਆਪ ਹੈ। ਹਜ਼ੂਰ ਦਾ ਪਾਵਨ ਹੁਕਮ ਹੈ ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ ਸਦਾ ਸਮਾਲੇ ਕੋ ਨਾਹੀ ਖਾਲੀ॥ ਮਾਝ ਮ. ੩ ਅੰਗ ੧੧੮॥ ਇਸ ਰਹੱਸਵਾਦੀ ਰਮਜ਼ ਵਿਚ ਤਿੰਨ ਚੀਜ਼ਾਂ ਹਨ। ਇਕ ਹੈ ਸੰਸਾਰ, ਦੂਜਾ ਇਕ ਗੁਲਦਸਤਾ ਅਤੇ ਤੀਜਾ ਇਸ ਗੁਲਦਸਤੇ ਵਿਚ ਸਜੇ ਹੋਏ ਫੁੱਲ। ਜੇਕਰ ਇਸ ਰਮਜ਼ ਨੂੰ ਸਮਝਣ ਕੀ ਕੋਸ਼ਿਸ਼ ਕਰੀਏ ਤਾਂ ਇਸ ਨੂੰ ਇਸ ਤਰ੍ਹਾਂ ਵੀ ਵੇਖਿਆ ਜਾ ਸਕਦਾ ਹੈ ਕਿ ਇਹ ਸਾਰਾ ਜਗਤ ਉਸ ਕਰਤੇ ਦਾ ਸਾਜਿਆ ਹੋਇਆ ਇਗ ਬਾਗ ਹੈ। ਇਸ ਬਾਗ ਵਿਚੋਂ ਚੋਣਵੇਂ ਸੋਹਣੇ ਫੁੱਲ ਲੈ ਮਾਲੀ ਸਤਿਗੁਰੂ ਜੀ ਨੇ ਪੰਥ ਰੂਪੀ ਇਕ ਗੁਲਦਸਤਾ ਸਜਾਇਆ ਹੈ। ਹਰ ਗੁਰਸਿੱਖ ਇਸ ਗੁਲਦਸਤੇ ਵਿਚ ਸਜਿਆ ਹੋਇਆ ਇਕ ਫੁੱਲ ਹੈ। ਪਰ ਆਮ ਦੁਨਿਆਵੀ ਫੁੱਲਾਂ ਦੀ ਤਰ੍ਹਾਂ ਇਹ ਫੁੱਲ ਕਦੇ ਮੁਰਝਾਂਦੇ ਨਹੀਂ। ਇਹ ਨਿਰਜੁਰ ਨਿਰੂਪ ਅਤੇ ਸੁੰਦਰ ਸਰੂਪ ਨਿਤ ਨਵੇਂ ਹਨ। ਹੁਣ ਬਾਗ, ਗੁਲਦਸਤਾ ਅਤੇ ਫੁੱਲ ਇਨ੍ਹਾਂ ਤਿੰਨਾਂ ਦੀ ਆਪਣੀ ਹੋਂਦ ਅਤੇ ਵਿਸ਼ੇਸ਼ਤਾ ਹੈ। ਜਿਤਨੀ ਦੇਰ ਤੱਕ ਪੰਥਕ ਗੁਲਦਸਤੇ ਦੇ ਇਹ ਫੁੱਲ ਇਸ ਵਿਚ ਸਜੇ ਰਹਿਣਗੇ ਇਨ੍ਹਾਂ ਵਿਚੋਂ ਖੁਸ਼ਬੂ ਵੀ ਪਸਰੇਗੀ ਅਤੇ ਸੁਹੱਪਣ ਵੀ।

ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਹਰ ਫੁੱਲ ਰੂਪੀ ਗੁਰਸਿੱਖੀ ਨੇ ਗੁਰੂ ਅਤੇ ਵਾਹਿਗੁਰੂ ਵਿਚ ਫਰਕ ਨਹੀਂ ਸਮਝਿਆ। 'ਗੁਰਬਰ ਅਕਾਲ' ਜਾਂ ਗੁਰੂ ਬਰਾਬਰ ਹੈ ਅਕਾਲ ਦੇ ਮਹਾਂਵਾਕ ਮੁਤਾਬਕ ਗੁਰੂ ਨੂੰ ਹਮੇਸ਼ਾ ਵਾਹਿਗੁਰੂ ਦਾ ਸਰਗੁਣ ਸਰੂਪ ਕਰ ਕੇ ਹੀ ਜਾਣਿਆ। ਇਸ ਅਨੁਸਾਰ ਹੀ ਗੁਰੂ, ਪੰਥ ਅਤੇ ਸਿੱਖ ਦੀ ਜੀਵਨ ਜਾਚ ਸਿੱਖ ਰਹਿਤ ਮਰਯਾਦਾ ਵਿਚ ਬੰਨ੍ਹੀ ਹੋਈ ਹੈ।

ਪਰ ਹੁਣ ਕੁਝ ਸਮੇਂ ਤੋਂ ਜਾਣੇ-ਅਣਜਾਣੇ ਨਾਸਤਿਕਤਾ ਦੀ ਹਵਾ ਦੇ ਝੋਂਕੇ ਵਿਚ ਕੁਝ ਫੁੱਲ ਇਸ ਗੁਲਦਾਸਤੇ 'ਚੋਂ ਬਾਹਰ ਕਿਰ ਗਏ ਹਨ ਅਤੇ ਇਹ ਭੁਲੇਖਾ ਪਾ ਬੈਠਕੇ ਕਿ ਉਨ੍ਹਾਂ ਦੀ ਹਸਤੀ ਅਤੇ ਹੋਂਦ ਗੁਰੂ ਤੋਂ ਵੱਖਰੀ ਅਤੇ ਗੁਰੂ ਤੋਂ ਬਿਨਾਂ ਵੀ ਹੋ ਸਕਦੀ ਹੇ। ਇਸ ਲਈ ਉਨ੍ਹਾਂ ਨੇ ਆਪਣੀ ਇਸ ਮਲ+ਇੱਛਾ ਜਾਂ ਮਲੇਛ ਬੁੱਧੀ ਦਾ ਪ੍ਰਗਟਾਵਾ ਕਰਨ ਲਈ ਸਿੱਖ ਰਹਿਤ ਮਰਯਾਦਾ 'ਤੇ ਬੜੇ ਹੀ ਯੋਜਨਾਬੱਧ ਢੰਗ ਨਾਲ ਹਮਲੇ ਸ਼ੁਰੂ ਕਰ ਦਿੱਤੇ। ਚੂੰਕਿ ਸਿੱਖ ਦੀ ਮਰਯਾਦਾ ਨਿਯਮਬੱਧ ਅਤੇ ਨੇਮਬੱਧ ਹੈ ਇਸ ਲਈ ਇਸ ਵਿਚ ਪਈ ਹੋਈ ਥੋੜ੍ਹੀ ਜਿਹੀ ਤਰੇੜ ਵੀ ਉੱਘੜ ਕੇ ਸਾਹਮਣੇ ਆ ਜਾਂਦੀ ਹੈ। ਇੱਟਾਂ ਦੇ ਢੇਰ ਵਿਚ ਨਾ ਤਾਂ ਕਦੇ ਫੁੱਟ ਹੀ ਪੈਂਦੀ ਹੈ ਅਤੇ ਨਾ ਹੀ ਤਰੇੜ। ਪਰ ਹੁਣ ਕੁਝ ਪੰਥ ਵਿਰੋਧੀ ਤਾਕਤਾਂ ਅਤੇ ਸ਼ਕਤੀਆਂ ਵਲੋਂ ਕੌਮੀ ਹਾਲਾਤਾਂ ਦੇ ਮੱਦੇਨਜ਼ਰ ਸਿੱਖ ਰਹਿਤ ਮਰਯਾਦਾ 'ਤੇ ਹੀ ਹਮਲੇ ਸ਼ੁਰੂ ਕਰ ਦਿੱਤੇ ਗਏ। ਐਸੀਆਂ ਗੁਰੂ ਤੋਂ ਬੇਮੁੱਖ ਰੂਹਾਂ ਲਈ ਤਾਂ ਖਾਇ ਖਾਇ ਕਰੇ ਬਦਫੈਲੀ ਜਾਣੂ ਵਿਸੂ ਕੀ ਵਾੜੀ ਜੀਉ ॥੨॥ (ਮਾਝ ਮ. ੫ ਅੰਗ ੧੦੫) ਹੀ ਢੁਕਦੀ ਹੈ।


ਵੈਸੇ ਤਾਂ ਸਿੱਖ ਰਹਿਤ ਮਰਯਾਦਾ ਬਾਰੇ ਪੰਥਕ ਗੁਰਸਿੱਖ ਵਿਦਵਾਨਾਂ ਨੇ ਕਈ ਪੁਸਤਕਾਂ ਲਿਖੀਆਂ ਹਨ ਅਤੇ ਜੋ ਰਹਿਤ ਨੂੰ ਸਮਝਣ ਲਈ ਜ਼ਰੂਰੀ ਵੀ ਹਨ। ਪਰ ਸਿੱਖ ਰਹਿਤ ਮਰਯਾਦਾ ਵਿਚ ਕਾਫ਼ੀ ਸ਼ਬਦਾਵਲੀ ਹੈ ਜਿਸ ਦੇ ਪਿਛੋਕੜ ਅਤੇ ਸ੍ਰੋਤ ਨੂੰ ਸਮਝਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਇਸ ਵਿਚ ਅੰਕਤ ਮੱਦਾਂ ਅਤੇ ਸ਼ਬਦਾਵਲੀ ਵਿਚ ਕਦੋਂ ਅਤੇ ਕਿਵੇਂ ਤਬਦੀਲੀ ਜਾਂ ਸੋਧ ਹੋਈ ਹੈ, ਉਸ ਦਾ ਵਿਸਥਾਰ ਜਾਣਨ/ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਤਰ੍ਹਾਂ ਕਾਨੂੰਨ ਦੀ ਮੂਲ ਲਿਖਤ ਕਾਨੂੰਨ ਦੇ ਮੂਲ ਨੂੰ ਅੰਕਤ ਕਰਦੀ ਹੈ, ਉਸਦੀ ਵਿਆਖਿਆ ਨਹੀਂ ਕਰਦਾ ਪਰ ਵੱਖ-ਵੱਖ ਕਾਨੂੰਨ ਦਾਨ ਹਰ ਲਫ਼ਜ਼ ਦੀ ਵਿਆਖਿਆ ਆਪਣੀ ਸੋਚ ਅਤੇ ਬੁੱਧੀ ਅਨੁਸਾਰ ਕਰਦੇ ਹਨ। ਇਸ ਤੋਂ ਕਾਨੂੰਨ ਨੂੰ ਸਮਝਣ, ਉਸਦੀ ਵਿਆਖਿਆ ਕਰਨ ਅਤੇ ਫਿਰ ਉਸ ਨੂੰ ਲਾਗੂ ਕਰਨ ਵਿਚ ਮਦਦ ਮਿਲਦੀ ਹੈ। ਚੂੰਕਿ ਸਿੱਖ ਰਹਿਤ ਮਰਯਾਦਾ ਸਾਡਾ ਧਾਰਮਿਕ ਅਤੇ ਪੰਥਕ ਕਾਨੂੰਨ ਹੈ, ਇਸ ਵਿਚਾਰ ਅਧੀਨ ਇਹ ਪੁਸਤਕ ਸਿੱਖ ਰਹਿਤ ਮਰਯਾਦਾ ਦੀ ਇਕ ਕਿਸਮ ਨਾਲ ਕਾਨੂੰਨੀ ਵਿਆਖਿਆ ਦਾ ਗੰਭੀਰ ਉਪਰਾਲਾ ਜਾਂ (Legal treatise) ਕਿਹਾ ਜਾ ਸਕਦਾ ਹੈ।

ਸਿੱਖ ਰਹਿਤ ਮਰਯਾਦਾ ਸਾਡਾ ਕੌਮੀ ਕਾਨੂੰਨ ਹੈ, ਸਾਡਾ ਆਈਨਾ ਹੈ, ਸਾਡਾ ਸੰਵਿਧਾਨ ਹੈ, ਸਾਡੀ ਕਾਂਨਸਟੀਚਯੂਸ਼ਨ ਹੈ। ਇਹ ਤਾਂ ਸਾਡੀ ਪੰਥਕ ਰਾਮ ਕਾਰ ਹੈ। ਇਸਦੇ ਦਾਇਰੇ ਮਦਾਰ ਦੇ ਅੰਦਰ ਜੀਵਨ ਜਾਚ ਸਾਡਾ ਹੱਕ ਵੀ ਹੈ ਅਤੇ ਫਰਜ਼ ਵੀ। ਕਿਸੇ ਵੀ ਦੇਸ਼, ਕੌਮ ਜਾਂ ਕੌਮੀਅਤ ਦਾ ਕਾਨੂੰਨ ਇਕ ਹੀ ਹੁੰਦਾ ਹੈ ਜਿਸ ਸਮੇਂ ਕਾਨੂੰਨ ਦੀ ਘਾੜਤ ਘੜੀ ਜਾ ਰਹੀ ਹੁੰਦੀ ਹੈ ਉਸ ਸਮੇਂ ਉਸ ਮਜਲਸ ਜਾਂ ਸਭਾ ਵਿਚ ਕਿਸੇ ਮੁੱਦੇ 'ਤੇ ਵੱਖ-ਵੱਖ ਰਾਵਾਂ ਰੱਖਣ ਵਾਲੇ ਹੋ ਸਕਦੇ ਹਨ। ਉਨ੍ਹਾਂ ਨੂੰ ਇਹ ਹੱਕ ਵੀ ਹੁੰਦਾ ਹੈ ਕਿ ਉਹ ਆਪਣੇ ਵਿਚਾਰ, ਰਾਇ ਜਾਂ ਵਿਆਖਿਆ ਵਿਚਾਰ-ਵਟਾਂਦਰੇ ਲਈ ਪੇਸ਼ ਕਰਨ। ਇਸ ਵਿਚ ਉਹ ਵਿਪਰੀਤ ਰਾਇ ਵੀ ਰੱਖਣ ਦਾ ਹੱਕ ਰੱਖਦੇ ਹਨ। ਪਰ ਜਿਸ ਸਮੇਂ ਅੰਤਿਮ ਰੂਪ ਵਿਚ ਇਸ ਨੂੰ ਕਲਮਬੱਧ ਜਾਂ ਅੰਕਤ ਕਰ ਲਿਆ ਜਾਂਦਾ ਹੈ ਤਾਂ ਉਪਰੰਤ ਹਰ ਕਿਸੇ 'ਤੇ ਇਹ ਯਕਸਾਂ ਲਾਗੂ ਹੋ ਜਾਂਦਾ ਹੈ। ਉਨ੍ਹਾਂ 'ਤੇ ਵੀ ਜੋ ਇਸ ਦੀ ਸਿਰਜਨਾ ਸਮੇਂ ਵਿਪਰੀਤ ਰਾਇ ਰੱਖਦੇ ਹੋਣ। ਇਸ ਦਾ ਕਾਰਨ ਸਪਸ਼ਟ ਹੈ ਕਿ ਨਿੱਜੀ ਸੋਚ ਨਾਲੋਂ ਸਾਂਝੀ ਸੋਚ ਹਮੇਸ਼ਾ ਉਤਮ ਹੁੰਦੀ ਹੈ ਅਤੇ ਉਹੀ ਲਾਗੂ ਵੀ ਹੁੰਦੀ ਹੈ। ਸਿਵਾਇ ਉਸ ਸੇ ਜਦੋਂ ਇਹ ਗੁਰੂ ਸਾਹਿਬ ਵਲੋਂ ਖ਼ੁਦ ਬਾਣੀ ਜਾਂ ਹੁਕਮਨਾਮੇ ਦੇ ਰੂਪ ਵਿਚ ਬਖਸ਼ਿਸ਼ ਕੀਤੀ ਜਾਂਦੀ ਹੈ।

ਮੌਜੂਦਾ ਸਿੱਖ ਰਹਿਤ ਮਰਯਾਦਾ ਦੱਸੋਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀ ਬਾਣੀ ਦੇ ਆਸ਼ੇ ਅਨੁਰੂਪ ਬਣਾਈ ਗਈ ਨਿਯਮਾਵਲੀ ਨੂੰ ਮੌਜੂਦਾ ਸਮੇਂ ਦੀ ਲੋੜ ਲਈ ਕਲਮਬੱਧ ਕੀਤਾ ਗਿਆ ਇਕ ਬਹੁਤ ਹੀ ਅਹਿਮ ਦਸਤਾਵੇਜ਼ ਹੈ। ਇਹ ਗੁਰੂ ਪੰਥ ਦੀ ਸਾਂਝੀ ਸੋਚ ਦੀ ਜੀਉਂਦੀ ਜਾਗਦੀ ਮਿਸਾਲ ਹੈ।

ਰਹਿਤ ਦੀ ਮਹੱਤਤਾ ਬਾਰੇ ਵੈਦ ਕਵੀ ਰਾਜ ਭਾਈ ਅਰਜਨ ਸਿੰਘ ਜੀ ਤਰਨਤਾਰਨ ਲਿਖਦੇ ਹਨ :

**ਰਹਿਤ ਬਿਨ ਸਿੱਖ ਚਰਿਤ੍ਰ ਬੁਰਾ**
**ਜਿੰਵੇ ਤਾਜ ਬਿਨਾਂ ਨ੍ਰਿਪ ਸੋਭਤ ਨਹਿ,**
**ਮੁਖ ਤਿਲਕ ਬਿਹੀਣਾਂ ਬਿਪ੍ਰ ਬੁਰਾ।**
**ਤਨ ਸ਼ਸਤ੍ਰ ਨਹੀਂਫਿਰ ਸੂਰਮਾਂ ਕਯਾ,**




**ਸਿਰ ਜੰਗ ਚੜ੍ਹ ਪੁਨ ਦਲਿਦ੍ਰ ਬੁਰਾ।**
**ਤਨਸਾਜ ਨਹੀਂ ਅੱਸ੍ਰ ਸ਼ੋਭ ਨ ਪਾਵਤ,**
**ਰਹਿਤ ਬਿਨਾਂ ਸਿੱਖ ਚਰਿੱਤ੍ਰ ਬੁਰਾ।**
**ਗੁਰ ਵਾਕ ਨਹੀਂ ਹ੍ਰਿਦ ਮੰਡਲ ਮਹਿੰ,**
**ਨਰ ਹੀਂਨ ਸੁਗੰਧਿ ਜਯੋਂ ਇਤ੍ਰ ਬੁਰਾ।**

ਇਸ ਬਾਰੇ ਇਕ ਨੁਕਤਾ ਹੋਰ ਵੀ ਕਾਫ਼ੀ ਅਹਿਮ ਹੈ। ਗੁਰੂ ਪੰਥ ਇਕ ਮੁਜੱਸਮਾ ਹੈ ਸਾਰੀ ਕੌਮ ਦਾ ਅਤੇ ਵਿਚਰ ਰਹੀਆਂ ਵੱਖ-ਵੱਖ ਸੰਪ੍ਰਦਾਵਾਂ, ਟਕਸਾਲਾਂ, ਲਾਡਲੀਆਂ ਫੌਜਾਂ, ਸੇਵਾ ਪੰਥੀ, ਨਿਰਮਲੇ, ਜਥਿਆਂ, ਜਥੇਬੰਦੀਆਂ, ਸਭਾ ਸੁਸਾਇਟੀਆਂ, ਵਿਦਿਅਕ ਅਦਾਰਿਆਂ ਦਾ। ਇਹ ਸਾਰੇ ਹੀ ਪੰਥ ਦੇ ਸਤਿਕਾਰਯੋਗ ਅੰਗ ਹਨ। ਮੁਢਲੇ ਤੌਰ 'ਤੇ ਇਹ ਸਾਰੇ ਹੀ ਗੁਰੂ ਅਤੇ ਗੁਰਮਤਿ ਨੂੰ ਪ੍ਰਣਾਏ ਹੋਏ ਹਨ। ਇਸ ਤੋਂ ਵੀ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਇਨ੍ਹਾਂ ਦੀ ਪੰਥ ਨੂੰ ਵਡਮੁੱਲੀ ਦੇਣ ਹੈ, ਪਰ ਬਾਵਜੂਦ ਇਸ ਦੇ ਇਹ ਇਕੱਲੇ ਇਕੱਲੇ ਪੰਥ ਦਾ ਅੰਗ ਤਾਂ ਹਨ ਪਰ ਪੰਥ ਨਹੀਂ। ਰਾਇ ਭੋਇ ਦੀ ਤਲਵੰਡੀ ਨਨਕਾਣਾ ਸਾਹਿਬ ਤੋਂ ਆਰੰਭ ਹੋਈ ਇਹ ਇਲਾਹੀ ਲਹਿਰ ਹੁਣ ਸਾਰੇ ਸੰਸਾਰ ਵਿਚ ਫੈਲ ਚੁੱਕੀ ਹੈ। ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥ ਦੇ ਗੁਰਵਾਕ ਅਨੁਸਾਰ ਮਰਯਾਦਾ ਦੇ ਮਾਮਲੇ ਵਿਚ ਇਨ੍ਹਾਂ ਸਾਰਿਆਂ ਦਾ ਆਪਣੇ ਆਪਣੇ ਖੇਤਰ ਵਿਚ ਕੁਝ ਵਖਰੇਵਾਂ ਹੋ ਸਕਦਾ ਹੈ ਯਾ ਨਜ਼ਰ ਆ ਸਕਦਾ ਹੈ ਪਰ ਇਨ੍ਹਾਂ ਦੀ ਉਹ ਪ੍ਰੰਪਰਾਗਤ ਨਿੱਜੀ ਰਹੁ-ਰੀਤ ਪੰਥਕ ਮਰਯਾਦਾ ਦਾ ਬਦਲ ਨਹੀਂ ਹੋ ਸਕਦੀ। ਜਾਤੀ ਤੌਰ 'ਤੇ ਕੁਝ ਭਿੰਨਤਾ ਹੋਣ ਦੇ ਬਾਵਜੂਦ ਜਮਾਤੀ ਰੂਪ ਵਿਚ ਪੰਥਕ ਮਰਯਾਦਾ ਨੂੰ ਹੀ ਅਪਣਾਂਦੇ ਹਨ। ਇਸੇ ਦਾ ਨਾਮ ਹੀ ਪੰਥ ਜਾਂ ਗੁਰੂ ਪੰਥ ਹੈ।

ਇਸ ਦੇ ਨਾਲ ਹੀ ਤਖਤ ਸਚਖੰਡ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੀ ਸਥਾਨਕ ਮਰਯਾਦਾ ਵਿਚ ਵੀ ਕੁਝ ਅੰਤਰ ਨਜ਼ਰ ਆਉਂਦਾ ਹੈ। ਪਰ ਇਸ ਵਖਰੇਵੇਂ ਦਾ ਕਾਰਨ ਵੀ ਇਨ੍ਹਾਂ ਸਥਾਨਾਂ ਨਾਲ ਜੁੜਿਆ ਇਤਿਹਾਸ, ਇਤਿਹਾਸਕ ਦਸਤਾਵੇਜ਼ ਅਤੇ ਸਥਾਨਕ ਪ੍ਰਭਾਵ ਹੁੰਦਾ ਹੈ। ਇਨ੍ਹਾਂ ਪਾਵਨ ਸਥਾਨਾਂ 'ਤੇ ਗੁਰੂ ਸਾਹਿਬ ਨੇ ਖ਼ੁਦ ਸੰਗਤ ਨੂੰ ਵਰੋਸਾਇਆ ਅਤੇ ਇਨ੍ਹਾਂ ਨੂੰ ਹਜ਼ੂਰੀ ਸਿੱਖ ਕਿਹਾ ਜਾ ਸਕਦਾ ਹੈ। ਪੰਜਾਬ ਦੀ ਧਰਤੀ ਤੋਂ ਸੈਂਕੜੇ ਮੀਲ ਦੂਰ ਰਹਿੰਦਿਆਂ ਇਨ੍ਹਾਂ ਸਿੱਖਾਂ ਨੇ ਵਿਪਰੀਤ ਸਮਿਆਂ ਵਿਚ ਜਦੋਂ ਸਥਾਨਕ ਸੰਗਤ ਬਹੁਤ ਘੱਟ ਹੁੰਦੀ ਸੀ ਉਸ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਇਸ ਗੱਲ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ ਕਿ ਸਦੀਆਂ ਬੀਤ ਜਾਣ ਦੇ ਬਾਅਦ ਵੀ ਉਨ੍ਹਾਂ ਨੇ ਪੰਥਕ ਮਰਯਾਦਾ ਦਾ ਕਿਤਨਾ ਅਨਮੋਲ ਖਜ਼ਾਨਾ ਸਾਂਭ ਕੇ ਰੱਖਿਆ ਹੈ, ਬਜਾਇ ਇਸ ਦੇ ਇਹ ਕਿਹਾ ਜਾਏ ਕਿ ਕੁਝ ਨੁਕਤੇ ਠੀਕ ਨਹੀਂ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਸ਼ੁਰੂ ਤੋਂ ਮਰਯਾਦਾ ਮੁਜਬ ਇਹ ਕਿਹਾ ਜਾਂਦਾ ਰਿਹਾ ਹੈ ਕਿ ਮਾਤਾ ਗੁਜਰੀ ਜੀ ਦੇ ਇਸ ਖੂਹ ਦਾ ਪਾਣੀ ਕੌੜਾ ਹੈ ਪਰ ਗੁਰੂ ਸਾਹਿਬ ਦਾ ਹੁਕਮ ਹੈ ਕਿ ਜਦੋਂ ਸੰਗਤ ਆਏਗੀ ਤਾਂ ਇਹ ਪਾਣੀ ਮਿੱਠਾ ਹੋ ਜਾਏਗਾ। ਹੁਣ ਇਹ ਪਾਣੀ ਪਹਿਲੇ ਨਾਲੋਂ ਕਾਫ਼ੀ ਮਿੱਠਾ ਹੈ।

ਇਹ ਪ੍ਰਤੱਖ ਵੇਖਣ ਦੀ ਗੱਲ ਹੈ ਕਿ ਤਕਰੀਬਨ 1970 ਦੇ ਕਾਲ ਦੌਰਾਨ ਪਟਨਾ ਸਾਹਿਬ ਵਿਚ ਸੰਗਤ ਬਹੁਤ ਘੱਟ ਹੁੰਦੀ ਸੀ ਅਤੇ ਸਵੇਰੇ 10 ਵਜੇ ਤੋਂ ਬਾਅਦ ਤਖਤ ਸਾਹਿਬ 'ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗ੍ਰੰਥ ਨਹੀਂ ਸਨ ਹੁੰਦੇ। ਉਸ ਸਮੇਂ ਗਿਆਨੀ (ਸੰਤ) ਕਰਤਾਰ ਸਿੰਘ ਜੀ ਖਾਲਸਾ ਨੇ ਕਿਹਾ ਕਿ ਇਥੇ ਹਰ ਸਮੇਂ ਤਾਬਿਆ ਕੋਈ ਸਿੰਘ ਜ਼ਰੂਰ ਹੋਣਾ ਚਾਹੀਦਾ ਹੈ। ਸਥਾਨਕ ਪ੍ਰਬੰਧਕਾਂ ਨੇ ਕਿਹਾ ਕਿ ਗ੍ਰੰਥੀ ਅਤੇ ਸੇਵਾਦਾਰ ਨਹੀਂ ਮਿਲਦੇ। ਸੰਤ ਕਰਤਾਰ ਸਿੰਘ ਜੀ ਨੇ ਕਿਹਾ ਕਿ ਇਹ ਸੇਵਾ ਅਸੀਂ ਲੈਂਦੇ ਹਾਂ। ਉਸ ਦਿਨ ਦੇ ਬਾਅਦ ਇਹ ਘਾਟ ਵੀ ਪੂਰੀ ਹੋ ਗਈ। ਜ਼ਰੂਰਤ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਦੂਜੇ ਪ੍ਰਾਂਤਾਂ ਦੀ ਸੰਗਤ ਅਤੇ ਪ੍ਰੰਬਧਕਾਂ ਦਾ ਆਪਸੀ ਤਾਲਮੇਲ ਹੋਵੇ ਤਾਂ ਮਰਯਾਦਾ ਦੀ ਇਕਸਾਰਤਾ ਵੱਲ ਵੱਡੀ ਪੁਲਾਂਘ ਹੋਏਗੀ ਅਤੇ ਇਹ ਹੋ ਵੀ ਰਿਹਾ ਹੈ। ਪੰਜਾਂ ਤਖਤਾਂ ਦੇ ਦਰਸ਼ਨ ਦੀ ਅਰਦਾਸ ਨਿਤਾਪ੍ਰਤਿ ਹੁੰਦੀ ਹੈ। ਇਸ ਲਈ ਸ਼ਰਧਾ ਭਾਵਨਾ ਨੂੰ ਕਾਇਮ ਰੱਖਦਿਆਂ ਇਨ੍ਹਾਂ ਪਾਵਨ ਸਥਾਨਾਂ ਦੇ ਦਰਸ਼ਨ ਕਰਨੇ ਬਣਦੇ ਹਨ।

ਸਿੱਖ ਰਹਿਤ ਮਰਯਾਦਾ ਤਿੰਨ ਲਫ਼ਜ਼ਾਂ ਸਿੱਖ+ਰਹਿਤ+ਮਰਯਾਦਾ 'ਤੇ ਆਧਾਰਤ ਗੁਰਮਤਿ ਗਾਡੀ ਰਾਹ ਦੀ ਨਿਯਮਾਵਲੀ ਹੈ। ਇਸ ਤੋਂ ਪਹਿਲਾਂ ਵੀ ਕਈ ਮਰਯਾਦਾਵਾਂ ਮੌਜੂਦ ਸਨ। ਮਰਯਾਦਾ ਪੁਰਸ਼ੋਤਮ ਰਾਮ ਲਕਬ ਪਹਿਲਾਂ ਮੌਜੂਦ ਸੀ। ਪਰ ਰਾਮ ਚੰਦਰ ਜੀ ਦੀ ਮਰਯਾਦਾ ਗੁਰਮਤਿ ਨੇ ਪ੍ਰਵਾਨ ਨਹੀਂ ਕੀਤੀ। ਅਲਬੱਤਾ ਸਿੱਖ ਲਈ ਜਿਹੜੀ ਮਰਯਾਦਾ ਪ੍ਰਵਾਨ ਕੀਤੀ ਗਈ, ਉਹ ਕੇਵਲ ਮਰਯਾਦਾ ਹੀ ਨਹੀਂ ਸੀ ਬਲਕਿ ਰਹਿਤ ਦੀ ਮਰਯਾਦਾ ਸੀ ਅਤੇ ਰਹਿਤ ਵੀ ਸਿੱਖ ਰਹਿਤ ਦੀ ਸੀ। ਇਸ ਤਰ੍ਹਾਂ ਤਿੰਨਾਂ ਨੁਕਤਿਆਂ ਦੀ ਤ੍ਰਿਹਾਫ਼ਲ ਜਾਂ ਤ੍ਰਿਵੇਣੀ ਦੇ ਸੁਮੇਲ ਨਾਲ ਜਿਹੜੀ ਮਰਯਾਦਾ ਤਿਆਰ ਹੋਈ ਉਹ ਸੀ ਸਿੱਖ ਰਹਿਤ ਮਰਯਾਦਾ। ਇਸ ਵਿਚੋਂ ਕਿਸੇ ਵੀ ਅੱਖਰ ਨੂੰ ਛੱਡਿਆ ਜਾਂ ਵੱਖ ਨਹੀਂ ਸੀ ਕੀਤਾ ਜਾ ਸਕਦਾ।

ਗੁਰ ਸੰਗਤ ਕੀਨੀ ਖਾਲਸਾ॥ ਸੰਗਤ ਨੂੰ ਖਾਲਸੇ ਵਿਚ ਤਬਦੀਲ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿੱਤਾ। ਹੁਣ ਸਿੱਖ ਰਹਿਤ ਮਰਯਾਦਾ ਦਾ ਖਾਲਸੇ ਨੂੰ ਬਖਸ਼ਿਸ਼ ਕੀਤੇ ਮਕਸਦ ਇਸ ਦੇ ਨਿਆਰੇਪਨ ਨੂੰ ਸੁਦ੍ਰਿੜ੍ਹ ਅਤੇ ਸਦੀਵੀ ਕਰਨਾ ਸੀ। ਬਿਪ੍ਰਵਾਦ ਕੋਲ ਸਾਰੇ ਮਤ-ਮਤਾਂਤਰਾਂ ਨੂੰ ਜਜ਼ਬ ਕਰ ਲੈਣ ਦੀ ਵਿਸ਼ਾਲ ਕਾਇ ਤਾਕਤ ਮੌਜੂਦ ਸੀ। ਸਿੱਖ ਸਿਧਾਂਤ ਅਤੇ ਮਰਯਾਦਾ ਕਦਾਪੀ ਵੀ ਜਨਮ ਜਾਂ ਜਾਤ ਕਰਕੇ ਬਿਪ੍ਰਨ ਜਾਂ ਬ੍ਰਾਹਮਣ ਦੇ ਵਿਰੁੱਧ ਨਹੀਂ ਸੀ ਪਰ ਬਿਪ੍ਰਨ ਕੀ ਰੀਤ, ਕਰਮ ਕਾਂਡ, ਭਰਮ ਵਹਿਮ ਜਾਂ ਜਾਤ-ਪਾਤ ਨੂੰ ਪ੍ਰਵਾਨ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਸਿੱਖ ਰਹਿਤ ਮਰਯਾਦਾ ਵਿਚ ਕਈ ਮੱਦਾਂ ਸਿੱਧੇ ਅਤੇ ਅਸਿੱਧੇ ਰੂਪ ਵਿਚ ਕਰਮ ਕਾਂਡ ਨੂੰ ਚੁਣੌਤੀ ਦਿੰਦੀਆਂ ਨਜ਼ਰ ਆਉਂਦੀਆਂ ਹਨ। ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਸ ਆਦੇਸ਼ ਦੀ ਪਾਲਣਾ ਸੀ ਜਿਸ ਵਿਚ ਸਾਹਿਬਾਂ ਨੇ ਬਚਨ ਕੀਤੇ ਸਨ :

**ਜਬ ਲਗ ਖਾਲਸਾ ਰਹੇ ਨਿਆਰਾ,**
**ਤਬ ਲਗ ਤੇਜ ਦਿਯੋ ਮੈਂ ਸਾਰਾ॥**
**ਜਬ ਇਹ ਗਹੇ ਬਿਪ੍ਰਨ ਕੀ ਰੀਤ,**
**ਮੈਂ ਨਾ ਕਰੋਂ ਇਨ ਕੀ ਪ੍ਰਤੀਤ॥**

ਇਸ ਲਈ ਸਿੱਖ ਰਹਿਤ ਮਰਯਾਦਾ ਵਿਚਲੀਆਂ ਕਈ ਮੱਦਾਂ ਦੀ ਸਹੀ ਵਿਆਖਿਆ ਜਾਂ ਭਾਵਾਰਥ ਨੂੰ ਸਮਝਣ ਲਈ ਬਿਪ੍ਰਵਾਦ ਜਾਂ ਬ੍ਰਾਹਮਣੀ ਗ੍ਰੰਥਾਂ ਜਾਂ ਹਵਾਲਾ ਪੁਸਤਕਾਂ ਵੇਦ, ਪੁਰਾਣ, ਸਿਮ੍ਰਤੀਆਂ, ਸ਼ਾਸਤ੍ਰ ਆਦਿ ਦੇ ਹਵਾਲੇ ਵੇਖਣੇ ਜ਼ਰੂਰੀ ਹਨ।

ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਦਾ

ਲਫ਼ਜ਼ ਹੈ ਸਿੱਖ। ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਸਿੱਖ ਲਫ਼ਜ਼ ਕਿਸੇ ਵੀ ਵੇਦ, ਸ਼ਾਸਤ੍ਰ, ਪੁਰਾਣ, ਗ੍ਰੰਥ ਵਿਚ ਨਹੀਂ ਹੈ। ਹੋਰ ਤਾਂ ਹੋਰ ਇਹ ਸੰਸਕ੍ਰਿਤ ਦੇ ਕਿਸੇ ਪੁਰਾਤਨ ਜਾਂ ਨਵੀਨ ਸ਼ਬਦ ਕੋਸ਼ ਵਿਚ ਵੀ ਨਹੀਂ ਹੈ। ਇਹ ਨਿਆਰਾ ਲਫ਼ਜ਼ ਗੁਰੂ ਸਾਹਿਬ ਦੀ ਬਖਸ਼ਿਸ਼ ਹੀ ਕਿਹਾ ਜਾ ਸਕਦਾ ਹੈ। ਜੇਕਰ ਲਫ਼ਜ਼ ਸਿੱਖ ਵੀ ਕਿਸੇ ਪੁਰਾਤਨ ਗ੍ਰੰਥ ਵਿਚ ਨਹੀਂ ਮਿਲਦਾ ਤਾਂ ਜਿਨ੍ਹਾਂ ਨੂੰ ਇਸ ਲਫ਼ਜ਼ ਦੀ ਸੰਗਯਾ ਪ੍ਰਾਪਤ ਹੋਈ ਹੈ ਉਹ ਗੁਰੂ ਦੇ ਇਲਾਵਾ ਕਿਵੇਂ ਕਿਧਰੇ ਹੋਰ ਕਿਸੇ ਧਰਮ ਦੀ ਸ਼ਾਖਾ ਜਾਂ ਉਸ ਵਿਚ ਰਲਾਏ ਜਾ ਸਕਦੇ ਹਨ। ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ॥ (ਵਾਰਾਂ ਭਾਈ ਗੁਰਦਾਸ ਜੀ, ਵਾਰ ੩, ਪਉੜੀ ੫)

ਸਿੱਖ ਰਹਿਤ ਦੇ ਨਾਲ ਅਗਲਾ ਅਹਿਮ ਲਫ਼ਜ਼ ਹੈ ਮਰਯਾਦਾ। ਮਰਯਾਦਾ ਸੰਸਕ੍ਰਿਤ ਦੀ ਧਾਤ ਮਰਯਾ ਤੋਂ ਬਣਿਆ ਹੈ। ਨਦੀ ਦੇ ਕਿਨਾਰਿਆਂ, ਕੰਢਿਆਂ ਨੂੰ ਮਰਯਾ ਕਿਹਾ ਜਾਂਦਾ ਹੈ। ਜਿਤਨੀ ਦੇਰ ਤੱਕ ਨਦੀ ਦਾ ਵਹਿਣ ਕਾਇਮ ਹੈ ਅਤੇ ਇਹ ਆਪਣੀ ਮਰਯਾਦਾ ਦੇ ਅੰਦਰ, ਆਪਣੇ ਕੰਢਿਆਂ ਦੇ ਅੰਦਰ ਹੈ, ਇਹ ਨਦੀ ਹੈ। ਇਹ ਲਾਹੇਵੰਦ ਹੈ। ਇਹ ਮਰਯਾਦਾ ਦੇ ਅੰਦਰ ਹੈ ਪਰ ਜਦੋਂ ਇਹ ਆਪਣੀ ਮਰਯਾਦਾ ਜਾਂ ਆਪਣੇ ਕੰਢੇ ਤੋੜ ਦਿੰਦੀ ਹੈ ਤਾਂ ਫਿਰ ਇਹ ਹੜ੍ਹ ਹੈ, ਬਰਬਾਦੀ ਹੈ, ਤਬਾਹੀ ਹੈ। ਸਿੱਖ ਦੀ ਜੀਵਨ ਜਾਚ ਵੀ ਇਤਨੀ ਦੇਰ ਤੱਕ ਗੁਰੂ ਅਤੇ ਪੰਥ ਦੇ ਦੋ ਕਿਨਾਰਿਆਂ ਦੇ ਅੰਦਰ ਹੈ ਇਹ ਜੀਵਨ ਹੈ ਅਤੇ ਮੰਜ਼ਿਲੇ ਮਕਸੂਦ ਤੱਕ ਪਹੁੰਚ ਜਾਏਗੀ। ਜਦੋਂ ਇਹ ਜੀਵਨ ਦੀ ਧਾਰਾ ਮਰਯਾਦਾ ਦੇ ਬਾਹਰ ਚਲੀ ਜਾਏਗੀ ਤਾਂ ਫਿਰ ਗੁਰੂ ਪਾਤਸ਼ਾਹ ਦਾ ਹੁਕਮ ਹੈ ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇ॥ ੩॥

ਸਿੱਖ ਲਈ ਤਾਂ ਇਹ ਰਾਮ ਕਾਰ ਹੈ। ਇਕ ਵਾਰ ਮਰਯਾਦਾ ਦੀ ਹੱਦ ਉਲੰਘੀ ਗਈ ਤਾਂ ਤੇ ਫਿਰ ਪਾਣੀ ਭਾਵੇਂ ਸਿਰ ਤੋਂ ਇਕ ਗਿੱਟ ਉੱਤੇ ਲੰਘ ਜਾਏ ਜਾਂ ਇਕ ਨੇਜ਼ੇ ਜਿੰਨਾ, ਕੀ ਫ਼ਰਕ ਪੈਂਦਾ ਹੈ? ਚੂੰ ਆਬ ਅਜ਼ ਸਰਗੁਸ਼ਸਤ, ਚਿਹ ਯਕ ਨੇਜ਼ਾ, ਚਿਹ ਸਕ ਦਸਤ।

ਸਿੱਖ ਰਹਿਤ ਮਰਯਾਦਾ ਦੀ ਮਹੱਤਤਾ ਇਸ ਪੱਖੋਂ ਵੀ ਬਹੁਤ ਅਹਿਮ ਹੈ ਕਿ ਨਾ ਕੇਵਲ ਭਾਰਤ ਦੀਆਂ ਵੱਖ-ਵੱਖ ਅਦਾਲਤਾਂ, ਸਣੇ ਹਾਈ ਕੋਰਟਸ ਅਤੇ ਸੁਪਰੀਮ ਕੋਰਟ ਵਿਚ ਵੀ ਇਸ ਨੂੰ ਕਾਨੂੰਨੀ ਹਵਾਲੇ ਦੇ ਰੂਪ ਵਿਚ ਲਿਆ ਜਾਂਦਾ ਹੈ। ਇਸ ਦੇ ਨਾਲ ਹੀ ਰਾਜਾਂ ਅਤੇ ਸੰਘ (ਕੇਂਦਰ) ਸਰਕਾਰ ਵਲੋਂ ਬਣਾਏ ਗਏ ਵੱਖ-ਵੱਖ ਕਾਨੂੰਨਾਂ ਵਿਚ ਵੀ ਇਸ ਨੂੰ ਆਧਾਰ ਮੰਨਿਆ ਗਿਆ ਹੈ। ਇਸ ਤਰ੍ਹਾਂ ਇਸ ਨੂੰ ਕਾਨੂੰਨੀ ਮਾਨਤਾ ਵੀ ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਇਕ ਕਾਨੂੰਨੀ ਦਸਤਾਵੇਜ਼ ਹੈ।

ਸਿੱਖ ਰਹਿਤ ਮਰਯਾਦਾ ਇਕ ਕਾਨੂੰਨੀ ਮਾਨਤਾ ਪ੍ਰਾਪਤ ਦਸਤਾਵੇਜ਼ ਹੈ। ਇਸ ਲਈ ਨਾ ਕੇਵਲ ਭਾਰਤ ਬਲਕਿ ਵਿਦੇਸ਼ਾਂ ਵਿਚ ਵੀ ਅਤੇ ਖਾਸ ਕਰਕੇ ਯੂਰੋਪ ਅਤੇ ਅਮਰੀਕਾ ਵਿਚ ਵੀ ਜਦੋਂ ਵੀ ਸਿੱਖ ਦੀ ਪਛਾਣ, ਰਹਿਤ, ਕਕਾਰ ਆਦਿ ਦੇ ਮਾਮਲੇ ਕਾਨੂੰਨੀ ਵਿਚਾਰਾਧੀਨ ਹੁੰਦੇ ਹਨ ਤਾਂ ਇਸ ਰਹਿਤ ਮਰਯਾਦਾ ਦੇ ਹੀ ਹਵਾਲੇ ਦਿੱਤੇ ਜਾਂਦੇ ਹਨ।

ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਇਸ ਦੀ ਅਣਹੋਂਦ ਵਿਚ ਕਿਹੜਾ ਦਸਤਾਵੇਜ਼ ਜਾਂ ਕੋਈ ਡਾਕੂਮੈਂਟ ਹੈ ਜਿਸ ਦਾ ਹਵਾਲਾ ਦਿੱਤਾ ਜਾ ਸਕੇ। ਗੁਰੂ ਪੰਥ ਦੀ ਇਹ ਪ੍ਰਾਪਤੀ ਕੋਈ ਮਾਮੂਲੀ ਨਹੀਂ ਹੈ। ਇਸ ਨੂੰ ਬਰਕਰਾਰ ਰੱਖਣਾ ਨਾ ਕੇਵਲ ਕੌਮੀ ਤੌਰ 'ਤੇ ਹੀ ਲਾਜ਼ਮੀ ਹੈ ਬਲਕਿ ਇਹ ਇਕ ਪੰਥਕ ਫਰਜ਼ ਵੀ ਹੈ।

2008 ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸਿੱਖ ਦੀ ਪਛਾਣ ਬਾਰੇ ਗੁਰਲੀਨ ਕੌਰ ਦਾ ਇਕ ਮੁਕੱਦਮਾ ਵਿਚਾਰਾਧੀਨ ਸੀ। ਇਸ ਵਿਚ ਹਾਈਕੋਰਟ ਨੇ ਵਿਸਥਾਰ ਸਹਿਤ ਰਹਿਤਾਂ, ਕੁਰਹਿਤਾਂ, ਮਰਯਾਦਾ, ਸਿੱਖ ਰਹਿਤ ਮਰਯਾਦਾ, ਇਸਦੇ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਬਹੁਤ ਹੀ ਮਹੱਤਵਪੂਰਨ ਨਿਰਣਾ ਦਿੱਤਾ। ਇਸ ਵਿਚ ਸਪਸ਼ਟ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਪੁਰਖ ਦੇ ਵਿਚਕਾਰ ਆਤਮਿਕ ਅਤੇ ਅਧਿਆਤਮਕ ਮਿਲਾਪ ਅਤੇ ਮਕਤੀ ਦਾ ਰੱਬੀ ਕਲਾਮ ਹੈ। ਪਰ ਜੇਕਰ ਕੇਸਾਂ ਬਾਰੇ ਕੁਝ ਨਿਰਣਾ ਕਰਨਾ ਹੈ ਤਾਂ ਇਸ ਬਾਰੇ ਸਿੱਖ ਰਹਿਤ ਮਰਯਾਦਾ ਹੀ ਸ੍ਰੋਤ ਹੈ। ਪਰ ਅਦਾਲਤ ਨੇ ਇਹ ਵੀ ਸਪਸ਼ਟ ਕੀਤਾ ਕਿ ਸਿੱਖ ਰਹਿਤ ਮਰਯਾਦਾ ਦੀ ਕੋਈ ਵੀ ਮੱਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਹੁਕਮ ਦੇ ਵਿਪਰੀਤ ਨਹੀਂ ਹੋ ਸਕਦੀ।

In our view the Guru Granth Sahib is a treatise limited to the expression of th moral and spiritual code of conduct for Sikhs. The Guru Granth Sahib is also a guide/teacher/prayer for Sikhs to lead them to salvation i.e. merger with God. The physical aspects of the Sikh faith, in our view, can be rightfully traced only from th "Sikh rehat-maryada" and from other preachings of the "Sikh gurus" connected to the code of conduct in their day to day life. In would bewrong, therefore, to look for an answerto the controversy, whether or not, Sikhs are ordained to maintain their bodily hair unshorn from the Guru Granth Sahib.

In sum and substance, this Court had concluded in the aforesaid paragraphs, that the Guru Granth Sahib was a treatise limited to the expression of the moral and spiritual code of conduct for Sikhs. And further, that the physical aspect of the Sikh faith could betraced only from the "Sikh rehatmaryada" and from other preachings of the "Sikh gurus", meaning thereby, that the samecould not be traced from the Guru Granth Sahib. It is this aspect of the matter, which ac-cording to the pleadings of the instant application, led to a deep sense of sorrow in the heart of the applicant. So as to demonstrate his viewpoint, that the conclusions recorded by this Court in the judgement to the effect noticed hereinabove, were not in consonance with the reality of the Guru Granth Sahib. The applicant painstakingly read throught paragraphs 4 and 5 of the application. So as to understand effectively the entire submissions advanced by the applicant, we are e x t r a c t i n g hereunderparagraphs 4 and 5of the applicationn, lest id be felt, that the submissions advanced during the course of hearing, have not been duly taken into consideration:-227). In the same way, Guru Nanak in Japuji says, 'Amrit Wela Sach Naan Vadyar Vichaar'. (Early in the morning utter the true Name and reflect upon God's greatness).These very concept have been transformed into Sikh Rehat Maryada (The Code of Conduct and Conventions) in a different language, meaning thereby that every ideological aspect of Rehat Maryada is rooted in the teachings of Guru Granth Sahib. By no stretch of imagination, it can be said that any ideological part of Rehat Maryada has independent existence apart from Guru Granth Sahib. There is a complete unity of spiritual and temporal thins in Skihism and deeply rooted in Sri Guru Granth Sahib itself. There is no possibility of separating the two, as this doctrine is deeply rooted in Guru Granth Sahib for a direction in their day to day life. Therefore, a Sikh's life is governed by the teachings of Guru Granth Sahib in all aspect."

Gurleen Kaur ys State of Punjab and Others on 7 August, 2009
in the High Court of Punjab and Haryana, Chandigarh.
R.A. No. 215 of 2009 In
CWP No. 14859 of 2008

ਇਸੇ ਤਰ੍ਹਾਂ ਇਸੇ ਪੰਜਾਬ ਅਤੇ ਹਾਈਕੋਰਟ ਨੇ ਦਿਲਾਵਰ ਸਿੰਘ ਦੇ ਮੁਕੱਦਮੇ ਵਿਚ ਸਿੱਖ ਰਹਿਤ ਮਰਯਾਦਾ ਦੇ ਬਣਾਏ ਜਾਣ ਦਾ ਪੂਰਾ ਇਤਿਹਾਸ ਦਰਜ ਕੀਤਾ। ਇਸ ਵਿਚ 1927 ਵਿਚ ਰਹੁ-ਰੀਤ ਕਮੇਟੀ ਦੇ ਬਣਾਏ ਜਾਣ ਤੋਂ ਲੈ ਕੇ 1945 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਨੂੰ ਪ੍ਰਵਾਨ ਕਰਨ ਤੱਕ ਦਾ ਵੇਰਵਾ ਦਰਜ ਕੀਤਾ :

No discussion on the subject can be complete without a reference to the 'Sikh Rehat Maryada' formulated by the shiromani Gurdwara Prabandhak Committee in 1945. This Rehat Maryada, is the outcome of years of labour and the widest consultations amongst the Sikhs. The exercise started with the appointment on 15 March 1927, of 28-member Rahu-rit (i.e. rahitmaryada) sub-committee "to prepare a draft rahu-rit in the light of rahitnamas and other Sikh texts and in consultation with leading Sikh scholars." Later, the task was entrusted to Professor Teja Singh, of Khalsa College, Amritsar, who prepared a draft which was published in the April 1931 issue of the Gurdwara Gazette, the official organ of the Shiromani Gurdwara Parbandhak Committee, for eliciting public opining. The Rahu-rit sub-committee considered the draft as well as the comments received from various quarters at its meetings held at Sri Akal Takht on 4-5 October 1931, 3 January 1932 and 31 January 1932.

The Final version, after being referred to Sarb Hind (i.e. All India) Sikh Mission Board and further amended by Dharmik Salahkar (i.e. Religious Advisory) Committee received final approval by the shiromani Gurudwara Parbandhak Committee on 3 February 1945. It was then published under the title 'Sikh Rahit Maryada'.

Dilawar Singh vs State of Haryana on 16 March, 2016, CWP-9013-2015

ਇਸ ਦੇ ਨਾਲ ਹੀ ਇਹ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਸਿੱਖ ਰਹਿਤ ਮਰਯਾਦਾ ਇਕ ਕਾਨੂੰਨੀ ਦਸਤਾਵੇਜ਼ ਹੈ। ਇਸ ਲਈ ਇਸ ਵਿਚ ਛਾਪੇ ਦੀ ਗ਼ਲਤੀ ਕਦਾਚਿਤ ਨਹੀਂ ਹੋਣੀ ਚਾਹੀਦੀ। ਵਿਸ਼ੇਸ਼ ਕਰਕੇ ਇਸ ਦੇ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਜਾਂ ਤਰਜਮਾ ਕਰਨ ਲੱਗਿਆਂ ਉਚੇਚਾ ਧਿਆਨ ਦੇਣ ਦੀ ਲੋੜ ਹੈ। ਐਸਾ ਨਾ ਹੋਣ 'ਤੇ ਲਏ ਗਏ ਫੈਸਲਿਆਂ 'ਤੇ ਇਸ ਦਾ ਪ੍ਰਭਾਵ ਪੈ ਸਕਦਾਹੈ। ਇਹ ਲਿਖਣ ਦੀ ਜ਼ਰੂਰਤ ਤਾਂ ਪਈ ਕਿ ਸਿੱਖ ਰਹਿਤ ਮਰਯਾਦਾ ਦੇ ਹਿੰਦੀ ਅਤੇ ਪੰਜਾਬੀ ਵਿਚ ਤਰਜਮਾ ਕਰਨ ਲੱਗਿਆਂ ਕਈ ਗਲਤੀਆਂ ਵੇਖਣ ਵਿਚ ਆਈਆਂ ਹਨ ਜਿਸ ਨਾਲ ਅਰਥ ਦਾ ਅਨਰਥ ਹੋ ਜਾਂਦਾ ਹੈ। ਇਸ ਨਾਲ ਵੱਡਾ ਕੌਮੀ ਨੁਕਸਾਨ ਸਾਹਮਣੇ ਆਇਆ ਹੈ। ਇਸ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਕੀ ਇਹ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਣਾਈ ਗਈ ਹੈ ਜਾਂ ਹਾਲੇ ਵੀ ਇਹ ਖਰੜਾ ਹੀ ਹੈ? ਕਈ ਵਾਰ ਜਾਣੇ ਅਣਜਾਣੇ ਵਿਚ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਹ ਸਿੱਖ ਰਹਿਤ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਾਈ ਹੋਈ ਹੈ ਅਤੇ ਇਕ ਖਰੜਾ ਹੈ। ਇਹ ਉਕਤੀ ਸਰਾਸਰ ਗਲਤ ਅਤੇ ਭੁਲੇਖਾ ਪਾਊ ਹੈ। ਇਹ ਮਰਯਾਦਾ ਸਮੁੱਚੇ ਖਾਲਸੇ ਪੰਥ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਤਿਆਰ ਕੀਤੀ ਗਈ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਤਾਂ ਇਸ ਲਈ ਕੇਵਲ ਸਾਧਨ ਅਤੇ ਸਹੂਲਤਾਂ ਹੀ ਮੁਹੱਈਆ ਕਰਵਾਈਆਂ ਹਨ।

ਇਸ ਰਹਿਤ ਮਰਯਾਦਾ ਨੂੰ ਪੱਕਿਆਂ ਤੌਰ 'ਤੇ ਲਿਖਤੀ ਰੂਪ ਵਿਚ ਅੰਕਤ ਕਰਨ ਦਾ ਸ਼੍ਰੋਮਣੀ ਕਮੇਟੀ ਦਾ ਇਹ ਪਹਿਲਾ ਉਪਰਾਲਾ ਨਹੀਂ ਸੀ। ਇਸ ਤੋਂ ਪਹਿਲਾਂ ਵੀ 1914 ਵਿਚ ਗਿਆਨੀ ਅਵਤਾਰ ਸਿੰਘ ਜੀ ਵਹੀਰੀਆ ਰਚਿਤ ਖਾਲਸਾ ਧਰਮ ਸ਼ਾਸਤ੍ਰ ਨਾਮ ਦੀ ਤਕਰੀਬਨ 450 ਪੰਨਿਆਂ ਦੀ ਪੁਸਤਕ ਛਪ ਚੁੱਕੀ ਸੀ। ਇਸ ਵਿਚ ਪੁਰਾਤਨ ਸ੍ਰੋਤਾਂ ਅਤੇ ਸਾਰੇ ਰਹਿਤਨਾਮਿਆਂ 'ਤੇ ਵਿਚਾਰ ਕਰਕੇ ਇਕ ਵਡਮੁੱਲੀ ਪੁਸਤਕ ਪੰਥ ਦੀ ਝੋਲੀ ਵਿਚ ਪਾਈ ਜਾ ਚੁੱਕੀ ਸੀ। ਤਕਰੀਬਨ ਇਸ ਸਮੇਂ ਹੀ ਇਕ ਹੋਰ ਗੰਭੀਰ ਉਪਰਾਲਾ ਪ੍ਰਮੁੱਖ ਪੰਥਕ ਜਥੇਬੰਦੀ ਚੀਫ਼ ਖਾਲਸਾ ਦੀਵਾਨ ਵਲੋਂ ਅਰੰਭਿਆ ਗਿਆ। ਚੀਫ਼ ਖਾਲਸਾ ਦੀਵਾਨ ਨੇ ਵੀ ਬਕਾਇਦਾ ਰਹੁ ਰੀਤ ਕਮੇਟੀ ਦਾ ਗਠਨ ਕਰਕੇ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਵਾਇਆ ਅਤੇ ਸਾਰੇ ਪੰਥ ਵਿਚ ਇਸ ਨੂੰ ਵੱਡੀ ਗਿਣਤੀ ਵਿਚ ਛਾਪ ਕੇ ਵੰਡਿਆ। ਉਸ ਸਮੇਂ ਪੰਥ ਅਤੇ ਪੰਥਕ ਜਥੇਬੰਦੀਆਂ ਨੇ ਵੱਡੀ ਗਿਣਤੀ ਵਿਚ ਇਕ ਤੋਂ ਵੱਧ ਵਾਰ ਆਪਣੀਆਂ ਰਾਵਾਂ ਇਸ ਖਰੜੇ ਬਾਰੇ ਪੇਸ਼ ਕੀਤੀਆਂ। ਉਪਰੰਤ ਇਹ ਖਰੜਾ ਪ੍ਰਵਾਨ ਹੋ ਕੇ ਪੰਥਕ ਮਰਯਾਦਾ ਦਾ ਰੂਪ ਧਾਰਨ ਕਰ ਗਿਆ। ਇਸ ਨੂੰ ਚੀਫ਼ ਖਾਲਸਾ ਦੀਵਾਨ ਵਲੋਂ ਗੁਰਮਤਿ ਪ੍ਰਕਾਸ਼-ਭਾਗ ਸੰਸਕਾਰ ਦੇ ਨਾਮ ਹੇਠ ਪ੍ਰਕਾਸ਼ਤ ਕੀਤਾ ਗਿਆ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਸਿੱਖ ਰਹਿਤ ਮਰਯਾਦਾ ਕਾਫ਼ੀ ਹੱਕ ਤੱਕ ਗੁਰਮਤਿ ਪ੍ਰਕਾਸ਼-ਭਾਗ ਸੰਸਕਾਰ ਦਾ ਹੀ ਵਿਸਤ੍ਰਿਤ ਅਤੇ ਸੋਧਿਆ ਹੋਇਆ ਰੂਪ ਕਿਹਾ ਜਾ ਸਕਦਾ ਹੈ। ਚੀਫ਼ ਖਾਲਸਾ ਦੀਵਾਨ ਵਲੋਂ ਪ੍ਰਕਾਸ਼ਤ ਗੁਰਮਤਿ ਪ੍ਰਕਾਸ਼-ਭਾਗ ਸੰਸਕਾਰ ਨੂੰ ਧਿਆਨ ਨਾਲ ਵਾਚਿਆਂ ਇਕ ਗੱਲ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਮੌਜੂਦਾ ਸਿੱਖ ਰਹਿਤ ਮਰਯਾਦਾ ਦੀਆਂ ਕਈ ਐਸੀਆਂ ਮੱਦਾਂ ਬਾਰੇ ਸ਼ੰਕੇ ਅਤੇ ਇਤਰਾਜ਼ ਇਹ ਕਹਿ ਕੇ ਪ੍ਰਗਟ ਕੀਤੇ ਜਾਂਦੇ ਹਨ ਕਿ ਇਹ ਮੱਦਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਾਈਆਂ ਗਈਆਂ ਹਨ ਅਤੇ ਇਨ੍ਹਾਂ ਦਾ ਕੋਈ ਇਤਿਹਾਸਕ ਜਾਂ ਪੰਥਕ ਸ੍ਰੋਤ ਨਹੀਂ ਹੈ, ਉਹ ਨਿਰਮੂਲ ਸਿੱਧ ਹੋ ਜਾਂਦਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਸਿੱਖ ਰਹਿਤ ਮਰਯਾਦਾ ਦੀ ਤਿਆਰੀ 1925 ਵਿਚ ਆਰੰਭ ਹੋਈ ਅਤੇ 1936 ਵਿਚ ਇਸ ਨੂੰ ਗੁਰੂ ਪੰਥ ਦੀ ਪ੍ਰਵਾਨਗੀ ਮਿਲੀ। ਉਪਰੰਤ ਧਰਮ ਪ੍ਰਚਾਰ ਕਮੇਟੀ ਨੇ ਕਈ ਇਕੱਤਰਤਾਵਾਂ ਵਿਚ ਇਸ ਨੂੰ ਸੋਧਿਆ ਅਤੇ 1945 ਵਿਚ ਇਸ ਦਾ ਮੌਜੂਦਾ ਸਵਰੂਪ ਸਾਹਮਣੇ ਆਇਆ। ਇਸ ਤੋਂ ਸਪਸ਼ਟ ਹੈ ਕਿ ਪੰਥ ਨੇ ਸਿਰ ਜੋੜ ਕੇ ਇਸ ਮਹਾਨ ਇਤਿਹਾਸਕ ਕਾਰਜ ਨੂੰ ਸਿਰੇ ਚਾੜ੍ਹਿਆ। ਇਸ ਤੋਂ ਜਾਣੇ ਅਣਜਾਣੇ ਵਿਚ ਪਾਇਆ ਇਹ ਭੁਲੇਖਾ ਨਿਰਮੂਲ ਸਾਬਤ ਹੁੰਦਾ ਹੈ ਕਿ 1933 ਵਿਚ ਰਹੁ-ਰੀਤ ਕਮੇਟੀ ਵਿਚ ਗਰਮਾ ਗਰਮ ਬਹਿਸ ਦਾ ਕੋਈ ਸਿੱਟਾ ਨਹੀਂ ਨਿਕਲਿਆ ਅਤੇ 1945 ਤੱਕ ਲੰਮਾਂ ਵਖਵਾ ਰਿਹਾ।

ਪੰਥ ਵਲੋਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਕੀਤੀਆਂ ਅਥਾਹ ਕੁਰਬਾਨੀਆਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਉਸ ਸਮੇਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਨੇੜੇ ਅਤੇ ਕਮੇਟੀ ਦੇ ਅਧੀਨ ਗੁਰਦੁਆਰਿਆਂ ਦੀ ਮਰਯਾਦਾ ਵਿਚਵੀ ਇਕਸਾਰਤਾ ਨਹੀਂ ਸੀ। ਹਰ ਗੁਰਦੁਆਰੇ ਵਿਚ ਅਰਦਾਸ, ਪ੍ਰਸ਼ਾਦਿ, ਸਿਰਪਾਓ ਵੱਖਰੇ-ਵੱਖਰੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਆ ਜਾਣ ਤੋਂ ਪਹਿਲਾਂ ਪੁਜਾਰੀਆਂ ਦੇ ਸਮੇਂ ਸਿੱਖ ਧਰਮ ਪ੍ਰਚਾਰ ਭਾਵ ਗੁਰਮਤਿ ਪ੍ਰਚਾਰ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ, ਸਗੋਂ ਪ੍ਰਕਰਮਾ ਵਿਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਤੇ ਰਾਮਾਇਣ ਤੇ ਮਹਾਰਤ ਆਦਿ ਹਿੰਦੂ ਮੱਤ ਦੇ ਗ੍ਰੰਥਾਂ ਦੀਆਂ ਕਥਾਵਾਂ ਹੁੰਦੀਆਂ ਤੇ ਗੁਰਮਤਿ ਵਿਰੁੱਧ ਅਨਯ ਮੱਤਾਂ ਤੇ ਮਨਮਤ ਦਾ ਪ੍ਰਚਾਰ ਕੀਤਾ ਜਾਂਦਾ ਸੀ।

(ਸ੍ਰੀ ਹਮਿਰੰਦਰ ਸਾਹਿਬ ਦਾ ਨੁ ਸੁਨਹਿਰੀ ਇਤਿਹਾਸ, ਪੰਨਾ ੩੦੧)

ਇਸ ਬਿਖੜੇ ਹਾਲਾਤ ਵਿਚ ਗੁਰੂ ਪੰਥ ਨੇ ਸਿਰ ਜੋੜ ਕੇ ਇਹ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ। ਜੇ ਐਸਾ ਨਾ ਹੁੰਦਾ ਤਾਂ ਹਰ ਗੁਰਦੁਆਰੇ ਵਿਚ ਹੀ ਵੱਖ-ਵੱਖ ਰਹੁ ਰੀਤਾਂ ਲਾਗੂ ਹੋਣੀਆਂ ਸਨ। ਇਸ ਨੇ ਪੰਥ ਨੂੰ ਖੇਰੂੰ-ਖੇਰੂੰ ਕਰ ਦੇਣਾ ਸੀ। ਇਹ ਸਤਿਗੁਰੂ ਜੀ ਦੀ ਅਸੀਮ ਰਹਿਮਤ ਹੋਈ ਕਿ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਅਮਲ ਵਿਚ ਲਿਆਉਂਦੀ ਗਈ। ਇਸ ਤਰ੍ਹਾਂ ਇਹ ਇਕ ਐਸਾ ਪੈਮਾਨਾ ਹੈ ਜੋ ਲਗਾਤਾਰ ਆਗਾਹ ਕਰਦਾ ਰਹੇਗਾ ਕਿ ਪੰਥ ਆਪਣੇ ਧੁਰੇ ਦੇ ਕਿੰਨਾ ਨੇੜੇ ਜਾਂ ਦੂਰ ਹੈ।

# ਜਾਤਪਾਤ ਤੋਂ ਅਮਰੀਕਾ ਨੂੰ ਬਚਾਉਣ ਲਈ ਕੈਲੇਫੋਰਨੀਆ ਸੈਨੇਟ ਬਿੱਲ 403 ਵਲੋਂ ਜੁਡੀਸਰੀ ਕਮੇਟੀ ਵੱਲੋ 8-0 ਨਾਲ ਪਾਸ

## ਸਦੀਆਂ ਤੋਂ ਜਾਤਪਾਤ ਦੇ ਸਤਾਏ ਲੋਕ ਫੈਸਲੇ ਦਾ ਸਵਾਗਤ ਕਰਦੇ ਹੋਏ ਨੱਚਣ ਲੱਗ ਪਏ










ਵਾਸ਼ਿੰਗਟਨ : ਭਾਰਤੀ-ਅਮਰੀਕੀ ਕਾਰੋਬਾਰੀ ਅਤੇ ਮੰਦਰ ਸੰਗਠਨਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਕੈਲੀਫੋਰਨੀਆ ਦੀ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਰਾਜ ਵਿੱਚ ਜਾਤ ਅਧਾਰਤ ਭੇਦਭਾਵ ’ਤੇ ਪਾਬੰਦੀ ਲਾਉਣ ਲਈ ਸਰਬਸੰਮਤੀ ਨਾਲ ਬਿੱਲ ਪਾਸ ਕਰ ਦਿੱਤਾ ਹੈ। ਕੈਲੀਫੋਰਨੀਆ ਰਾਜ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਜਾਤ ਅਧਾਰਤ ਵਿਤਕਰੇ ’ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਮਨਜ਼ੂਰੀ ਲਈ ਸੈਨੇਟ ਨੂੰ ਭੇਜਣ ਦੇ ਪ੍ਰਸਤਾਵ ਦੇ ਹੱਕ ਵਿੱਚ ਵੋਟ ਦਿੱਤੀ। ਇਹ ਪਹਿਲੀ ਵਾਰ ਹੈ ਜਦੋਂ ਅਮਰੀਕੀ ਰਾਜ ਵਿਧਾਨ ਸਭਾ ਜਾਤ ਨਾਲ ਸਬੰਧਤ ਕਾਨੂੰਨ ’ਤੇ ਵਿਚਾਰ ਕਰੇਗੀ। ਜੇ ਬਿੱਲ ਪਾਸ ਹੋ ਜਾਂਦਾ ਹੈ ਤਾਂ ਕੈਲੀਫੋਰਨੀਆ ਵਿੱਚ ਜਾਤ ਰਾਜ ਦੇ ਭੇਦਭਾਵ ਵਿਰੋਧੀ ਕਾਨੂੰਨ ਦੇ ਤਹਿਤ ਸੁਰੱਖਿਅਤ ਸ਼੍ਰੇਣੀ ਬਣ ਜਾਵੇਗੀ। ਇਸ ਨਾਲ ਅਮਰੀਕਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਰਾਜ ਕੈਲੀਫੋਰਨੀਆ ਜਾਤ ਅਧਾਰਤ ਵਿਤਕਰੇ ’ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਰਾਜ ਬਣ ਜਾਵੇਗਾ। ਭਾਰਤੀ ਮੂਲ ਦੀ ਦਲਿਤ ਅਧਿਕਾਰ ਕਾਰਕੁਨ ਅਤੇ ‘ਦਿ ਟਰਾਮਾ ਆਫ਼ ਕਾਸਟ’ ਦੀ ਲੇਖਕ ਤੰਮੋਜ਼ੀ ਸੁੰਦਰਰਾਜਨ ਨੇ ਕਿਹਾ, ‘ਅੱਜ ਮੈਂ ਮਾਣ ਨਾਲ ਆਪਣੇ ਜਾਤੀ-ਪੀੜਤ ਭਾਈਚਾਰੇ ਦੇ ਮੈਂਬਰਾਂ, ਜਾਤੀ ਸਮਾਨਤਾ ਅੰਦੋਲਨ ਦੇ ਮੋਢੀਆਂ ਅਤੇ ਸਹਿਯੋਗੀਆਂ ਨਾਲ ਖੜ੍ਹੀ ਹਾਂ ਇਹ ਕਹਿਣ ਲਈ ਕੈਲੀਫੋਰਨੀਆ ’ਚ ਜਾਤ ਅਧਾਰਤ ਭੇਦਭਵ ਦਾ ਸ਼ਿਕਾਰ ਲੋਕ ਹੁਣ ਉਹ ਸੁਰੱਖਿਆ ਹਾਸਲ ਕਰਨ ਦੇ ਨੇੜੇ ਹਨ ਜਿਸ ਦੇ ਉਹ ਹੱਕਦਾਰ ਹਨ।’
















# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

**Same Day IRP PLATE**

**We Ship Truck Plates All Over US**

intuit quickbooks. | CTEC California Tax Education Council Registered Tax Preparer | AUTHORIZED IRS e-file PROVIDER | COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 | (510) 601-6200 | info@ TOTALIRP.com

# ਅਰੁਣਾਚਲ ਪ੍ਰਦੇਸ਼: ਇਤਿਹਾਸਕ ਗੁਰਦੁਆਰੇ ਨੂੰ ਬੋਧੀ ਧਰਮ ਅਸਥਾਨ ਬਣਾਇਆ



ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਗੁਰਦੁਆਰੇ 'ਚ ਸੁਸ਼ੋਭਿਤ ਪਾਲਕੀ ਸਾਹਿਬ ਅਤੇ (ਸੱਜੇ) ਜਿੱਥੇ ਹੁਣ ?ਮੂਰਤੀ ਸਥਾਪਤ ਕੀਤੀ ਗਈ ਹੈ।

ਅੰਮ੍ਰਿਤਸਰ : ਹਰਿਦੁਆਰ ਵਿੱਚ ਗੁਰਦੁਆਰਾ ਗਿਆਨ ਗੋਦੜੀ ਦਾ ਮਾਮਲਾ ਹਾਲੇ ਠੰਢਾ ਨਹੀਂ ਹੋਇਆ ਕਿ ਹੁਣ ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿੱਚ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਅਸਥਾਨ ਨੂੰ ਬੋਧੀ ਅਸਥਾਨ ਵਿਚ ਤਬਦੀਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆ ਗਿਆ ਹੈ ਜਿਸ ਦਾ ਸ਼ ?ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਇਸ ਮਾਮਲੇ ਵਿਚ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਤੁਰੰਤ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਸਿੱਖ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਸਥਿਤ ਹੈ ਜਿਸ ਨੂੰ ਹਾਲ ਹੀ ਵਿਚ ਬੁੱਧ ਧਰਮ ਦੇ ਅਸਥਾਨ ਦੇ ਰੂਪ ਵਿਚ ਬਦਲ ਦਿੱਤਾ ਗਿਆ ਹੈ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ 8 ਅਪਰੈਲ ਨੂੰ ਸੋਸ਼ਲ ਮੀਡੀਆ 'ਤੇ ਆਪਣੇ ਦੌਰੇ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਜਿਸ ਤੋਂ ਸਾਫ਼ ਨਜ਼ਰ ਆ ਰਿਹਾ ਹੈ ਕਿ ਹੁਣ ਇਸ ਸਿੱਖ ਅਸਥਾਨ ਨੂੰ ਬੋਧੀ ਅਸਥਾਨ ਵਜੋਂ ਤਬਦੀਲ ਕੀਤਾ ਜਾ ਚੁੱਕਾ ਹੈ। ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਕਾਰਵਾਈ ਨੂੰ ਸਿੱਖਾਂ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਕਿਸੇ ਵੀ ਧਰਮ ਅਸਥਾਨ ਨੂੰ ਹੋਰ ਧਰਮ ਦੇ ਕੇਂਦਰ ਵਿਚ ਤਬਦੀਲ ਕਰ ਦੇਣਾ ਸੰਵਿਧਾਨ ਦੀ ਧਾਰਾ 25 ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੀ ਭਲਾਈ ਲਈ ਵੱਖ-ਵੱਖ ਥਾਵਾਂ ਸਮੇਤ ਕਈ ਦੇਸ਼ਾਂ ਦੀ ਧਾਰਮਿਕ ਯਾਤਰਾ ਕੀਤੀ ਸੀ, ਜਿਸ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਹਿਤ ਹੀ ਇਤਿਹਾਸ ਵਿਚ ਗੁਰੂ ਸਾਹਿਬ ਦੇ ਮੇਚੁਕਾ ਜਾਣ ਦਾ ਹਵਾਲਾ ਵੀ ਮਿਲਦਾ ਹੈ। ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਦੇ ਵਿਕਾਸ ਲਈ ਇਤਿਹਾਸਕਾਰ ਕਰਨਲ ਦਲਵਿੰਦਰ ਸਿੰਘ ਗਰੇਵਾਲ ਨੇ ਅਹਿਮ ਯੋਗਦਾਨ ਪਾਇਆ ਸੀ। ਸ੍ਰੀ ਗਰੇਵਾਲ ਨੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਮਾਰਚ 1987 'ਚ ਇਹ ਗੁਰਦੁਆਰਾ ਸੰਗਤ ਅਰਪਣ ਕੀਤਾ ਸੀ।

# ਨਸ਼ਾ ਤਸਕਰੀ: ਬਰਖਾਸਤ ਅਧਿਕਾਰੀ ਰਾਜਜੀਤ ਐੱਸਟੀਐੱਫ ਦੀ ਪਹੁੰਚ ਤੋਂ ਦੂਰ

## *ਸੰਗੀਨ ਧਾਰਾਵਾਂ ਤਹਿਤ ਨਾਮਜ਼ਦਗੀ ਤੋਂ ਬਾਅਦ ਰੂਪੋਸ਼ ਚੱਲ ਰਿਹਾ ਹੈ ਸਾਬਕਾ ਐਸਐਸਪੀ*



ਚੰਡੀਗੜ੍ਹ : ਪੰਜਾਬ ਪੁਲੀਸ ਦੀ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਹਾਲੇ ਤਕ ਬਰਖਾਸਤ ਪੁਲੀਸ ਅਧਿਕਾਰੀ ਰਾਜਜੀਤ ਸਿੰਘ ਦਾ ਥਹੁ-ਪਤਾ ਲਗਾਉਣ 'ਚ ਨਾਕਾਮ ਰਹੀ ਹੈ। ਐੱਸਟੀਐੱਫ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਬਕਾ ਐੱਸਐੱਸਪੀ ਦੀ ਤਲਾਸ਼ ਲਈ ਪੰਜਾਬ, ਚੰਡੀਗੜ੍ਹ ਅਤੇ ਦਿੱਲੀ ਵਿੱਚ ਪੁਲੀਸ ਟੀਮਾਂ ਵੱਲੋਂ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ ਪਰ ਰਾਜਜੀਤ ਸਿੰਘ ਦੇ ਲਗਾਤਾਰ ਰੂਪੋਸ਼ ਰਹਿਣ ਕਰਕੇ ਕੋਈ ਵੀ ਪੁਖਤਾ ਜਾਣਕਾਰੀ ਹੱਥ ਨਹੀਂ ਲੱਗੀ। ਇੱਕ ਸੀਨੀਅਰ ਪੁਲੀਸ ਅਧਿਕਾਰੀ ਦਾ ਕਹਿਣਾ ਹੈ ਕਿ ਰਾਜਜੀਤ ਸਿੰਘ ਐੱਸਐੱਚਓ ਤੋਂ ਲੈ ਕੇ ਜ਼ਿਲ੍ਹਾ ਪੁਲੀਸ ਮੁਖੀ ਦੇ ਅਹੁਦੇ ਤੱਕ ਰਿਹਾ ਹੈ, ਇਸ ਲਈ ਪੁਲੀਸ ਤੋਂ ਬਚਾਅ ਕਰਨ ਬਾਰੇ ਉਸ ਨੂੰ ਸਾਰੀ ਜਾਣਕਾਰੀ ਹੈ। ਇਹੀ ਕਾਰਨ ਹੈ ਕਿ ਰਾਜਜੀਤ ਸਿੰਘ ਨੂੰ ਜਦੋਂ ਐੱਸਟੀਐੱਫ ਨੇ ਨਾਮਜ਼ਦ ਕੀਤਾ ਸੀ ਉਸ ਤੋਂ ਕੁਝ ਦਿਨ ਪਹਿਲਾਂ ਹੀ ਉਸ ਦੇ ਮੋਬਾਈਲ ਬੰਦ ਹੋ ਗਏ ਸਨ। ਐੱਸਟੀਐੱਫ ਨੇ ਸਾਬਕਾ ਐੱਸਐੱਸਪੀ ਦੇ ਨੌਕਰਾਂ ਅਤੇ ਪਰਿਵਾਰਕ ਮੈਂਬਰਾਂ ਤੋਂ ਵੀ ਜਾਣਕਾਰੀ ਹਾਸਲ ਕਰਨੀ ਚਾਹੀ ਪਰ ਕੁਝ ਵੀ ਪੱਲੇ ਨਾ ਪਿਆ। ਐੱਸਟੀਐੱਫ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜਜੀਤ ਸਿੰਘ ਵੱਲੋਂ ਆਪਣੇ ਕਿਸੇ ਕਰੀਬੀ ਨਾਲ ਫੋਨ 'ਤੇ ਗੱਲ ਕਰਨ ਜਾਂ ਹੋਰ ਉਪਕਰਨ ਵਰਤਣ ਤੋਂ ਬਾਅਦ ਹੀ ਕੋਈ ਸੁਰਾਗ ਲੱਗ ਸਕਦਾ ਹੈ। ਉਧਰ ਇਸ ਸਾਬਕਾ ਪੁਲੀਸ ਅਧਿਕਾਰੀ ਦੇ ਪਰਿਵਾਰਕ ਸੂਤਰਾਂ ਦਾ ਕਹਿਣਾ ਹੈ ਕਿ ਰਾਜਜੀਤ ਵਲੋਂ ਕਾਨੂੰਨੀ ਮਾਹਿਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਦੀ ਪੁਸ਼ਤਪਨਾਹੀ ਜਾਂ ਸਿਫਾਰਿਸ਼ਾਂ ਕਰਨ ਲਈ ਡੀਜੀਪੀ ਦਫ਼ਤਰ ਤੋਂ ਮੰਗੀ ਰਿਪੋਰਟ ਤੋਂ ਬਾਅਦ ਐੱਸਐੱਸਪੀ ਰੈਂਕ ਦੇ ਕਈ ਪੁਲੀਸ ਅਧਿਕਾਰੀਆਂ ਨੇ ਹਾਲ ਦੀ ਘੜੀ ਸੁਖ ਦਾ ਸਾਹ ਲਿਆ ਹੈ ਕਿਉਂਕਿ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਸੂਬੇ ਦੇ ਆਈਜੀ (ਹੈੱਡਕੁਆਰਟਰ) ਸੁਖਚੈਨ ਸਿੰਘ ਗਿੱਲ ਦੇ ਦਸਤਖਤਾਂ ਹੇਠ ਸਰਕਾਰ ਨੂੰ ਭੇਜੀ ਗਈ ਰਿਪੋਰਟ ਵਿੱਚ ਪੁਲੀਸ ਵੱਲੋਂ ਰਾਜਜੀਤ ਸਿੰਘ ਤੋਂ ਇਲਾਵਾ ਕਿਸੇ ਵੀ ਅਫ਼ਸਰ ਨੂੰ ਇੰਦਰਜੀਤ ਸਿੰਘ ਦਾ ਹਮਾਇਤੀ ਨਾ ਹੋਣ ਦਾ ਦਾਅਵਾ ਕੀਤਾ ਗਿਆ ਹੈ ਤੇ ਸਿਰਫ਼ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ 'ਤੇ ਹੀ ਉਂਗਲ ਧਰੀ ਗਈ ਹੈ।

ਪੰਜਾਬ ਪੁਲੀਸ ਦੀ ਵਿਸ਼ੇਸ਼ ਟਾਸਕ ਫੋਰਸ ਨੇ ਰਾਜਜੀਤ ਸਿੰਘ ਨੂੰ ਆਈਪੀਸੀ ਦੀ ਧਾਰਾ 120 ਬੀ, 218 ਅਤੇ 384 ਸਮੇਤ ਐਨਡੀਪੀਐਸ ਐਕਟ ਦੀਆਂ ਧਾਰਾਵਾਂ 59 ਅਤੇ 39 ਤਹਿਤ ਨਾਮਜ਼ਦ ਕੀਤਾ ਸੀ। ਇਨ੍ਹਾਂ ਧਾਰਾਵਾਂ 'ਚ ਪੁਲੀਸ ਵੱਲੋਂ ਇਸ ਪੁਲੀਸ ਅਧਿਕਾਰੀ ਨੂੰ ਮੁੱਢਲੇ ਤੌਰ 'ਤੇ ਫਿਰੌਤੀ ਲੈਣ ਅਤੇ ਇੱਕ ਪੁਲੀਸ ਅਧਿਕਾਰੀ ਵੱਲੋਂ ਅਪਰਾਧੀਆਂ ਨੂੰ ਸਜ਼ਾ ਤੋਂ ਬਚਾਉਣ ਵਿੱਚ ਸਹਿਯੋਗ ਕਰਨ ਦੇ ਦੋਸ਼ ਹਨ। ਇਸੇ ਤਰ੍ਹਾਂ ਐੱਨਡੀਪੀਐਸ ਐਕਟ ਦੀ ਧਾਰਾ ਉਦੋਂ ਕਿਸੇ ਪੁਲੀਸ ਅਫ਼ਸਰ 'ਤੇ ਲਾਈ ਜਾਂਦੀ ਹੈ ਜਦੋਂ ਮਿਲੀਭੁਗਤ ਦੇ ਦੋਸ਼ ਲਗਦੇ ਹਨ। ਇਹ ਧਾਰਾਵਾਂ ਸੇਵਾਮੁਕਤ ਡੀਜੀਪੀ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠਲੀ ਤਿੰਨ ਮੈਂਬਰ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਆਪਣੀਆਂ ਰਿਪੋਰਟਾਂ ਵਿੱਚ ਉਠਾਏ ਗਏ ਨੁਕਤਿਆਂ ਦੇ ਆਧਾਰ 'ਤੇ ਲਾਈਆਂ ਗਈਆਂ ਹਨ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਪੁਲੀਸ ਅਧਿਕਾਰੀ ਨੂੰ ਹਾਲ ਦੀ ਘੜੀ ਨਾਮਜ਼ਦ ਕਰ ਲਿਆ ਹੈ ਤੇ ਮਾਮਲੇ ਦੀ ਅਗਲੀ ਤਫ਼ਤੀਸ਼ ਤੋਂ ਬਾਅਦ ਜੇਕਰ ਕੋਈ ਹੋਰ ਦੋਸ਼ ਸਾਹਮਣੇ ਆਉਂਦਾ ਹੈ ਤਾਂ ਉਸ ਵਿੱਚ ਵੀ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਰਾਜਜੀਤ ਸਿੰਘ ਨੂੰ ਐੱਸਟੀਐੱਫ ਦੇ ਤਤਕਾਲੀ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਐੱਸਟੀਐੱਫ ਥਾਣੇ ਵਿੱਚ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਵਿਰੁੱਧ ਨਸ਼ਿਆਂ ਦੀ ਤਸਕਰੀ ਦੇ ਦਰਜ ਮਾਮਲੇ ਵਿੱਚ ਹੀ ਨਾਮਜ਼ਦ ਕੀਤਾ ਗਿਆ ਹੈ। ਇਹ ਬਰਖਾਸਤ ਇੰਸਪੈਕਟਰ ਹੁਣ ਤੱਕ ਜੇਲ੍ਹ ਵਿੱਚ ਹੀ ਬੰਦ ਹੈ। ਸਿਟ ਵੱਲੋਂ ਰਾਜਜੀਤ ਸਿੰਘ ਤੋਂ ਬਿਨਾਂ ਕਿਸੇ ਹੋਰ ਐੱਸਐੱਸਪੀ ਰੈਂਕ ਜਾਂ ਸੀਨੀਅਰ ਪੁਲੀਸ ਅਧਿਕਾਰੀ ਦੇ ਨਾਮ ਦਾ ਹਵਾਲਾ ਆਪਣੀਆਂ ਰਿਪੋਰਟਾਂ ਵਿੱਚ ਨਹੀਂ ਦਿੱਤਾ ਗਿਆ ਪਰ ਇਹ ਜ਼ਰੂਰ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਦੀ ਜ਼ਰੂਰਤ ਹੈ ਤਾਂ ਜੋ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਭੂਮਿਕਾ ਬਾਰੇ ਵੀ ਸਹੀ ਤੱਥ ਸਾਹਮਣੇ ਲਿਆਂਦੇ ਜਾਣ।

# ਕੌਮੀ ਘੱਟ-ਗਿਣਤੀ ਕਮਿਸ਼ਨ ਨੇ ਗੁਰੂ ਨਾਨਕ ਦੇਵ ਨਾਲ ਸਬੰਧਤ ਸਥਾਨ ਨੂੰ ਬੁੱਧ ਮੰਦਰ 'ਚ ਤਬਦੀਲ ਕਰਨ ਬਾਰੇ ਰਿਪੋਰਟ ਮੰਗੀ

## *ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਬੇਅਦਬੀ ਦੀਆਂ ਘਟਨਾਵਾਂ ਦੀ ਸੂਚੀ ਮੰਗੀ*


ਨਵੀਂ ਦਿੱਲੀ : ਕੌਮੀ ਘੱਟ ਗਿਣਤੀ ਕਮਿਸ਼ਨ (ਐੱਨਸੀਐੱਮ) ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਕੋਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਦਲੀਲ 'ਤੇ ਵਿਸਥਾਰ ਵਿੱਚ ਰਿਪੋਰਟ ਮੰਗੀ ਹੈ ਕਿ ਮੇਚੁਕਾ ਵਿੱਚ ਗੁਰੂ ਨਾਨਕ ਦੇਵ ਨਾਲ ਸਬੰਧਤ ਇਕ ਇਤਿਹਾਸਕ ਸਥਾਨ ਨੂੰ ਬੁੱਧ ਮੰਦਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਇਸੇ ਦੌਰਾਨ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ ਪਿਛਲੇ 45 ਸਾਲਾਂ 'ਚ ਬੇਅਦਬੀ ਦੀਆਂ ਜਿੰਨੀਆਂ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਦੀ ਸੂਚੀ ਦਿੱਤੀ ਜਾਵੇ।

ਐੱਨਸੀਐੱਮ ਵੱਲੋਂ ਸੋਮਵਾਰ ਨੂੰ ਜਾਰੀ ਇਕ ਬਿਆਨ ਅਨੁਸਾਰ ਕਮਿਸ਼ਨ ਨੇ 'ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿੱਚ ਗੁਰੂ ਨਾਨਕ ਦੇਵ ਨਾਲ ਸਬੰਧਤ ਇਤਿਹਾਸਕ ਸਥਾਨ ਨੂੰ ਬੁੱਧ ਮੰਦਰ ਵਿੱਚ ਤਬਦੀਲ ਕਰਨ' ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਇਤਰਾਜ਼ ਦਾ ਨੋਟਿਸ ਲਿਆ ਹੈ। ਬਿਆਨ ਮੁਤਾਬਕ, "ਕਿਉਂਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸਿੱਖਾਂ ਦੀ ਧਾਰਮਿਕ ਆਸਥਾ ਨੂੰ ਠੇਸ ਪਹੁੰਚਾਉਂਦੀਆਂ ਹਨ ਅਤੇ ਉਨ੍ਹਾਂ ਵਿਚਾਲੇ ਭੇਦਭਾਵ ਦੀ ਭਾਵਨਾ ਪੈਦਾ ਕਰਦੀਆਂ ਹਨ, ਇਸ ਵਾਸਤੇ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ 24 ਅਪਰੈਲ 2023 ਨੂੰ ਇਕ ਪੱਤਰ ਭੇਜ ਕੇ ਕਮਿਸ਼ਨ ਸਾਹਮਣੇ ਵਿਚਾਰਅਧੀਨ ਮਾਮਲੇ 'ਤੇ ਵਿਸਥਾਰ 'ਚ ਰਿਪੋਰਟ ਮੰਗੀ ਹੈ।" ਬਿਆਨ ਵਿੱਚ ਐੱਨਸੀਐੱਮ ਨੇ ਲੋਕਾਂ ਨੂੰ ਸ਼ਾਂਤੀ ਤੇ ਧੀਰਜ ਬਣਾ ਕੇ ਰੱਖਣ ਦੀ ਅਪੀਲ ਵੀ ਕੀਤੀ ਹੈ।

ਇਕ ਹੋਰ ਬਿਆਨ ਵਿੱਚ ਕਮਿਸ਼ਨ ਨੇ ਕਿਹਾ ਕਿ ਧਿਆਨ ਵਿੱਚ ਆਇਆ ਹੈ ਕਿ ਇਕ ਵਿਅਕਤੀ ਨੇ ਪੰਜਾਬ ਦੇ ਮੋਰਿੰਡਾ ਵਿੱਚ ਇਕ ਗੁਰਦੁਆਰੇ 'ਚ ਵੜ ਕੇ ਪਾਠ ਕਰ ਰਹੇ ਗ੍ਰੰਥੀਆਂ 'ਤੇ ਹਮਲਾ ਕੀਤਾ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਕੀਤੀ। ਹਾਲਾਂਕਿ, ਇਸ ਮਾਮਲੇ 'ਚ ਮੁਲਜ਼ਮ ਦੀ ਪਛਾਣ ਹੋ ਚੁੱਕੀ ਹੈ ਅਤੇ ਉਸ ਖ਼ ?ਲਾਫ਼ ਅਪਰਾਧਿਕ ਕਾਰਵਾਈ ਕੀਤੀ ਜਾ ਸਕਦੀ ਹੈ। ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ ਪਿਛਲੇ 45 ਸਾਲਾਂ 'ਚ ਬੇਅਦਬੀ ਦੀਆਂ ਜਿੰਨੀਆਂ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਦੀ ਸੂਚੀ ਦਿੱਤੀ ਜਾਵੇ। ਕਮਿਸ਼ਨ ਨੇ ਸ਼ਾਂਤੀ ਤੇ ਧੀਰਜ ਬਣਾ ਕੇ ਰੱਖਣ ਦੀ ਅਪੀਲ ਕੀਤੀ ਹੈ।

# ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ 'ਚ ਬੇਅਦਬੀ ਦੀ ਘਟਨਾ, ਦੋਸ਼ੀ ਕਾਬੂ





ਮੋਰਿੰਡਾ : ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਵਿਖੇ ਦੁਪਹਿਰ ਸਮੇਂ ਲਗਭਗ ਡੇਢ ਵਜੇ ਦੇ ਕਰੀਬ 37 ਕੁ ਸਾਲਾਂ ਦੇ ਮੋਰਿੰਡਾ ਦੇ ਵਾਰਡ ਨੰਬਰ 11 ਦਾ ਵਸਨੀਕ ਜਸਵੀਰ ਸਿੰਘ ਪੁੱਤਰ ਅਮਰੀਕ ਸਿੰਘ ਚੂਹੜਮਾਜਰੇ ਵਾਲੇ, ਗੁਰਦੁਆਰਾ ਕੋਤਵਾਲੀ ਸਾਹਿਬ 'ਚ ਦਾਖ਼ਲ ਹੋਇਆ ਤੇ ਗੁਰਦੁਆਰਾ ਸਾਹਿਬ ਵਿਚ ਪਾਠ ਕਰ ਰਹੇ ਦੋ ਗ੍ਰੰਥੀ ਸਿੰਘਾਂ ਭਾਈ ਗੁਰਪ੍ਰੀਤ ਸਿੰਘ ਤੇ ਭਾਈ ਹਰਪਾਲ ਸਿੰਘ ਨਾਲ ਕੁੱਟਮਾਰ ਕਰਕੇ ਉਨ੍ਹਾਂ ਦੀਆਂ ਦਸਤਾਰਾਂ ਉਤਾਰ ਦਿੱਤੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਨਾਲ ਛੇੜਛਾੜ ਕਰਕੇ ਬੇਅਦਬੀ ਕੀਤੀ। ਇਸ ਘਟਨਾ ਦੇ ਇਕ ਦਮ ਬਾਅਦ ਸੰਗਤ ਵਲੋਂ ਇਸ ਨੌਜਵਾਨ ਨੂੰ ਗੁਰਦੁਆਰਾ ਸਾਹਿਬ ਵਿਚ ਕਾਬੂ ਕਰਕੇ ਕੁੱਟਮਾਰ ਕੀਤੀ ਗਈ ਅਤੇ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ। ਇਹ ਸਾਰੀ ਘਟਨਾ ਗੁਰਦੁਆਰਾ ਸਾਹਿਬ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ ਅਤੇ ਘਟਨਾ ਦੀ ਵੀਡੀਓ ਵਾਇਰਲ ਹੁੰਦਿਆਂ ਹੀ ਇਲਾਕੇ ਅਤੇ ਦੂਰ-ਦੁਰਾਡਿਓਂ ਸੰਗਤ ਨੇ ਸਭ ਤੋਂ ਪਹਿਲਾਂ ਕਾਈਨੌਰ ਚੌਕ ਮੋਰਿੰਡਾ ਵਿਚ ਜਾਮ ਲਗਾ ਦਿੱਤਾ। ਜਿਸ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਪੁੱਜੇ। ਇਸ ਉਪਰੰਤ ਕੁਝ ਸਥਾਨਕ ਵਿਅਕਤੀਆਂ ਦੀ ਅਗਵਾਈ ਹੇਠ ਸੰਗਤ ਦਾ ਇਕ ਵੱਡਾ ਇਕੱਠ ਥਾਣਾ ਮੋਰਿੰਡਾ ਵਿਚ ਪੁੱਜਾ। ਲੋਕ ਬੇਅਦਬੀ ਕਾਰਨ ਕਾਫ਼ੀ ਗੁੱਸੇ 'ਚ ਤੇ ਦੁਖੀ ਦਿਖਾਈ ਦੇ ਰਹੇ ਸਨ। ਥਾਣੇ ਦੇ ਅੱਗੇ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ ਗਈ। ਘਟਨਾ ਦੇ ਥੋੜ੍ਹੀ ਦੇਰ ਬਾਅਦ ਹੀ ਮੋਰਿੰਡਾ ਦਾ ਲਗਭਗ ਸਾਰਾ ਬਾਜ਼ਾਰ ਬੰਦ ਹੋ ਗਿਆ ਅਤੇ ਜਿਉਂ-ਜਿਉਂ ਸਮਾਂ ਨਿਕਲਦਾ ਗਿਆ ਤਿਉਂ-ਤਿਉਂ ਮੋਰਿੰਡਾ ਦੇ ਆਸੇ-ਪਾਸੇ ਦੀ ਸਾਰੀ ਸੜਕ ਤੇ ਵੱਖੋ-ਵੱਖਰੀ ਸੰਗਤ ਨੇ ਜਾਮ ਲਗਾ ਦਿੱਤਾ। ਮੌਕੇ 'ਤੇ ਮੌਜੂਦ ਗੁੱਸੇ 'ਚ ਆਏ ਕਈ ਨੌਜਵਾਨਾਂ ਨੇ ਪੱਤਰਕਾਰਾਂ ਤੋਂ ਫ਼ੋਨ ਵੀ ਖੋਹੇ ਤੇ ਵੀਡੀਓ ਆਦਿ ਬਣਾਉਣ ਤੋਂ ਵੀ ਰੋਕਿਆ। ਪੁਲਿਸ ਥਾਣਾ ਮੋਰਿੰਡਾ ਵਿਚ ਮਾਹੌਲ ਕਾਫ਼ੀ ਤਣਾਅਪੂਰਨ ਰਿਹਾ। ਕੁਝ ਪ੍ਰਦਰਸ਼ਨਕਾਰੀਆਂ ਨੇ ਖ਼ੁਦ ਥਾਣੇ ਅੰਦਰ ਜਾ ਕੇ ਜਸਵੀਰ ਸਿੰਘ ਨੂੰ ਲੱਭਣ ਲਈ ਸਾਰੇ ਕਮਰਿਆਂ ਦੀ ਤਲਾਸ਼ੀ ਵੀ ਲਈ। ਜੋ ਮੋਰਿੰਡਾ ਇਲਾਕੇ ਦੇ ਕੁਝ ਵਿਅਕਤੀ ਅਗਵਾਈ ਕਰਕੇ ਸੰਗਤ ਨੂੰ ਪੁਲਿਸ ਥਾਣਾ ਲੈ ਗਏ ਸਨ ਤੇ ਉਥੇ ਜਾ ਕੇ ਸੰਗਤ ਨੂੰ ਮਾਈਕ ਰਾਹੀਂ ਸੰਬੋਧਨ ਕਰ ਰਹੇ ਸਨ, ਕੁਝ ਦੇਰ ਬਾਅਦ ਹਾਲਾਤ ਏਨੇ ਬੇਕਾਬੂ ਹੋ ਗਏ ਕਿ ਰੋਹ ਵਿਚ ਆਏ ਕਈ ਨੌਜਵਾਨਾਂ ਨੇ ਉਨ੍ਹਾਂ ਨੂੰ ਬੋਲਣ ਨਹੀਂ ਦਿੱਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਅਜਮੇਰ ਸਿੰਘ ਖੇੜਾ, ਸ਼੍ਰੋਮਣੀ ਕਮੇਟੀ ਦਾ ਸਟਾਫ਼ ਹਾਜ਼ਰ ਸੀ। ਸੰਗਤ ਨੇ ਥਾਣੇ ਦੇ ਗੇਟ ਦੇ ਬਾਹਰ ਹੀ ਧਰਨਾ ਲਗਾ ਦਿੱਤਾ, ਧਰਨਾਕਾਰੀ ਮੰਗ ਕਰ ਰਹੇ ਸਨ ਕਿ ਬੇਅਦਬੀ ਕਰਨ ਵਾਲੇ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਕੀਤਾ ਜਾਵੇ ਅਤੇ ਗੁਰਦੁਆਰਾ ਕੋਤਵਾਲੀ ਸਾਹਿਬ ਦੇ ਪ੍ਰਬੰਧਕਾਂ ਨੂੰ ਮੌਕੇ 'ਤੇ ਬੁਲਾ ਕੇ ਉਨ੍ਹਾਂ ਤੋਂ ਬੇਅਦਬੀ ਦੇ ਕਾਰਨਾਂ ਬਾਰੇ ਪੁੱਛਿਆ ਜਾਵੇ। ਸ਼ਾਮੀ 7 ਵਜੇ ਤੱਕ ਧਰਨਾਕਾਰੀਆਂ ਵਲੋਂ ਥਾਣਾ ਮੋਰਿੰਡਾ, ਕਾਈਨੌਰ ਚੌਕ ਮੋਰਿੰਡਾ ਅਤੇ ਚੰਡੀਗੜ੍ਹ-ਲੁਧਿਆਣਾ ਬਾਈਪਾਸ ਮੁਕੰਮਲ ਜਾਮ ਕਰ ਦਿੱਤਾ ਗਿਆ। ਸ਼ਾਮ ਸਮੇਂ ਕੁਝ ਲੋਕਾਂ ਨੇ ਇਕੱਠੇ ਹੋ ਕੇ ਬੇਅਦਬੀ ਕਰਨ ਵਾਲੇ ਜਸਵੀਰ ਸਿੰਘ ਦੇ ਘਰ ਦੀ ਭੰਨਤੋੜ ਵੀ ਕੀਤੀ। ਜਿਸ ਤੋਂ ਬਾਅਦ ਉਸ ਦੇ ਘਰ ਦੀ ਸੁਰੱਖਿਆ ਵਧਾ ਦਿੱਤੀ ਗਈ। ਹੋਰ ਸੰਗਤ ਵੀ ਇਸ ਘਟਨਾ ਨੂੰ ਸੁਣ ਕੇ ਮੋਰਿੰਡਾ ਪੁੱਜ ਗਈ। ਇਸੇ ਸੰਬੰਧੀ ਪੰਜਾਬ ਪੁਲਿਸ ਦੇ ਆਈ.ਜੀ. ਗੁਰਪ੍ਰੀਤ ਸਿੰਘ ਭੁੱਲਰ ਅਤੇ ਐੱਸ.ਐੱਸ.ਪੀ. ਰੂਪਨਗਰ ਵਿਵੇਕਸ਼ੀਲ ਸੋਨੀ ਗੁਰਦੁਆਰਾ ਕੋਤਵਾਲੀ ਸਾਹਿਬ ਪੁੱਜੇ ਤੇ ਘਟਨਾ ਬਾਰੇ ਜਾਣਕਾਰੀ ਹਾਸਿਲ ਕੀਤੀ। ਇਸੇ ਸੰਬੰਧੀ ਥਾਣਾ ਮੋਰਿੰਡਾ ਨੇ ਮੁਕੱਦਮਾ ਨੰਬਰ 26, ਧਾਰਾ 295ਏ, 307, 323, 506 ਤਹਿਤ ਦਰਜ ਕਰ ਲਿਆ।



ਗੁਰਦੁਆਰਾ ਕੋਤਵਾਲੀ ਸਾਹਿਬ ਵਿਚ ਬੇਅਦਬੀ ਉਪਰੰਤ ਵਿਸ਼ਵਕਰਮਾ ਚੌਕ ਮੋਰਿੰਡਾ 'ਚ ਧਰਨਾ ਦੇ ਰਹੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਹੋਰ।

## ਪੰਜਾਬ ਨੂੰ ਮੁੜ ਕਾਲੇ ਦੌਰ ਵੱਲ ਧੱਕਣ ਦੀ ਕੋਸ਼ਿਸ਼ : ਗਿਆਨੀ ਹਰਪ੍ਰੀਤ ਸਿੰਘ



ਤਲਵੰਡੀ ਸਾਬੋ : ਪੰਜਾਬ 'ਚ ਵਾਪਰੀਆਂ ਬੇਅਦਬੀ ਦੀਆਂ 2 ਘਟਨਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰ ਤੋਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਅੱਜ ਦਮਦਮਾ ਸਾਹਿਬ ਵਿਚਲੀ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੋਰਿੰਡਾ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਅਸਥਾਨ ਗੁ: ਕੋਤਵਾਲੀ ਸਾਹਿਬ ਵਿਖੇ ਗ੍ਰੰਥੀ ਸਿੰਘਾਂ ਦੀ ਕੁੱਟਮਾਰ ਕਰਦਿਆਂ ਦਸਤਾਰਾਂ ਉਤਾਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਕਰਨ ਦੀ ਵਾਪਰੀ ਘਟਨਾ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਫਿਰ ਤੋਂ ਕਾਲੇ ਦੌਰ ਵੱਲ ਧੱਕਣ ਦੀ ਕੋਸ਼ਿਸ਼ ਹੋ ਰਹੀ ਹੈ, ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਅਜਿਹੀ ਘਟੀਆ ਮਾਨਸਿਕਤਾ ਵਾਲੇ ਵਿਅਕਤੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਦੇਵੇ ਤਾਂ ਹੀ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪੈ ਸਕੇਗੀ।

## ਬੇਅਦਬੀ ਦੀ ਘਟਨਾ ਰੂਹ ਨੂੰ ਝੰਜੋੜਨ ਵਾਲੀ: ਐਡਵੋਕੇਟ ਹਰਜਿੰਦਰ ਸਿੰਘਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੋਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਦਾ ਸਖ਼ਤ ਨੋਟਿਸ ਲੈਂਦਿਆਂ ਦੋਸ਼ੀ ਵਿਅਕਤੀ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਜਾਰੀ ਬਿਆਨ 'ਚ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਬੇਹੱਦ ਸਤਿਕਾਰਤ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਉਨ੍ਹਾਂ ਕਿਹਾ ਕਿ ਮੋਰਿੰਡਾ ਵਿਖੇ ਬੇਅਦਬੀ ਦੀ ਘਟਨਾ ਰੂਹ ਨੂੰ ਝੰਜੋੜਨ ਵਾਲੀ ਹੈ। ਇਸ ਵਿਅਕਤੀ ਨੂੰ ਕਿਸੇ ਵੀ ਹਾਲਤ ਵਿਚ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ਤੇ ਪੁਲਿਸ ਪ੍ਰਸ਼ਾਸਨ ਨੂੰ ਕਰੜੀ ਕਾਰਵਾਈ ਕਰਕੇ ਇਕ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਫ਼ਰੀਦਕੋਟ ਦੇ ਪਿੰਡ ਗੋਲੇਵਾਲਾ 'ਚ ਗੁਟਕਾ ਸਾਹਿਬ ਦੇ ਪਾਵਨ ਅੰਗ ਖਿਲਾਰਨ ਦੀ ਘਟਨਾ ਦੀ ਵੀ ਨਿਖੇਧੀ ਕੀਤੀ।

## ਸਿੱਖ ਸੰਗਤਾਂ ਦੇ ਮਨ ਵਲੂੰਧਰੇ ਗਏ : ਸੁਖਬੀਰ ਬਾਦਲ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ 'ਚ ਹੋਈ ਬੇਅਦਬੀ ਦੀ ਘਟਨਾ ਨੂੰ ਦਿਲ ਦਹਿਲਾ ਦੇਣ ਵਾਲੀ ਤੇ ਕਦੇ ਵੀ ਨਾ ਮੁਆਫ਼ ਕੀਤੇ ਜਾਣ ਯੋਗ ਕਰਾਰ ਦਿੰਦਿਆਂ ਕਿਹਾ ਕਿ ਇਸ ਘਟਨਾ ਦੀ ਡੂੰਘੀ ਸਾਜਿਸ਼ ਪਿੱਛੇ ਕੰਮ ਕਰ ਰਹੇ 'ਮਾਸਟਰ ਮਾਈਂਡ' ਨੂੰ ਨੰਗਾ ਕਰਕੇ ਮਿਸਾਲੀ ਸਜ਼ਾ ਦਿੱਤੇ ਜਾਣਾ ਅਤਿ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸ਼ਰਮਨਾਕ ਕਾਰੇ ਨਾਲ ਸਿੱਖ ਮਨ ਬੁਰੀ ਤਰ੍ਹਾਂ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਦਿਲ ਦਹਿਲਾ ਦੇਣ ਵਾਲੇ ਤੇ ਸ਼ਰਮਨਾਕ ਕਾਰੇ ਦਾ ਸੰਬੰਧ ਬੀਤੇ ਕੱਲ੍ਹ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਤੇ ਅਮਨ ਤੇ ਭਾਈਚਾਰਕ ਸਾਂਝ ਕਾਇਮ ਰੱਖਣ ਵਿਚ ਨਾਕਾਮ ਰਹਿਣ ਕਾਰਨ ਬੁਰੀ ਤਰ੍ਹਾਂ ਘਿਰ ਚੁੱਕੀ ਪੰਜਾਬ ਸਰਕਾਰ ਦੀ ਹਤਾਸ਼ਾ ਨਾਲ ਜਾਪਦਾ ਹੈ, ਪਰ ਉਨ੍ਹਾਂ ਕਿਹਾ ਕਿ ਇਹ ਸਾਜਿਸ਼ਾਂ ਪੁੱਠੀਆਂ ਪੈ ਰਹੀਆਂ ਹਨ।

## ਘਟਨਾ ਨਾਲ ਸਮੁੱਚਾ ਸਿੱਖ ਜਗਤ ਸਦਮੇ 'ਚ : ਜਥੇਦਾਰ ਬਲਬੀਰ ਸਿੰਘ



ਅੰਮ੍ਰਿਤਸਰ : ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਵਾਪਰੀ ਦੁਖ਼ਦਾਈ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਸਮੁੱਚੇ ਸਿੱਖ ਜਗਤ ਦੇ ਹਿਰਦੇ ਵਲੂੰਧਰੇ ਗਏ ਹਨ। ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਸਕੱਤਰ ਦਿਲਜੀਤ ਸਿੰਘ ਬੇਦੀ ਵਲੋਂ ਜਾਰੀ ਬਿਆਨ 'ਚ ਜਥੇ: ਬਲਬੀਰ ਸਿੰਘ ਨੇ ਕਿਹਾ ਕਿ ਇਸ ਦੁਖ਼ਦਾਈ ਘਟਨਾ ਨਾਲ ਸਾਰਾ ਸਿੱਖ ਜਗਤ ਸਦਮੇ 'ਚ ਹੈ। ਇਹ ਇਕ ਸੋਚੀ ਸਮਝੀ ਘਟਨਾ ਹੈ, ਜੋ ਸਹਿਣਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਜ਼ਰੂਰੀ ਹੈ।





ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਵਿਖੇ ਆਈ.ਜੀ. ਗੁਰਪ੍ਰੀਤ ਸਿੰਘ ਭੁੱਲਰ, ਐਸ.ਐਸ.ਪੀ. ਵਿਵੇਕਸ਼ੀਲ ਸੋਨੀ ਬੇਅਦਬੀ ਸਬੰਧੀ ਪ੍ਰਬੰਧਕਾਂ ਤੋਂ ਜਾਣਕਾਰੀ ਹਾਸਲ ਕਰਦੇ ਹੋਏ। (ਸੱਜੇ) ਬੇਅਦਬੀ ਦੀ ਘਟਨਾ ਤੋਂ ਬਾਅਦ ਮੋਰਿੰਡਾ ਦੇ ਬੰਦ ਪਏ ਬਾਜ਼ਾਰ ਦੀ ਤਸਵੀਰ।

ਦੇਖ ਤੇਗ ਫਤਹਿ ॥

ਪੰਥ ਦੀ ਜੀਤ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥





ਸੰਪਾਦਇ ਦਲ ਬਾਬਾ ਬਿਧੀ ਚੰਦ ਜੀ ਦੇ 11ਵਜੇਂ ਮੁਖੀ
ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ

ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਇ ਹੋਏ
ਬਹਾਦਰ ਬਾਬਾ ਬਿਧੀ ਚੰਦ ਜੀ ਦੀ ਅੰਸ਼ ਬੰਸ਼ ਦੇ



## 12ਵੇਂ ਜਾਨਸ਼ੀਨ ਸਿੰਘ ਸਾਹਿਬ
## ਜਥੇਦਾਰ ਸ੍ਰੀਮਾਨ ਬਾਬਾ ਅਵਤਾਰ ਸਿੰਘ ਜੀ

ਮੌਜੂਦਾ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ
ਸਾਹਿਬ ਜੀ ਸੁਰ ਸਿੰਘ ਵਾਲਿਆਂ ਦੀ

# ਗੁਰਮਤਿ ਪ੍ਰਚਾਰ ਫੇਰੀ

## (ਇਨ੍ਹਾਂ ਗੁਰਦੁਆਰਾ ਸਾਹਿਬ ਵਿਚ ਪਹੁੰਚ ਰਹੇ)

## 30 ਅਪ੍ਰੈਲ 2023 ਗੁਰਦੁਆਰਾ ਸਾਹਿਬ ਸੈਨਹੋਜ਼ੇ,
## ਹੋਲਾ ਮਹੱਲਾ (ਸਾਰਾ ਦਿਨ)

ਸਾਡੇ ਲੋਕ

**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸੰਗਤਾਂ ਨੂੰ ਵਿਖਾਏ ਜਾਣਗੇ।**

ਸੰਪਰਕ ਨੰ.
ਸਤਨਾਮ ਸਿੰਘ ਸੰਗਤਪੁਰੀਆ (209) 992-1052, ਹਰਨਾਮ ਸਿੰਘ (209) 992-8155, ਰਵਿੰਦਰ ਸਿੰਘ ਢਿੱਲੋਂ (925) 525-7653



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ ’ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ ‘ਇਨ ਸਰਵਿਸ ਆਫ਼ ਹਿਜ਼ ਮਾਸਟਰ’ ਕਿਤਾਬ ਨੂੰ ਲੜੀਵਾਰ ‘ਸਾਡੇ ਲੋਕ’ ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ ’ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ ‘ਸਾਡੇ ਲੋਕ’ ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ ’ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ।

- ਸਤਨਾਮ ਸਿੰਘ ਖਾਲਸਾ

# ‘ਧਰਮ ਸਿੰਹਾਂ ਅਜੇ ਵਾਹਿਗੁਰੂ ਦਾ ਹੁਕਮ ਨਹੀਂ ਗੁੰਬਦ ਵਾਸਤੇ ਜਦੋਂ ਹੋਣਾ ਫਿਰ ਇੱਕ ਦੇ ਦੋ ਲੱਗ ਜਾਣੇ’

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇੱਕ ਦਿਨ ਬਾਬਾ ਜੀ ਪਾਪਾ ਜੀ ਕੋਲ ਆਏ। ਉਹ ਅੰਦਰ ਆਏ ਅਤੇ ਬੈਠ ਗਏ, ਉਨ੍ਹਾਂ ਨੇ ਚਾਹ ਦਾ ਕੱਪ ਵੀ ਪੀਤਾ, ਪਰ ਉਹ ਚੁੱਪ ਰਹੇ। ਬੀਜੀ ਨੂੰ ਲੱਗਿਆ ਕਿ ਉਨ੍ਹਾਂ ਦੇ ਮਨ ਵਿੱਚ ਕੁਝ ਹੈ, ਜੋ ਉਹ ਢੁਕਵੇਂ ਸਮੇਂ ’ਤੇ ਕਹਿਣਗੇ। ਇਸ ਸਬੰਧੀ ਉਨ੍ਹਾਂ ਨੂੰ ਪੁੱਛ ਕੇ ਪਰੇਸ਼ਾਨ ਕਰਨ ਵਾਲੀ ਗੱਲ ਸੀ। ਅਜਿਹਾ ਕਰਨਾ ਕਦੇ ਵੀ ਚੰਗਾ ਨਹੀਂ ਹੁੰਦਾ।

ਜਦੋਂ ਪਾਪਾ ਜੀ ਘਰ ਆਏ, ਉਨ੍ਹਾਂ ਨੇ ਪਰਿਵਾਰਕ ਕਮਰੇ ਵਿੱਚ ਬਾਬਾ ਜੀ ਨੂੰ ਬੈਠੇ ਦੇਖਿਆ। ਪਾਪਾ ਜੀ ਨੇ ਉਨ੍ਹਾਂ ਨੂੰ ਹਾਲ ਪੁੱਛਿਆ। ਉਨ੍ਹਾਂ ਨੇ ਸਿਰ ਹਿਲਾਇਆ ਕਿ ਉਹ ਠੀਕ ਹਨ। ਪਾਪਾ ਜੀ ਬੈਠ ਗਏ ਅਤੇ ਇੰਤਜ਼ਾਰ ਕਰਨ ਲੱਗੇ ਕਿ ਉਹ ਦੱਸਣ ਕਿ ਉਨ੍ਹਾਂ ਦੇ ਮਨ ਵਿੱਚ ਕੀ ਹੈ। ਪਾਪਾ ਜੀ ਚਿੰਤਤ ਸਨ ਕਿ ਇੱਕ ਹੋਰ ਬਾਵਾ ਸਿੰਘ ਬਣ ਰਿਹਾ ਹੈ। ਬਾਬਾ ਜੀ ਨੇ ਆਖਿਰ ਪਾਪਾ ਜੀ ਦੀਆਂ ਅੱਖਾਂ ਵਿੱਚ ਦੇਖਿਆ ਅਤੇ ਕਿਹਾ, ‘ਗੁੰਬਦ ਜ਼ਰੂਰੀ ਹੈ।’ ਉਨ੍ਹਾਂ ਦਾ ਚਿਹਰਾ ਬਦਲ ਗਿਆ। ਇਹ ਇਸ ਤਰ੍ਹਾਂ ਸੀ ਕਿ ਪਾਪਾ ਜੀ ਸੋਚ ਰਹੇ ਸਨ ਕਿ ਹੁਣ ਬਾਬਾ ਜੀ ਨੂੰ ਪਰੇਸ਼ਾਨ ਕਰੇ ਬਿਨਾਂ ਉਨ੍ਹਾਂ ਦੀ ਬੇਨਤੀ ਨੂੰ ਕਿਵੇਂ ਪੂਰਾ ਕੀਤਾ ਜਾਵੇਗਾ।

ਪਾਪਾ ਜੀ ਬਹੁਤ ਨਿਸ਼ਚਤ ਕਿਸਮ ਦੇ ਵਿਅਕਤੀ ਸਨ, ਅਤੇ ਉਨ੍ਹਾਂ ਲਈ ਇਹ ਸ਼ਬਦ ‘ਜ਼ਰੂਰ ਹੋਣਾ ਚਾਹੀਦਾ ਹੈ’ ਵਰਗੇ ਸ਼ਬਦ ਉਨ੍ਹਾਂ ਲਈ ਸਹੁੰ ਚੁੱਕਣ ਵਾਂਗ ਹੁੰਦੇ ਸਨ।

ਉਹ ਪੂਰੀ ਦੁਨੀਆਂ ਘੁੰਮੇ ਸਨ, ਇਸ ਲਈ ਸਥਿਤੀਆਂ ਨੂੰ ਅਪਣਾਉਣਾ ਉਨ੍ਹਾਂ ਦਾ ਜੀਵਨ ਢੰਗ ਸੀ।

ਉਨ੍ਹਾਂ ਨੇ ਬਾਬਾ ਜੀ ਦੀ ਬੇਨਤੀ ਦਾ ਜਵਾਬ ਦੇਣਾ ਸਹੀ ਨਹੀਂ ਸਮਝਿਆ, ਪਰ ਉਨ੍ਹਾਂ ਨੇ ਸਨਮਾਨ ਵਜੋਂ ਕਿਹਾ, ‘ਠੀਕ ਹੈ ਨੰਦ ਸਿੰਘ ਜੀ ਕੋਸ਼ਿਸ਼ ਕਰਦੇ ਹਾਂ।’

ਬਾਬਾ ਜੀ ਉਨ੍ਹਾਂ ਦੇ ਉੱਤਰ ਤੋਂ ਸੰਤੁਸ਼ਟ ਸਨ। ਭਾਵੇਂ ਕਿ ਹੁਣ ਪਾਪਾ ਜੀ ਉਨ੍ਹਾਂ ਦੀ ਬੇਨਤੀ ਨੂੰ ਪੂਰਾ ਕਰਨ ਲਈ ਰਸਤਾ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ।

ਉਸ ਹਫ਼ਤੇ ਉਨ੍ਹਾਂ ਨੇ ਮੈਨੂੰ ਖਾਲਸਾ ਦੇ ਘਰ ਜਾ ਕੇ ਉਨ੍ਹਾਂ ਨੂੰ ਸਾਡੇ ਘਰ ਆ ਕੇ ਪਾਪਾ ਜੀ ਨੂੰ ਮਿਲਣ ਲਈ ਕਿਹਾ। ਉਨ੍ਹਾਂ ਨੇ ਜੋ ਮੈਨੂੰ ਕਿਹਾ, ਉਹ ਮੈਂ ਸਭ ਦੱਸ ਦਿੱਤਾ, ਪਰ ਮੈਂ ਕਿਹਾ ਕਿ ਮੈਨੂੰ ਜ਼ਿਆਦਾ ਪਤਾ ਨਹੀਂ ਹੈ। ਉਨ੍ਹਾਂ ਦਾ ਇੱਕ ਸਵਾਲ ਸੀ, ‘ਤੁਹਾਡੇ ਪਾਪਾ ਜੀ ਕਿਸ ਮੂਡ ਵਿੱਚ ਹਨ?’

ਮੈਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਗੁੱਸੇ ਵਿੱਚ ਨਹੀਂ ਸਨ। ਮੈਨੂੰ ਲੱਗਿਆ ਕਿ ਇਸਤੋਂ ਉਨ੍ਹਾਂ ਨੂੰ ਥੋੜ੍ਹੀ ਰਾਹਤ ਮਿਲੀ।

ਬਾਬਾ ਜੀ ਦੀ ਬੇਨਤੀ ਬਾਰੇ ਪਾਪਾ ਜੀ ਨੇ ਖਾਲਸਾ ਨੂੰ ਦੱਸਿਆ। ਖਾਲਸਾ ਨੇ ਇੱਕ ਦੋ ਬੱਚਿਆਂ ਵਰਗੀਆਂ ਮੁਸਕਰਾਹਟਾਂ ਦਿੱਤੀਆਂ ਜਿਹੜੀਆਂ ਉਹ ਉਦੋਂ ਦਿੰਦੇ ਜਦੋਂ ਉਨ੍ਹਾਂ ਨੂੰ ਕੁਝ ਅਜੀਬ ਲੱਗਦਾ ਹੈ, ਉਨ੍ਹਾਂ ਕਿਹਾ, ‘ਧਰਮ ਸਿੰਘ ਗੁੰਬਦ ਵਿੱਚ ਧਰਮ ਬੈਠਿਆ।’

ਪਾਪਾ ਜੀ ਨੇ ਖਾਲਸਾ ਨੂੰ ਚਿੜ ਕੇ ਜਵਾਬ ਦਿੱਤਾ, ‘ਧਰਮ ਤਾਂ ਬਿਲਡਿੰਗ ਵਿੱਚ ਵੀ ਨਹੀਂ, ਇਹ ਤਾਂ ਦਿਲ ਲੌਣ ਦੀ ਗੱਲ ਹੈ, ਓਹਦਾ ਦਿਲ ਗੁੰਬਦ ਨਾਲ ਲੱਗਦਾ, ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ।’

ਖਾਲਸਾ ਨੇ ਅਸਹਿਮਤੀ ਭਰੀਆਂ ਨਜ਼ਰਾਂ ਨਾਲ ਪਾਪਾ ਜੀ ਵੱਲ ਦੇਖਿਆ, ਪਰ ਉਸਨੇ ਪਾਪਾ ਜੀ ਨੂੰ ਮੁੜ ਤੋਂ ਚਿੜਾਉਣ ਲਈ ਚੁੱਪ ਰਹਿਣਾ ਹੀ ਸਹੀ ਸਮਝਿਆ। ਇਸਦੇ ਇਲਾਵਾ ਉਸਦੇ ਭਾਰਤ ਦੇ ਕਾਰ ਟੂਅਰ ਕਾਰਨ ਪਾਪਾ ਜੀ ਉਸਤੋਂ ਪਹਿਲਾਂ ਹੀ ਨਰਾਜ਼ ਸਨ।

ਇਸ ਲਈ ਉਸਨੇ ਕਿਹਾ, ‘ਠੀਕ।’

ਉਨ੍ਹਾਂ ਨੇ ਹਰ ਥਾਂ ਭਾਰਤੀ ਪਿਛੋਕੜ ਦੇ ਆਰਕੀਟੈਕਟ ਦੀ ਭਾਲ ਕੀਤੀ ਜਿਹੜਾ ਗੁੰਬਦ ਬਣਾ ਸਕਦਾ ਹੋਵੇ। ਉਨ੍ਹਾਂ ਦੀ ਪਹੁੰਚ ਕੋਵੈਂਟਰੀ ਅਤੇ ਬਰਮਿੰਘਮ ਦੇ ਖੇਤਰ ਤੱਕ ਹੀ ਸੀ ਜਿੱਥੇ ਅਜਿਹਾ ਆਰਕੀਟੈਕਟ ਉਪਲੱਬਧ ਨਹੀਂ ਸੀ ਜਿਹੜਾ ਉਸ ਤਰ੍ਹਾਂ ਦਾ ਡਿਜ਼ਾਇਨ ਤਿਆਰ ਕਰ ਸਕੇ। ਜਦੋਂ ਉਹ ਆਰਕੀਟੈਕਟ ਲੱਭਣ ਵਿੱਚ ਅਸਫਲ ਰਹੇ ਤਾਂ ਪਾਪਾ ਜੀ ਨੇ ਬਾਬਾ ਜੀ ਨੂੰ ਅਜਿਹਾ ਆਰਕੀਟੈਕਟ ਲੱਭਣ ਲਈ ਕਿਹਾ ਜਿਹੜਾ ਉਸ ਤਰ੍ਹਾਂ ਦਾ ਡਿਜ਼ਾਇਨ ਬਣਾ ਸਕੇ। ਉਨ੍ਹਾਂ ਨੂੰ ਬਾਬਾ ਜੀ ਦੇ ਕਰੋਧ ਦਾ ਡਰ ਸੀ, ਪਰ ਹੈਰਾਨੀ ਵਾਲਾ ਹੈ ਕਿ ਬਾਬਾ ਜੀ ਇਸ ਗੱਲ ਨੂੰ ਸਮਝ ਗਏ ਅਤੇ ਸਵੀਕਾਰ ਕੀਤਾ। ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦੀ ਸੁਣੀ ਗਈ ਹੈ ਅਤੇ ਉਨ੍ਹਾਂ ਦਾ ਉੱਤਰ ਬਹੁਤ ਸਰਲ ਅਤੇ ਛੋਟਾ ਸੀ।

‘ਧਰਮ ਸਿੰਹਾਂ ਅਜੇ ਵਾਹਿਗੁਰੂ ਦਾ ਹੁਕਮ ਨਹੀਂ ਗੁੰਬਦ ਵਾਸਤੇ ਜਦੋਂ ਹੋਣਾ ਫਿਰ ਇੱਕ ਦੇ ਦੋ ਲੱਗ ਜਾਣੇ।’

ਪਾਪਾ ਜੀ ਅਤੇ ਖਾਲਸਾ ਕੋਲ ਸਥਾਨਕ ਆਰਕੀਟੈਕਟ ਸਨ ਅਤੇ ਉਨ੍ਹਾਂ ਨੇ ਰੋਲੈਂਡ ਸਿਡਵੈੱਲ ਅਤੇ ਐਸੋਸੀਏਟਸ ਨੂੰ ਇਸ ਕੰਮ ਲਈ ਚੁਣਿਆ। ਰੋਲੈਂਡ ਸਿਡਵੈੱਲ ਵਧੀਆ ਇਨਸਾਨ ਜੀ ਜਿਹੜਾ ਹਮੇਸ਼ਾਂ ਬੋ ਟਾਈ ਪਹਿਨਦਾ ਸੀ ਅਤੇ ਉਸਦੀ ਕਾਲੀ ਚਿੱਟੀ ਦਾੜ੍ਹੀ ਸੀ। ਉਸਨੇ ਪਾਪਾ ਜੀ ਅਤੇ ਖਾਲਸਾ ਨੂੰ ਕਿਹਾ ਕਿ ਕੀ ਸੰਗਤ ਨੂੰ ਪਤਾ ਹੈ ਕਿ ਇੱਕ ਯਹੂਦੀ ਧਰਮ ਦਾ ਬੰਦਾ ਇਮਾਰਤ ਦਾ ਡਿਜ਼ਾਇਨ ਤਿਆਰ ਕਰ ਰਿਹਾ ਹੈ। ਪਾਪਾ ਜੀ ਨੇ ਕਿਹਾ ਕਿ ਅਸੀਂ ਅਸਲ ਵਿੱਚ ਅਜਿਹੇ ਡਿਜ਼ਾਇਨ ਦਾ ਹਿੱਸਾ ਬਣਨ ਜਾ ਰਹੇ ਹਾਂ ਜਿਸ ਵਿੱਚ ਦੂਜੇ ਧਰਮ ਦਾ ਬੰਦਾ ਡਿਜ਼ਾਇਨ ਤਿਆਰ ਕਰ ਰਿਹਾ ਹੈ। ਕਿਉਂਕਿ ਅਸੀਂ ਇਕੱਠੇ ਹੋ ਕੇ ਪਰਮਾਤਮਾ ਦਾ ਘਰ ਬਣਾਉਣ ਜਾ ਰਹੇ ਹਾਂ, ਇਸ ਵਿੱਚ ਸਾਰਿਆਂ ਦੀ ਮਾਲਕੀ ਹੋ ਸਕਦੀ ਹੈ। ਇਹ ਸਾਡੇ ਧਰਮ ਦਾ ਤਰੀਕਾ ਹੈ। ਸਾਈਂ ਮੀਆਂ ਮੀਰ ਨਾਂ ਦੇ ਇੱਕ ਮੁਸਲਮਾਨ ਸੂਫੀ ਸੰਤ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਸੀ। ਇਸ ਗੁਰਦੁਆਰੇ ਦੇ ਚਾਰ ਦਰਵਾਜ਼ੇ ਹਨ, ਹਰ ਦਿਸ਼ਾ ਵੱਲ, ਇਸ ਲਈ ਇਸ ਵਿੱਚ ਕਿਸੇ ਵੀ ਦਿਸ਼ਾ ਵਿੱਚੋਂ ਕੋਈ ਵੀ ਆ ਸਕਦਾ ਹੈ।

ਇਸ ਲਈ ਯਹੂਦੀ ਧਰਮ ਦੇ ਰੋਲੈਂਡ ਸਿਡਵੈੱਲ ਨੇ ਗੁਰਦੁਆਰੇ ਦਾ ਡਿਜ਼ਾਇਨ ਤਿਆਰ ਕੀਤਾ। ਰੋਲੈਂਡ ਸਿਡਵੈੱਲ ਨੇ ਇੱਕ ਸਥਾਨਕ ਠੇਕੇਦਾਰ ਜੌਹਨ ਓ’ਨੀਲ ਦਾ ਨਾਂ ਦੱਸਿਆ।

ਪਾਪਾ ਜੀ ਅਤੇ ਖਾਲਸਾ ਜੌਹਨ ਓ’ਨੀਲ ਨੂੰ ਮਿਲੇ ਅਤੇ ਉਸ ਨਾਲ ਕੰਮ ਦਾ ਠੇਕਾ ਕੀਤਾ। ਖਾਲਸਾ ਨੇ ਮਿਸਟਰ ਓ’ਨੀਲ ’ਤੇ ਟਿੱਪਣੀ ਕੀਤੀ, ‘ਬਹੁਤ ਚੰਗਾ ਹੈ ਕਿ ਓ’ਨੀਲ ਇੱਕ ਯਹੂਦੀ ਇਮਾਰਤ ਦਾ ਡਿਜ਼ਾਇਨ ਤਿਆਰ ਕਰ ਰਿਹਾ ਹੈ ਅਤੇ ਕੈਥੋਲਿਕ ਇਮਾਰਤ ਦਾ ਨਿਰਮਾਣ ਕਰਨ ਜਾ ਰਿਹਾ ਹੈ, ਅਸੀਂ ਸਾਰੇ ਧਰਮਾਂ ਦਾ ਸਨਮਾਨ ਕਰਦੇ ਹੋਏ ਆਪਣੀ ਸ਼ਰਧਾ ਨਾਲ ਕੰਮ ਕੀਤਾ ਹੈ।’ ਮਿਸਟਰ ਓ’ਨੀਲ ਨੇ ਜਵਾਬ ਦਿੱਤਾ, ‘ਜੇਕਰ ਅਸੀਂ ਸਾਰੇ ਮਿਲ ਕੇ ਆਪਣੇ ਧਾਰਮਿਕ ਸਥਾਨਾਂ ਦਾ ਨਿਰਮਾਣ ਕਰੀਏ ਤਾਂ ਸ਼ਾਇਦ ਬਹੁਤ ਘੱਟ ਯੁੱਧ ਹੋਣਗੇ ਅਤੇ ਧਰਮ ਦੇ ਨਾਂ ’ਤੇ ਹੋਣ ਵਾਲੀ ਨਫ਼ਰਤ ਅਤੇ ਅਸਹਿਣਸ਼ੀਲਤਾ ਖਤਮ ਹੋਵੇਗੀ। ਸ੍ਰੀਮਾਨ ਅਸੀਂ ਤੁਹਾਡੇ ਧਾਰਮਿਕ ਸਥਾਨ ਦੀ ਇਮਾਰਤ ਦਾ ਨਿਰਮਾਣ ਨਹੀਂ ਕਰ ਰਹੇ। ਇਹ ਸਾਡਾ ਵੀ ਹੈ ਅਤੇ ਮੈਂ ਇਹ ਕਰਨ ਦਾ ਮੌਕਾ ਪ੍ਰਾਪਤ ਕਰਕੇ ਖੁਦ ਨੂੰ ਭਾਗਾਂ ਵਾਲਾ ਸਮਝਦਾ ਹਾਂ।’

(ਚਲਦਾ)



# ਅੰਮ੍ਰਿਤਪਾਲ ਦੀ ਪਤਨੀ ਨੂੰ ਯੂਕੇ ਜਾਣ ਤੋਂ ਰੋਕਿਆ

### *ਹਵਾਈ ਅੱਡੇ 'ਤੇ ਤਿੰਨ-ਚਾਰ ਘੰਟੇ ਦੀ ਪੁੱਛ-ਪੜਤਾਲ ਮਗਰੋਂ ਵਾਪਸ ਘਰ ਭੇਜਿਆ*








ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹਿਰਾ ਦਿੰਦੇ ਹੋਏ ਪੁਲੀਸ ਮੁਲਾਜ਼ਮ

ਅੰਮ੍ਰਿਤਸਰ : 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਅੱਜ ਇਮੀਗਰੇਸ਼ਨ ਅਤੇ ਪੰਜਾਬ ਪੁਲੀਸ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯੂਕੇ ਰਵਾਨਾ ਹੋਣ ਤੋਂ ਰੋਕ ਦਿੱਤਾ। ਤਿੰਨ ਤੋਂ ਚਾਰ ਘੰਟੇ ਦੇ ਕਰੀਬ ਚੱਲੀ ਪੁੱਛਗਿੱਛ ਮਗਰੋਂ ਉਸ ਨੂੰ ਵਾਪਸ ਪਿੰਡ ਜਲੂਪੁਰ ਖੇੜਾ ਸਥਿਤ ਘਰ ਭੇਜ ਦਿੱਤਾ ਗਿਆ।

ਵੇਰਵਿਆਂ ਮੁਤਾਬਕ ਕਿਰਨਦੀਪ ਕੌਰ ਨੇ ਏਅਰ ਇੰਡੀਆ ਦੀ ਉਡਾਣ ਰਾਹੀਂ ਅੰਮ੍ਰਿਤਸਰ ਤੋਂ ਯੂਕੇ ਜਾਣਾ ਸੀ। ਉਹ ਲਗਪਗ ਸਾਢੇ ਗਿਆਰਾਂ ਵਜੇ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜੀ ਤੇ ਇਸ ਮੌਕੇ ਉਸ ਦੇ ਨਾਲ ਕੁਝ ਪਰਿਵਾਰਕ ਮੈਂਬਰਵੀ ਸਨ। ਜਦੋਂ ਹਵਾਈ ਅੱਡੇ 'ਤੇ ਉਸ ਦੇ ਦਸਤਾਵੇਜ਼ਾਂ ਦੀ ਜਾਂਚ ਚੱਲ ਰਹੀ ਸੀ ਤਾਂ ਇਮੀਗਰੇਸ਼ਨ ਅਧਿਕਾਰੀਆਂ ਵੱਲੋਂ ਉਸ ਨੂੰ ਪੁੱਛਗਿੱਛ ਵਾਸਤੇ ਰੋਕ ਲਿਆ ਗਿਆ। ਜ਼ਿਲ੍ਹਾ ਦਿਹਾਤੀ ਪੁਲੀਸ ਅਤੇ ਵੱਖ ਵੱਖ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਨੇ ਲਗਪਗ ਤਿੰਨ ਤੋਂ ਚਾਰ ਘੰਟੇ ਉਸ ਕੋਲੋਂ ਪੁੱਛਗਿੱਛ ਕੀਤੀ। ਇਸ ਦੌਰਾਨ ਉਸ ਦੀ ਹਵਾਈ ਉਡਾਣ ਰਵਾਨਾ ਹੋ ਗਈ। ਕਿਰਨਦੀਪ ਕੌਰ ਬਰਤਾਨਵੀ ਨਾਗਰਿਕ ਹੈ ਅਤੇ ਉਸ ਦਾ ਇਸੇ ਸਾਲ ਫਰਵਰੀ ਮਹੀਨੇ ਵਿਚ ਅੰਮ੍ਰਿਤਪਾਲ ਸਿੰਘ ਨਾਲ ਆਨੰਦ ਕਾਰਜ ਹੋਇਆ ਹੈ। ਇਹ ਆਨੰਦ ਕਾਰਜ ਅੰਮ੍ਰਿਤਪਾਲ ਦੇ ਜੱਦੀ ਪਿੰਡ ਜਲੂਪੁਰ ਖੇੜਾ ਵਿਖੇ ਹੋਇਆ ਸੀ। ਉਹ ਭਾਰਤੀ ਵੀਜ਼ਾ ਲੈ ਕੇ ਅੰਮ੍ਰਿਤਸਰ ਆਈ ਹੋਈ ਸੀ ਅਤੇ ਅੱਜ ਵਾਪਸ ਯੂਕੇ ਜਾਣ ਵਾਸਤੇ ਹਵਾਈ ਅੱਡੇ ਪੁੱਜੀ ਸੀ। ਉਸ ਨੇ ਏਅਰ ਇੰਡੀਆ ਦੀ ਜਿਸ ਉਡਾਣ ਰਾਹੀਂ ਯੂਕੇ ਜਾਣਾ ਸੀ, ਉਹ ਲਗਪਗ ਡੇਢ ਵਜੇ ਰਵਾਨਾ ਹੋਣੀ ਸੀ। ਕਿਰਨਦੀਪ ਕੋਲੋਂ ਕੀਤੀ ਜਾ ਰਹੀ ਪੁੱਛਗਿੱਛ ਕਾਰਨ ਇਹ ਹਵਾਈ ਉਡਾਣ ਇੱਕ ਘੰਟਾ ਦੇਰੀ ਨਾਲ ਰਵਾਨਾ ਹੋਈ। ਸੁਰੱਖਿਆ ਏਜੰਸੀਆਂ ਨੇ ਹਾਲਾਂਕਿ ਕਿਰਨਦੀਪ ਕੌਰ ਨੂੰ ਯੂਕੇ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ। ਪਤਾ ਲੱਗਾ ਹੈ ਕਿ ਕਿਰਨਦੀਪ ਕੌਰ ਨੇ ਪੁੱਛਗਿੱਛ ਦੌਰਾਨ ਆਖਿਆ ਕਿ ਉਹ ਬਰਤਾਨਵੀ ਨਾਗਰਿਕ ਹੈ ਅਤੇ ਉਸ ਵਿਰੁੱਧ ਇਥੇ ਕੋਈ ਕੇਸ ਦਰਜ ਨਹੀਂ ਹੈ, ਪਰ ਇਸ ਦੇ ਬਾਵਜੂਦ ਉਸ ਨੂੰ ਯੂਕੇ ਜਾਣ ਤੋਂ ਰੋਕਿਆ ਗਿਆ ਹੈ। ਉਸ ਵੱਲੋਂ ਵਿਦੇਸ਼ੀ ਫੰਡਿੰਗ ਅਤੇ ਬੱਬਰ ਖਾਲਸਾ ਸੰਗਠਨ ਨਾਲ ਸਬੰਧ ਬਾਰੇ ਦੋਸ਼ਾਂ ਤੋਂ ਵੀ ਇਨਕਾਰ ਕੀਤਾ ਗਿਆ ਹੈ। ਅੰਮ੍ਰਿਤਪਾਲ ਸਿੰਘ 18 ਮਾਰਚ ਤੋਂ ਰੂਪੋਸ਼ ਹੈ। ਉਸ ਖਿਲਾਫ ਅਜਨਾਲਾ ਥਾਣੇ ਵਿੱਚ ਵਾਪਰੀ ਹਿੰਸਕ ਘਟਨਾ ਸਬੰਧੀ ਅਤੇ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਹਨ। ਪੁਲੀਸ ਉਸ ਨੂੰ ਗ੍ਰਿਫਤਾਰ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ, ਪਰ ਉਹ ਹੁਣ ਤੱਕ ਪੁਲੀਸ ਦੀ ਗ੍ਰਿਫਤ ਵਿਚ ਨਹੀਂ ਆਇਆ ਹੈ ਜਦੋਂ ਕਿ ਉਸ ਦੇ ਕਈ ਸਾਥੀ ਪੁਲੀਸ ਵੱਲੋਂ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਉਸ ਦੇ 9 ਸਾਥੀਆਂ ਨੂੰ ਕੌਮੀ ਸੁਰੱਖਿਆ ਐਕਟ ਹੇਠ ਅਸਾਮ ਦੀ ਡਿਬਰੂਗੜ੍ਹ ਜੇਲ ਵਿੱਚ ਬੰਦ ਕੀਤਾ ਗਿਆ ਹੈ।

## ਹਾਈ ਕੋਰਟ ਵੱਲੋਂ ਅੰਮ੍ਰਿਤਪਾਲ ਬਾਰੇ ਪਟੀਸ਼ਨ ਖਾਰਜ

### *ਅੰਮ੍ਰਿਤਪਾਲ ਦੇ ਗ੍ਰਿਫ਼ਤਾਰ ਸਾਥੀਆਂ ਦੇ ਪਰਿਵਾਰਾਂ ਵੱਲੋਂ ਦਰਜ ਪਟੀਸ਼ਨਾਂ 'ਤੇ ਸੁਣਵਾਈ 1 ਮਈ ਨੂੰ*



ਚੰਡੀਗੜ੍ਹ : ਅੰਮ੍ਰਿਤਪਾਲ ਸਿੰਘ ਦੀ ਮੋਗਾ ਦੇ ਰੋਡੇ ਪਿੰਡ 'ਚੋਂ ਗ੍ਰਿਫ਼ਤਾਰੀ ਤੋਂ ਇਕ ਦਿਨ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਦੇ ਪੁਲੀਸ ਦੀ 'ਗੈਰਕਾਨੂੰਨੀ ਹਿਰਾਸਤ' ਵਿਚ ਹੋਣ ਦਾ ਦਾਅਵਾ ਕਰਦੀ ਪਟੀਸ਼ਨ ਅੱਜ 'ਅਰਥਹੀਣ' ਦੱਸ ਕੇ ਖਾਰਜ ਕਰ ਦਿੱਤੀ ਹੈ। ਅੰਮ੍ਰਿਤਪਾਲ ਦੇ ਕਾਨੂੰਨੀ ਸਲਾਹਕਾਰ ਈਮਾਨ ਸਿੰਘ ਖਾਰਾ ਤੇ ਉਸ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਨੇ 19 ਮਾਰਚ ਨੂੰ ਹਾਈ ਕੋਰਟ ਵਿੱਚ ਹੈਬੀਅਸ ਕੋਰਪਸ ਪਟੀਸ਼ਨ ਦਾਖਲ ਕਰਦਿਆਂ ਸਿੰਘ ਨੂੰ ਕੋਰਟ ਵਿੱਚ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਹਾਲਾਂਕਿ ਪਿਛਲੀਆਂ ਸੁਣਵਾਈਆਂ ਦੌਰਾਨ ਦਾਅਵਾ ਕਰਦੀ ਰਹੀ ਹੈ ਕਿ ਅੰਮ੍ਰਿਤਪਾਲ ਨਾ ਤਾਂ ਉਨ੍ਹਾਂ ਦੀ ਹਿਰਾਸਤ 'ਚ ਹੈ ਤੇ ਨਾ ਹੀ ਉਨ੍ਹਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਸਿੰਘ ਨੂੰ ਐਤਵਾਰ ਸਵੇਰੇ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਵਿੱਚ ਗੁਰਦੁਆਰੇ ਦੇ ਬਾਹਰੋਂ ਗ੍ਰਿਫਤਾਰ ਕੀਤਾ ਸੀ। ਖਾਰਾ ਨੇ ਸੁਣਵਾਈ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਜਦੋਂ ਅੰਮ੍ਰਿਤਪਾਲ ਸਿੰਘ ਨੂੰ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਹਿਰਾਸਤ ਵਿੱਚ ਲੈ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਹੈ, ਹਾਈ ਕੋਰਟ ਨੇ ਪਟੀਸ਼ਨ ਨੂੰ ਅਰਥਹੀਣ ਦੱਸ ਕੇ ਖਾਰਜ ਕਰ ਦਿੱਤਾ ਹੈ। ਪੁਲੀਸ ਨੇ ਅੰਮ੍ਰਿਤਪਾਲ ਤੇ ਉਸ ਦੇ ਹਮਾਇਤੀਆਂ ਖਿਲਾਫ਼ 18 ਮਾਰਚ ਨੂੰ ਵੱਡੀ ਕਾਰਵਾਈ ਵਿੱਢੀ ਸੀ। ਅੰਮ੍ਰਿਤਪਾਲ ਹਾਲਾਂਕਿ ਜਲੰਧਰ ਦੇ ਸ਼ਾਹਕੋਟ ਲਾਗੇ ਵਾਹਨਾਂ ਦੀ ਅਦਲਾ-ਬਦਲੀ ਤੇ ਭੇਸ ਵਟਾ ਕੇ ਪੁਲੀਸ ਨੂੰ ਝਕਾਨੀ ਦੇਣ ਵਿਚ ਸਫ਼ਲ ਰਿਹਾ ਸੀ। ਅੰਮ੍ਰਿਤਪਾਲ ਤੇ ਉਸ ਦੇ ਸਾਥੀਆਂ ਖਿਲਾਫ਼ ਇਰਾਦਾ ਕਤਲ, ਪੁਲੀਸ ਅਮਲੇ 'ਤੇ ਹਮਲਾ ਤੇ ਸਰਕਾਰੀ ਮੁਲਾਜ਼ਮਾਂ ਨੂੰ ਡਿਊਟੀ ਕਰਨ ਤੋਂ ਰੋਕਣ ਸਣੇ ਹੋਰ ਕਈ ਧਾਰਾਵਾਂ ਤਹਿਤ ਫੌਜਦਾਰੀ ਕੇਸ ਦਰਜ ਕੀਤੇ ਗਏ ਸਨ। ਜਸਟਿਸ ਐੱਨ.ਐੱਸ.ਸ਼ੇਖਾਵਤ ਨੇ ਅੰਮ੍ਰਿਤਪਾਲ ਸਿੰਘ ਦੇ ਸਹਾਇਕਾਂ- ਦਲਜੀਤ ਸਿੰਘ ਕਲਸੀ, ਗੁਰਮੀਤ ਸਿੰਘ, ਕੁਲਵੰਤ ਸਿੰਘ, ਵਰਿੰਦਰ ਸਿੰਘ ਫੌਜੀ, ਭਗਵੰਤ ਸਿੰਘ, ਪ੍ਰਧਾਨਮੰਤਰੀ ਬਾਜੇਕੇ ਤੇ ਬਸੰਤ ਸਿੰਘ- ਵੱਲੋਂ ਦਾਇਰ ਪਟੀਸ਼ਨਾਂ 'ਤੇ ਅਗਲੀ ਸੁਣਵਾਈ 1 ਮਈ ਲਈ ਨਿਰਧਾਰਿਤ ਕੀਤੀ ਸੀ। ਐੱਨਐੱਸਏ ਤਹਿਤ ਹਿਰਾਸਤ 'ਚ ਲਏ ਗਏ ਇਨ੍ਹਾਂ ਵਿਅਕਤੀਆਂ ਦੇ ਪਰਿਵਾਰਾਂ ਨੇ ਹਿਰਾਸਤੀ ਹੁਕਮਾਂ ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਹੈ। ਕਲਸੀ ਦੀ ਪਤਨੀ ਵੱਲੋਂ ਪੇਸ਼ ਵਕੀਲ ਸਿਮਰਨਜੀਤ ਸਿੰਘ ਨੇ ਕਿਹਾ ਕਿ ਉਹ ਹੁਣ ਸੋਧੀ ਹੋਈ ਪਟੀਸ਼ਨ ਦਾਖ਼ਲ ਕਰਨਾ ਚਾਹੁੰਦੇ ਹਨ। ਪਿਛਲੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਦਲਜੀਤ ਸਿੰਘ ਕਲਸੀ, ਜੋ ਅੰਮ੍ਰਿਤਪਾਲ ਦੇ ਕਾਫ਼ੀ ਕਰੀਬ ਹੈ, ਉਸ ਦੀ ਕੱਟੜਵਾਦੀ ਵਿਚਾਰਧਾਰਾ ਦੇ ਪ੍ਰਸਾਰ ਪਾਸਾਰ ਵਿਚ ਮਦਦ ਕਰ ਰਿਹਾ ਸੀ ਤੇ ਵੱਖਰੇ 'ਖਾਲਿਸਤਾਨ' ਰਾਜ ਦੀ ਮੰਗ ਲਈ ਸਰਕਾਰ ਖਿਲਾਫ਼ ਜੰਗ ਛੇੜਨ ਲਈ ਪਿੱਠ ਥਾਪੜ ਰਿਹਾ ਸੀ। ਸਰਕਾਰ ਨੇ ਕੋਰਟ ਨੂੰ ਇਹ ਵੀ ਦੱਸਿਆ ਸੀ ਕਿ ਸਰਬਜੀਤ ਸਿੰਘ ਕਲਸੀ ਉਰਫ਼ ਦਲਜੀਤ ਸਿੰਘ ਕਲਸੀ ਨੂੰ ਢੁੱਕਵੀਂ ਕਾਨੂੰਨੀ ਕਾਰਵਾਈ ਮਗਰੋਂ ਹੀ ਐੱਨਐੱਸਏ ਤਹਿਤ ਹਿਰਾਸਤ 'ਚ ਲਿਆ ਗਿਆ ਹੈ।

## ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਦਾ ਜਲੰਧਰ ਜ਼ਿਮਨੀ ਚੋਣ 'ਤੇ ਪਵੇਗਾ ਪਰਛਾਵਾਂ.. !

ਚੰਡੀਗੜ੍ਹ : 'ਵਾਰਿਸ ਪੰਜਾਬ ਦੇ' ਪ੍ਰਮੁੱਖ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਦਾ ਪਰਛਾਵਾਂ ਜਲੰਧਰ ਜ਼ਿਮਨੀ ਚੋਣ 'ਤੇ ਵੀ ਪੈਣ ਦੀ ਸੰਭਾਵਨਾ ਹੈ ਜਿੱਥੇ ਵਿਰੋਧੀ ਧਿਰਾਂ ਵੱਲੋਂ ਅਮਨ ਕਾਨੂੰਨ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦੀ ਘੇਰਾਬੰਦੀ ਕੀਤੀ ਜਾ ਰਹੀ ਸੀ। ਆਮ ਆਦਮੀ ਪਾਰਟੀ ਹੁਣ ਅੰਮ੍ਰਿਤਪਾਲ ਸਿੰਘ ਦੀ ਨਾਟਕੀ ਢੰਗ ਨਾਲ ਹੋਈ ਗ੍ਰਿਫ਼ਤਾਰੀ ਨੂੰ ਇੱਕ ਪ੍ਰਾਪਤੀ ਦੇ ਤੌਰ 'ਤੇ ਵਰਤਣ ਲਈ ਜ਼ੋਰ ਲਾਏਗੀ। ਜਲੰਧਰ ਲੋਕ ਸਭਾ ਹਲਕੇ ਦੇ ਸ਼ਹਿਰੀ ਖੇਤਰਾਂ 'ਚ 'ਆਪ' ਆਗੂਆਂ ਨੇ ਅੱਜ ਤੋਂ ਹੀ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਨੂੰ ਵੱਡਾ ਮਾਅਰਕਾ ਦੱਸਣਾ ਸ਼ੁਰੂ ਕਰ ਦਿੱਤਾ ਹੈ।

ਆਮ ਆਦਮੀ ਪਾਰਟੀ ਲਈ ਸੰਗਰੂਰ ਦੀ ਜ਼ਿਮਨੀ ਚੋਣ ਹਾਰਨ ਮਗਰੋਂ ਜਲੰਧਰ ਦੀ ਜ਼ਿਮਨੀ ਚੋਣ ਵੱਕਾਰੀ ਹੈ। ਮੁੱਖ ਮੰਤਰੀ ਭਗਵੰਤ ਮਾਨ ਆਖਦੇ ਹਨ ਕਿ ਇਨ੍ਹਾਂ ਚੋਣਾਂ ਵਿਚ ਸਰਕਾਰ ਦੀ ਕਾਰਗੁਜ਼ਾਰੀ ਅਹਿਮ ਰਹੇਗੀ। ਪਾਰਟੀ ਨੇ ਇਸ ਹਲਕੇ ਦੀ ਕਮਾਨ ਰਾਜ ਸਭਾ ਮੈਂਬਰ ਸੰਦੀਪ ਪਾਠਕ ਦੇ ਹੱਥ ਦਿੱਤੀ ਹੋਈ ਹੈ। 'ਆਪ' ਨੇ ਸਾਰੀ ਤਾਕਤ ਜਲੰਧਰ ਹਲਕੇ ਵਿਚ ਲਾ ਦਿੱਤੀ ਹੈ। ਦੂਜੇ ਪਾਸੇ ਕਾਂਗਰਸ ਦੇ ਸਾਰੇ ਆਗੂ ਇੱਕਜੁੱਟਤਾ ਨਾਲ ਪ੍ਰਚਾਰ ਕਰ ਰਹੇ ਹਨ। ਕਾਂਗਰਸੀ ਆਗੂ ਨਵਜੋਤ ਸਿੱਧੂ ਸਿੱਧੇ ਤੌਰ 'ਤੇ ਮੁੱਖ ਮੰਤਰੀ ਨੂੰ ਨਿਸ਼ਾਨਾ ਬਣਾ ਰਹੇ ਹਨ। ਸਿਆਸੀ ਵਿਸ਼ਲੇਸ਼ਕ ਪ੍ਰੋ. ਜਗਰੂਪ ਸਿੰਘ ਸੇਖੋਂ ਆਖਦੇ ਹਨ ਕਿ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਨਾਲ ਹਿੰਦੂ ਭਾਈਚਾਰੇ ਦੇ ਵੋਟ ਬੈਂਕ ਵਿਚ 'ਆਪ' ਨੂੰ ਹੁਲਾਰਾ ਮਿਲ ਸਕਦਾ ਹੈ ਕਿਉਂਕਿ ਸ਼ਹਿਰੀ ਵੋਟਰਾਂ ਲਈ ਲਾਅ ਐਂਡ ਆਰਡਰ ਵੱਡਾ ਮੁੱਦਾ ਹੈ। ਕਾਂਗਰਸ ਪਾਰਟੀ ਵੱਲੋਂ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਜਲੰਧਰ ਸੀਟ 'ਤੇ ਲਿਆਉਣ ਦੀ ਯੋਜਨਾ ਹੈ ਤਾਂ ਕਿ ਗੈਂਗਸਟਰਾਂ ਦੇ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਘੇਰਿਆ ਜਾ ਸਕੇ। ਮੁੱਖ ਮੰਤਰੀ ਇਸ ਸੀਟ 'ਤੇ ਆਖ਼ਰੀ ਹਫ਼ਤੇ ਆਪਣੇ ਗੇੜੇ ਵਧਾ ਸਕਦੇ ਹਨ। ਭਾਜਪਾ ਦੇ ਜਲੰਧਰ ਹਲਕੇ ਦੇ ਇੰਚਾਰਜ ਕੇਵਲ ਸਿੰਘ ਢਿੱਲੋਂ ਆਖਦੇ ਹਨ ਕਿ ਭਾਜਪਾ ਦੀ ਸੀਟ 'ਤੇ ਹਾਲਤ ਬਿਹਤਰ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਫ਼ੀ ਵਾਹ ਲਾਉਣੀ ਪਵੇਗਾ। 'ਆਪ' ਸਰਕਾਰ ਦੇ ਮੰਤਰੀ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ ਅਤੇ ਬ੍ਰਹਮ ਸ਼ੰਕਰ ਜਿੰਪਾ ਇਸ ਸੀਟ 'ਤੇ ਪ੍ਰਚਾਰ ਵਿਚ ਲੱਗੇ ਹੋਏ ਹਨ।

## ਹੁਣ ਤੱਕ ਕੀ ਕੁਝ ਵਾਪਰਿਆ

- 29 ਸਤੰਬਰ 2022: ਪਿੰਡ ਰੋਡੇ 'ਚ 'ਵਾਰਿਸ ਪੰਜਾਬ ਜਥੇਬੰਦੀ' ਦਾ ਮੁਖੀ ਥਾਪਦਿਆਂ ਅੰਮ੍ਰਿਤਪਾਲ ਸਿੰਘ ਦੀ 'ਦਸਤਾਰਬੰਦੀ'
- 12 ਦਸੰਬਰ 2022: ਅੰਮ੍ਰਿਤਪਾਲ ਦੇ ਸਮਰਥਕਾਂ ਨੇ ਜਲੰਧਰ ਦੇ ਗੁਰਦੁਆਰੇ 'ਚ ਰੱਖੀਆਂ ਕੁਰਸੀਆਂ ਤੇ ਸੋਫ਼ੇ ਸਾੜੇ। ਗੁਰਦੁਆਰੇ 'ਚ ਰੱਖੇ ਫਰਨੀਚਰ ਨੂੰ ਸਿੱਖ ਮਰਿਆਦਾ ਖਿਲਾਫ਼ ਦੱਸਿਆ
- 10 ਫਰਵਰੀ 2023: ਅੰਮ੍ਰਿਤਪਾਲ ਸਿੰਘ ਨੇ ਯੂਕੇ ਅਧਾਰਿਤ ਐੱਨਆਰਆਈ ਕਿਰਨਦੀਪ ਕੌਰ ਨਾਲ ਜੱਲੂਪੁਰ ਖੇੜਾ ਪਿੰਡ ਵਿੱਚ ਆਨੰਦ ਕਾਰਜ ਕੀਤੇ
- 16 ਫਰਵਰੀ: ਅੰਮ੍ਰਿਤਪਾਲ ਤੇ ਉਸ ਦੇ ਹਮਾਇਤੀਆਂ (ਲਵਪ੍ਰੀਤ ਸਿੰਘ ਤੂਫਾਨ ਸਣੇ) ਖਿਲਾਫ਼ ਚਮਕੌਰ ਸਾਹਿਬ ਦੇ ਵਸਨੀਕ ਨੂੰ ਕਥਿਤ ਅਗਵਾ ਕਰਨ ਤੇ ਕੁੱਟਮਾਰ ਦਾ ਕੇਸ ਦਰਜ
- 17 ਫਰਵਰੀ: ਲਵਪ੍ਰੀਤ ਸਿੰਘ ਗ੍ਰਿਫ਼ਤਾਰ
- 23 ਫਰਵਰੀ: ਅੰਮ੍ਰਿਤਪਾਲ ਤੇ ਉਸ ਦੇ ਹਮਾਇਤੀਆਂ ਵੱਲੋਂ ਲਵਪ੍ਰੀਤ ਸਿੰਘ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਅਜਨਾਲਾ ਪੁਲੀਸ ਸਟੇਸ਼ਨ 'ਤੇ ਹਮਲਾ
- 24 ਫਰਵਰੀ: ਲਵਪ੍ਰੀਤ ਸਿੰਘ ਨਿਆਂਇਕ ਹਿਰਾਸਤ 'ਚੋਂ ਰਿਹਾਅ
- 18 ਮਾਰਚ: ਪੰਜਾਬ ਪੁਲੀਸ ਵੱਲੋਂ ਅੰਮ੍ਰਿਤਪਾਲ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ। ਅੰਮ੍ਰਿਤਪਾਲ ਦੇ ਕਾਫ਼ਲੇ ਨੂੰ ਜਲੰਧਰ ਵਿੱਚ ਰੋਕਿਆ, ਪਰ ਉਹ ਵਾਹਨ ਬਦਲ ਕੇ ਪੁਲੀਸ ਨੂੰ ਝਕਾਨੀ ਦੇਣ ਵਿੱਚ ਸਫ਼ਲ ਰਿਹਾ। ਪੰਜਾਬ 'ਚ ਮੋਬਾਈਲ ਇੰਟਰਨੈੱਟ ਸੇਵਾਵਾਂ ਮੁਅੱਤਲ।
- 20 ਮਾਰਚ: ਅੰਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਤੇ ਇਕ ਹੋਰ ਵਿਅਕਤੀ ਵੱਲੋਂ ਜਲੰਧਰ ਦੇ ਮਹਿਤਪੁਰ 'ਚ ਗੁਰਦੁਆਰੇ ਨੇੜੇ ਪੁਲੀਸ ਅੱਗੇ ਆਤਮ ਸਮਰਪਣ
- 22 ਮਾਰਚ: ਅੰਮ੍ਰਿਤਪਾਲ ਤੇ ਨੇੜਲੇ ਸਾਥੀ ਪੱਪਲਪ੍ਰੀਤ ਦੀ ਜੁਗਾੜੂ ਰੇਹੜੀ 'ਚ ਬੈਠਿਆਂ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਨਸ਼ਰ
- 23 ਮਾਰਚ: ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਅੰਮ੍ਰਿਤਪਾਲ ਤੇ ਪੱਪਲਪ੍ਰੀਤ ਨੂੰ ਆਪਣੇ ਘਰ 'ਚ ਪਨਾਹ ਦੇਣ ਵਾਲੀ ਮਹਿਲਾ ਗ੍ਰਿਫ਼ਤਾਰ
- 25 ਮਾਰਚ: ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅੰਮ੍ਰਿਤਪਾਲ ਨੂੰ ਪੁਲੀਸ ਅੱਗੇ ਆਤਮ-ਸਮਰਪਣ ਕਰਨ ਦੀ ਨਸੀਹਤ
- 28 ਮਾਰਚ: ਪੁਲੀਸ ਵੱਲੋਂ ਪਿੱਛਾ ਕਰਨ 'ਤੇ ਕੁਝ ਮਸ਼ਕੂਕਾਂ ਵੱਲੋਂ ਵਾਹਨ ਛੱਡਣ ਮਗਰੋਂ ਅੰਮ੍ਰਿਤਪਾਲ ਦੀ ਭਾਲ 'ਚ ਹੁਸ਼ਿਆਰਪੁਰ 'ਚ ਵੱਡਾ ਅਪਰੇਸ਼ਨ ਵਿੱਢਿਆ
- 29 ਮਾਰਚ: ਅੰਮ੍ਰਿਤਪਾਲ ਦੀ ਇਕ ਆਨਲਾਈਨ ਵੀਡੀਓ ਨਸ਼ਰ, ਜਿਸ ਵਿੱਚ ਵਿਸਾਖੀ ਮੌਕੇ 'ਸਰਬੱਤ ਖਾਲਸਾ' ਸੱਦੇ ਜਾਣ ਦੀ ਮੰਗ ਕੀਤੀ।
- 30 ਮਾਰਚ: ਅੰਮ੍ਰਿਤਪਾਲ ਸਿੰਘ ਦਾ ਇਕ ਹੋਰ ਵੀਡੀਓ ਸਾਹਮਣੇ ਆਇਆ, ਜਿਸ ਵਿੱਚ ਜਲਦੀ ਦੁਨੀਆ ਸਾਹਮਣੇ ਆਉਣ ਦਾ ਦਾਅਵਾ ਕੀਤਾ।
- 10 ਅਪਰੈਲ: ਪੱਪਲਪ੍ਰੀਤ ਅੰਮ੍ਰਿਤਸਰ ਦੇ ਕੱਥੂਨੰਗਲ ਇਲਾਕੇ 'ਚੋਂ ਗ੍ਰਿਫ਼ਤਾਰ
- 15 ਅਪਰੈਲ: ਅੰਮ੍ਰਿਤਪਾਲ ਸਿੰਘ ਦਾ ਇਕ ਹੋਰ ਨੇੜਲਾ ਸਾਥੀ ਜੋਗਾ ਸਿੰਘ, ਜਿਸ ਨੇ ਉਸ ਨੂੰ ਤੇ ਪੱਪਲਪ੍ਰੀਤ ਨੂੰ ਯੂਪੀ ਦੇ ਪੀਲੀਭੀਤ 'ਚ ਪਨਾਹ ਦਿੱਤੀ ਸੀ ਤੇ ਜੋ 28 ਮਾਰਚ ਨੂੰ ਇਨ੍ਹਾਂ ਨੂੰ ਵਾਪਸ ਪੰਜਾਬ ਲੈ ਕੇ ਆਇਆ ਸੀ, ਸਰਹਿੰਦ ਤੋਂ ਗ੍ਰਿਫ਼ਤਾਰ
- 20 ਅਪਰੈਲ: ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਯੂਕੇ ਲਈ ਉਡਾਨ ਭਰਨ ਤੋਂ ਰੋਕਿਆ
- 23 ਅਪਰੈਲ: ਅੰਮ੍ਰਿਤਪਾਲ ਸਿੰਘ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਤੋਂ ਗ੍ਰਿਫ਼ਤਾਰ

# ਭਾਈ ਅੰਮ੍ਰਿਤਪਾਲ ਸਿੰਘ ਨੇ ਪਿੰਡ ਰੋਡੇ ਤੋਂ ਦਿੱਤੀ ਗ੍ਰਿਫ਼ਤਾਰੀ

## *ਪੁਲਿਸ ਤੇ ਇੰਟੈਲੀਜੈਂਸ ਦੇ ਸਾਂਝੇ ਅਪਰੇਸ਼ਨ ਤਹਿਤ ਪਿੰਡ ਦੀ ਘੇਰਾਬੰਦੀ ਕਰਕੇ ਕੀਤਾ ਕਾਬੂ*

### ਗ੍ਰਿਫ਼ਤਾਰੀ ਤੋਂ ਪਹਿਲਾਂ ਗੁਰੂਘਰ 'ਚ ਸੰਗਤ ਨੂੰ ਕੀਤਾ ਸੰਬੋਧਨ



ਅੰਮ੍ਰਿਤਪਾਲ ਦਾ ਇੱਕ ਵੀਡੀਓ ਸਾਹਮਣੇ ਆਇਆ ਹੈ ਜਿਸ ਵਿਚ ਉਹ 23 ਅਪਰੈਲ ਨੂੰ ਆਤਮ ਸਮਰਪਣ ਕਰਨ ਦੀ ਗੱਲ ਆਖ ਰਿਹਾ ਹੈ। ਅੱਜ ਸਵੇਰੇ ਉਹ ਪਿੰਡ ਰੋਡੇ ਦੇ ਗੁਰੂ ਘਰ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਤਮ ਸਮਰਪਣ ਦਾ ਐਲਾਨ ਕਰਦਾ ਹੈ। ਇਸ ਵੀਡੀਓ ਤੋਂ ਇੰਜ ਲੱਗਦਾ ਹੈ ਕਿ ਅੰਮ੍ਰਿਤਪਾਲ ਨੇ ਆਤਮ ਸਮਰਪਣ ਕੀਤਾ ਹੈ। ਦੂਜੇ ਪਾਸੇ ਪੁਲੀਸ ਦਾ ਕਹਿਣਾ ਹੈ ਕਿ ਉਸ ਵੱਲੋਂ ਕੀਤੀ ਘੇਰਾਬੰਦੀ ਕਰਕੇ ਦਬਾਓ ਬਣਨ ਮਗਰੋਂ ਹੀ ਅੰਮ੍ਰਿਤਪਾਲ ਕੋਲ ਕੋਈ ਰਾਹ ਨਹੀਂ ਬਚਿਆ ਜਿਸ ਕਰਕੇ ਉਸ ਨੂੰ ਗ੍ਰਿਫ਼ਤਾਰੀ ਦੇਣੀ ਪਈ। ਅੰਮ੍ਰਿਤਪਾਲ ਸਿੰਘ ਨੇ ਅੱਜ ਗੁਰੂ ਘਰ ਵਿੱਚੋਂ ਜਾਰੀ ਸੰਦੇਸ਼ 'ਚ ਕਿਹਾ ਕਿ 'ਗ੍ਰਿਫ਼ਤਾਰੀ ਅੰਤ ਨਹੀਂ ਬਲਕਿ ਸ਼ੁਰੂਆਤ ਹੈ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਜਨਮ ਭੂਮੀ 'ਤੇ ਉਨ੍ਹਾਂ ਦੀ ਦਸਤਾਰਬੰਦੀ ਹੋਈ ਸੀ। ਉਹ ਇੱਕ ਦਿਨ ਮੁੜ ਆਪਣੇ ਲੋਕਾਂ ਵਿਚ ਆਉਣ ਦੇ ਯੋਗ ਹੋਣਗੇ ਅਤੇ ਅੰਦੋਲਨ ਇਸੇ ਤਰ੍ਹਾਂ ਜਾਰੀ ਰਹੇਗਾ। ਮੈਨੂੰ ਪਹਿਲਾਂ ਵੀ ਗ੍ਰਿਫ਼ਤਾਰੀ ਦਾ ਡਰ ਨਹੀਂ ਸੀ ਅਤੇ ਨਾ ਹੁਣ ਕੋਈ ਡਰ ਹੈ। ਉਹ ਝੂਠੇ ਕੇਸਾਂ ਦਾ ਸਾਹਮਣਾ ਕਰੇਗਾ। ਉਸ ਦੇ ਸਮਰਥਕਾਂ 'ਤੇ ਪੁਲੀਸ ਵੱਲੋਂ ਜ਼ੁਲਮ ਕੀਤੇ ਜਾ ਰਹੇ ਸਨ ਜਿਸ ਕਰਕੇ ਉਨ੍ਹਾਂ ਆਤਮ ਸਮਰਪਣ ਕਰਨ ਦਾ ਫ਼ੈਸਲਾ ਕੀਤਾ ਜਦੋਂ ਕਿ ਉਸ ਕੋਲ ਦੂਸਰੇ ਦੇਸ਼ਾਂ ਵਿਚ ਜਾਣ ਦੇ ਮੌਕੇ ਸਨ।" ਉਸ ਨੇ ਕਿਹਾ ਕਿ ਉਹ ਗੁਰੂ ਦਾ ਆਸ਼ੀਰਵਾਦ ਲੈਣ ਮਗਰੋਂ ਆਤਮ ਸਮਰਪਣ ਕਰੇਗਾ।

ਚੰਡੀਗੜ੍ਹ: ਪੰਜਾਬ ਪੁਲੀਸ ਨੇ ਸਾਂਝਾ ਅਪਰੇਸ਼ਨ ਕਰਕੇ 35 ਦਿਨਾਂ ਤੋਂ ਫ਼ਰਾਰ ਚੱਲ ਰਹੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰਮੁੱਖ ਅੰਮ੍ਰਿਤਪਾਲ ਸਿੰਘ ਨੂੰ ਅੱਜ ਤੜਕਸਾਰ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਅੰਮ੍ਰਿਤਸਰ (ਦਿਹਾਤੀ) ਦੇ ਐੱਸਐੱਸਪੀ ਸਤਿੰਦਰ ਸਿੰਘ ਅਤੇ ਇੰਟੈਲੀਜੈਂਸ ਦੇ ਸਾਂਝੇ ਅਪਰੇਸ਼ਨ ਤਹਿਤ ਅੱਜ ਸਵੇਰੇ 6.45 ਵਜੇ ਪਿੰਡ ਰੋਡੇ ਤੋਂ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਪੁਲੀਸ ਦੇ ਆਈਜੀ ਡਾ. ਸੁਖਚੈਨ ਸਿੰਘ ਗਿੱਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਮੀ ਸੁਰੱਖਿਆ ਐਕਟ ਤਹਿਤ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਹੈ। ਅੰਮ੍ਰਿਤਪਾਲ ਨੂੰ ਫੜਨ ਲਈ 18 ਮਾਰਚ ਤੋਂ ਸ਼ੁਰੂ ਹੋਇਆ ਅਪਰੇਸ਼ਨ ਅੱਜ ਖ਼ਤਮ ਹੋ ਗਿਆ ਹੈ।

ਪੰਜਾਬ ਪੁਲੀਸ ਦੇ ਬੁਲਾਰੇ ਡਾ.ਗਿੱਲ ਨੇ ਦਾਅਵਾ ਕੀਤਾ ਕਿ ਪਿੰਡ ਰੋਡੇ ਦੀ ਏਨੀ ਘੇਰਾਬੰਦੀ ਕੀਤੀ ਗਈ ਕਿ ਅੰਮ੍ਰਿਤਪਾਲ ਨੂੰ ਬਚਣ ਦਾ ਕੋਈ ਰਾਹ ਨਾ ਲੱਭਾ ਤੇ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਦੂਸਰੇ ਪਾਸੇ ਅੰਮ੍ਰਿਤਪਾਲ ਸਿੰਘ ਵੱਲੋਂ ਪਿੰਡ ਰੋਡੇ ਦੇ ਗੁਰਦੁਆਰਾ ਸੰਤ ਖ਼ਾਲਸਾ 'ਚ ਪੰਜ ਬਾਣੀਆਂ ਦਾ ਪਾਠ ਕੀਤਾ ਗਿਆ ਤੇ ਉਸ ਨੇ ਸੰਗਤਾਂ ਨੂੰ ਵੀ ਸੰਬੋਧਨ ਕੀਤਾ। ਉਸ ਮਗਰੋਂ ਅੰਮ੍ਰਿਤਪਾਲ ਵੱਲੋਂ ਆਤਮ ਸਮਰਪਣ ਕੀਤੇ ਜਾਣ ਦੀ ਗੱਲ ਵੀ ਆਖੀ ਗਈ। ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਵੀ ਕਿਹਾ ਕਿ ਅੰਮ੍ਰਿਤਪਾਲ ਨੇ ਖ਼ੁਦ ਹੀ ਗੁਰੂ ਘਰ 'ਚੋਂ ਬਾਹਰ ਜਾ ਕੇ ਆਪਣੀ ਮਰਜ਼ੀ ਨਾਲ ਆਤਮ ਸਮਰਪਣ ਕੀਤਾ ਹੈ। ਪੁਲੀਸ ਗ੍ਰਿਫ਼ਤਾਰੀ ਮਗਰੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅੰਮ੍ਰਿਤਪਾਲ ਸਿੰਘ ਨੂੰ ਬਠਿੰਡਾ ਦੇ ਹਵਾਈ ਅੱਡੇ 'ਤੇ ਲੈ ਕੇ ਗਈ, ਜਿੱਥੋਂ ਵਿਸ਼ੇਸ਼ ਹਵਾਈ ਜਹਾਜ਼ ਵਿਚ ਉਸ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਲਿਜਾਇਆ ਗਿਆ। ਡਿਬਰੂਗੜ੍ਹ ਦੇ ਹਵਾਈ ਅੱਡੇ ਤੋਂ ਜੇਲ੍ਹ ਤੱਕ ਦੇ ਰਸਤੇ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਗਿਆ ਅਤੇ ਕਰੀਬ ਸਵਾ ਦੋ ਵਜੇ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ 'ਚ ਛੱਡਿਆ ਗਿਆ, ਜਿੱਥੇ ਉਸ ਦੇ 9 ਸਾਥੀ ਪਹਿਲਾਂ ਹੀ ਐੱਨਐੱਸਏ ਤਹਿਤ ਬੰਦ ਹਨ। ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਮਗਰੋਂ ਪੂਰੇ ਪੰਜਾਬ ਵਿਚ ਚੌਕਸੀ ਵਧਾ ਦਿੱਤੀ ਹੈ। ਪੁਲੀਸ ਨੇ ਪਿੰਡ ਰੋਡੇ, ਮੁਹਾਲੀ ਅਤੇ ਮੁਕਤਸਰ ਸਮੇਤ ਦਰਜਨਾਂ ਸ਼ਹਿਰਾਂ ਵਿਚ ਫਲੈਗ ਮਾਰਚ ਵੀ ਕੀਤਾ ਉਧਰ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਉਹ ਭਗੌੜੇ ਅੰਮ੍ਰਿਤਪਾਲ ਨੂੰ ਫੜਨ ਲਈ ਸ਼ਨਿੱਚਰਵਾਰ ਸ਼ਾਮ ਤੋਂ ਚੱਲ ਰਹੇ ਅਪ੍ਰੇਸ਼ਨ ਬਾਰੇ ਜਾਣੂ ਸਨ। ਸ਼ਨਿੱਚਰਵਾਰ-ਐਤਵਾਰ ਦੀ ਰਾਤ ਉਹ ਸੁੱਤੇ ਵੀ ਨਹੀਂ ਕਿਉਂਕਿ ਉਹ ਅਧਿਕਾਰੀਆਂ ਤੋਂ ਹਰ 15 ਮਿੰਟ ਬਾਅਦ ਜਾਣਕਾਰੀ ਲੈਂਦੇ ਸਨ। ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਮਗਰੋਂ ਆਈਜੀ ਡਾ.ਗਿੱਲ ਨੇ ਦੱਸਿਆ ਕਿ ਕਿਸੇ ਖ਼ਾਸ ਸੂਚਨਾ ਦੇ ਆਧਾਰ 'ਤੇ ਪੁਲੀਸ ਵੱਲੋਂ ਸਾਂਝਾ ਅਪਰੇਸ਼ਨ ਚਲਾ ਕੇ ਸਵੇਰ ਵਕਤ ਪਿੰਡ ਰੋਡੇ ਤੋਂ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲੀਸ ਨੇ ਪੂਰੇ ਸੰਜਮ ਤੇ ਠਰ੍ਹੰਮੇ ਤੋਂ ਕੰਮ ਲੈਂਦਿਆਂ ਗੁਰੂ ਘਰ ਦੀ ਮਰਯਾਦਾ ਦਾ ਪੂਰਾ ਖ਼ਿਆਲ ਰੱਖਿਆ। ਪੁਲੀਸ ਗੁਰੂ ਘਰ ਵਿਚ ਦਾਖ਼ਲ ਨਹੀਂ ਹੋਈ ਅਤੇ ਜਦੋਂ ਅੰਮ੍ਰਿਤਪਾਲ ਕੋਲ ਭੱਜਣ ਦਾ ਕੋਈ ਰਾਹ ਨਾ ਬਚਿਆ ਤਾਂ ਉਸ ਨੇ ਗ੍ਰਿਫ਼ਤਾਰੀ ਦੇ ਦਿੱਤੀ। ਚੇਤੇ ਰਹੇ ਕਿ ਪਿੰਡ ਰੋਡੇ ਵਿਚ ਦਸਤਾਰਬੰਦੀ ਹੋਣ ਮਗਰੋਂ ਅੰਮ੍ਰਿਤਪਾਲ ਨੇ ਆਪਣੇ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ।

ਅੰਮ੍ਰਿਤਪਾਲ ਸਿੰਘ ਨੇ ਆਪਣੇ ਇਕ ਸਾਥੀ (ਲਵਪ੍ਰੀਤ ਸਿੰਘ ਤੂਫ਼ਾਨ) ਨੂੰ ਥਾਣੇ 'ਚੋਂ ਛੁਡਾਉਣ ਲਈ 23 ਫਰਵਰੀ ਨੂੰ ਆਪਣੇ ਸਮਰਥਕਾਂ ਸਣੇ ਅਜਨਾਲਾ ਥਾਣੇ 'ਤੇ ਹਮਲਾ ਬੋਲਿਆ ਸੀ। ਉਸ ਮਗਰੋਂ ਪੁਲੀਸ ਨੇ ਅੰਮ੍ਰਿਤਪਾਲ ਨੂੰ ਫੜਨ ਲਈ ਵਿਸ਼ੇਸ਼ ਅਪਰੇਸ਼ਨ ਚਲਾਇਆ। ਇਸ ਦੌਰਾਨ ਉਸ ਦੇ ਸਾਥੀ ਫੜੇ ਗਏ, ਪਰ ਉਹ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ। ਕਈ ਸੂਬਿਆਂ ਵਿਚ ਗੇੜਾ ਮਾਰਨ ਮਗਰੋਂ ਉਹ 28 ਮਾਰਚ ਨੂੰ ਮੁੜ ਹੁਸ਼ਿਆਰਪੁਰ ਨਜ਼ਰ ਆਇਆ, ਪਰ ਇਸ ਵਾਰ ਵੀ ਉਹ ਬਚ ਕੇ ਨਿਕਲ ਗਿਆ। ਪੰਜਾਬ ਪੁਲੀਸ ਲਈ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਵੱਕਾਰ ਦਾ ਸੁਆਲ ਬਣੀ ਹੋਈ ਸੀ। ਡੀਆਈਜੀ (ਬਾਰਡਰ ਰੇਂਜ) ਨਰਿੰਦਰ ਭਾਰਗਵ ਅਤੇ ਸਮੁੱਚੀ ਟੀਮ ਨੇ ਅੰਮ੍ਰਿਤਪਾਲ ਦੇ ਨੇੜਲੇ ਸਾਥੀਆਂ ਪੱਪਲਪ੍ਰੀਤ ਸਿੰਘ ਅਤੇ ਜੋਗਾ ਸਿੰਘ ਆਦਿ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਫ਼ਰਾਰੀ ਦੌਰਾਨ ਅੰਮ੍ਰਿਤਪਾਲ ਵੱਲੋਂ ਦੋ ਵੀਡੀਓਜ਼ ਅਤੇ ਇੱਕ ਆਡੀਓ ਕਲਿੱਪ ਵੀ ਜਾਰੀ ਕੀਤੀ ਗਈ ਸੀ। ਪੁਲੀਸ ਨੇ ਹਾਲ ਹੀ ਵਿਚ 20 ਅਪਰੈਲ ਨੂੰ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਯੂਕੇ ਲਈ ਉਡਾਣ ਭਰਨ ਤੋਂ ਰੋਕ ਦਿੱਤਾ ਸੀ। ਮਾਰਚ 'ਚ ਅੰਮ੍ਰਿਤਪਾਲ ਨੂੰ ਭਗੌੜਾ ਐਲਾਨ ਦਿੱਤਾ ਗਿਆ ਸੀ ਅਤੇ ਪੁਲੀਸ ਨੇ ਉਸ ਦੀਆਂ ਵੱਖ ਵੱਖ ਭੇਸਾਂ ਵਾਲੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਸਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੰਘੇ ਕੱਲ੍ਹ ਹੀ ਪੰਜਾਬ ਸਰਕਾਰ ਦੇ ਕੰਮ ਦੀ ਤਾਰੀਫ਼ ਕੀਤੀ ਸੀ। ਆਈਜੀ ਸੁਖਚੈਨ ਸਿੰਘ ਗਿੱਲ ਨੇ ਸ਼ਾਂਤੀ ਬਣਾਏ ਰੱਖਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਵੀ ਕੀਤਾ ਹੈ। ਉਨ੍ਹਾਂ ਇਹ ਤਾੜਨਾ ਵੀ ਕੀਤੀ ਹੈ ਕਿ ਕਿਸੇ ਸ਼ਰਾਰਤੀ ਅਨਸਰ ਨੂੰ ਮਾਹੌਲ ਖ਼ਰਾਬ ਨਹੀਂ ਕਰਨ ਦਿੱਤਾ ਜਾਵੇਗਾ ਤੇ ਸਖ਼ਤੀ ਨਾਲ ਨਜਿੱਠਿਆ ਜਾਵੇਗਾ।



### ਅੰਮ੍ਰਿਤਪਾਲ ਨੇ ਆਪਣੀ ਮਰਜ਼ੀ ਨਾਲ ਆਤਮ-ਸਮਰਪਣ ਕੀਤਾ: ਰੋਡੇ



ਮੋਗਾ : ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਭਤੀਜੇ ਅਤੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੂੰ ਦੇਰ ਰਾਤ ਪੁਲੀਸ ਤੋਂ ਪਤਾ ਲੱਗਾ ਸੀ ਕਿ ਅੰਮ੍ਰਿਤਪਾਲ ਸਿੰਘ ਪਿੰਡ ਰੋਡੇ ਪੁੱਜ ਕੇ ਗ੍ਰਿਫ਼ਤਾਰੀ ਦੇ ਰਿਹਾ ਹੈ। ਉਹ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਤੋਂ ਕੁਝ ਸਮਾਂ ਪਹਿਲਾਂ ਪਿੰਡ ਰੋਡੇ ਪੁੱਜੇ ਅਤੇ ਅੰਮ੍ਰਿਤਪਾਲ ਨਾਲ ਗੱਲਬਾਤ ਕੀਤੀ। ਅੰਮ੍ਰਿਤਪਾਲ ਨੇ ਖ਼ੁਦ ਕਹਿ ਦਿੱਤਾ ਸੀ ਕਿ ਉਹ ਗੁਰਦੁਆਰੇ ਮੱਥਾ ਟੇਕਣ ਉਪਰੰਤ ਸੰਗਤ ਨੂੰ ਸੰਬੋਧਨ ਕਰੇਗਾ ਜਿਸ ਵਿਚ ਉਹ ਦੱਸੇਗਾ ਕਿ ਉਹ ਆਪਣੀ ਮਰਜ਼ੀ ਨਾਲ ਗ੍ਰਿਫ਼ਤਾਰੀ ਦੇ ਰਿਹਾ ਹੈ ਅਤੇ ਹੁਣ ਤੱਕ ਗ੍ਰਿਫ਼ਤਾਰੀ ਨਾ ਦੇਣ ਦੇ ਕੀ ਕਾਰਨ ਸਨ। ਉਨ੍ਹਾਂ ਕੁਝ ਇਲੈਕਟਰਾਨਿਕ ਚੈਨਲਾਂ ਵੱਲੋਂ ਝੂਠਾ ਪ੍ਰਚਾਰ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਸ ਨੇ ਆਪਣੀ ਮਰਜ਼ੀ ਨਾਲ ਗ੍ਰਿਫ਼ਤਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੁਲੀਸ ਨੇ ਆਪਣਾ ਦਾਅਵਾ ਰੱਖਣਾ ਹੁੰਦਾ ਹੈ ਪਰ ਅਸਲੀਅਤ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਮਰਜ਼ੀ ਨਾਲ ਗੁਰਦੁਆਰੇ ਬਾਹਰ ਗ੍ਰਿਫ਼ਤਾਰੀ ਦਿੱਤੀ ਹੈ। ਇਸ ਮੌਕੇ ਗੁਰਦੁਆਰੇ ਨੇੜਲੇ ਘਰਾਂ ਦੇ ਰਹਿਣ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਗੁਰਦੁਆਰਾ ਸਾਹਿਬ ਕੋਲ ਕਰੀਬ 4-5 ਗੱਡੀਆਂ ਖੜ੍ਹੀਆਂ ਵੇਖੀਆਂ ਪਰ ਇਥੇ ਕੋਈ ਪੁਲੀਸ ਮੁਲਾਜ਼ਮ ਨਹੀਂ ਸੀ ਤੇ ਨਾ ਹੀ ਪੁਲੀਸ ਵੱਲੋਂ ਘੇਰਾ ਪਾਇਆ ਗਿਆ ਸੀ। ਜੇਕਰ ਪੁਲੀਸ ਵੱਲੋਂ ਘੇਰਾ ਪਾਇਆ ਹੁੰਦਾ ਤਾਂ ਸਾਰੇ ਪਿੰਡ ਨੂੰ ਪਤਾ ਲੱਗ ਜਾਣਾ ਸੀ।

### ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਪਾਲ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਚਾਰਾਜੋਈ

#### *ਕਾਨੂੰਨੀ ਮਾਹਿਰਾਂ ਦੀ ਟੀਮ ਦੇ ਮੁਖੀ ਵੱਲੋਂ ਅੰਮ੍ਰਿਤਪਾਲ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ*



ਅੰਮ੍ਰਿਤਸਰ : ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜੇ ਜਾਣ ਤੋਂ ਇਕ ਦਿਨ ਬਾਅਦ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਸ਼ ?ਰੋਮਣੀ ਕਮੇਟੀ ਵੱਲੋਂ ਬਣਾਈ ਕਾਨੂੰਨੀ ਮਾਹਿਰਾਂ ਦੀ ਟੀਮ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਅੰਮ੍ਰਿਤਪਾਲ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ। ਉਸ ਨਾਲ 'ਮੁਲਾਕਾਤ' (ਜੇਲ੍ਹ ਮੁਲਾਕਾਤ) ਲਈ ਲੋੜੀਂਦੀ ਇਜਾਜ਼ਤ ਲੈਣ ਦੇ ਯਤਨ ਕੀਤੇ ਗਏ ਹਨ। ਇਸ ਦੌਰਾਨ ਸ਼ ?ਰੋਮਣੀ ਕਮੇਟੀ ਵੱਲੋਂ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੋਰ ਸਿੱਖਾਂ ਦੇ ਰਿਸ਼ਤੇਦਾਰਾਂ ਲਈ ਵੀ ਮੁਲਾਕਾਤ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜੇਲ੍ਹ ਦੇ ਨਿਯਮਾਂ ਮੁਤਾਬਕ ਪਰਿਵਾਰ ਦੇ ਮੈਂਬਰ ਉਨ੍ਹਾਂ ਨੂੰ ਵੀਰਵਾਰ ਨੂੰ ਹੀ ਮਿਲ ਸਕਦੇ ਹਨ। ਇਸ ਲਈ ਪਰਿਵਾਰਾਂ ਦਾ ਪਹਿਲਾ ਜਥਾ ਨਿਰਧਾਰਤ ਦਿਨ ਹਵਾਈ ਜਹਾਜ਼ ਰਾਹੀਂ ਡਿਬਰੂਗੜ੍ਹ ਜਾਵੇਗਾ। 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੀ ਜਥੇਬੰਦੀ ਖ਼ਿਲਾਫ਼ ਕਾਰਵਾਈ ਤੋਂ ਬਾਅਦ ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਸਮੇਤ ਦਸ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਖ਼ਿਲਾਫ਼ ਨੈਸ਼ਨਲ ਸਕਿਓਰਿਟੀ ਐਕਟ (ਐੱਨਐੱਸਏ) ਤਹਿਤ ਕੇਸ ਦਰਜ ਕਰਨ ਤੋਂ ਬਾਅਦ ਉਨ੍ਹਾਂ ਨੂੰ ਉੱਚ ਸੁਰੱਖਿਆ ਵਾਲੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਪੁਲੀਸ ਸੂਤਰਾਂ ਨੇ ਦੱਸਿਆ ਕਿ ਮੁੱਖ ਤੌਰ 'ਤੇ ਦਰਜ ਹੋਈਆਂ ਤਿੰਨ ਐੱਫਆਈਆਰ ਨੂੰ ਐੱਨਐੱਸਏ ਤਹਿਤ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਦੀ ਹਿਰਾਸਤ ਨੂੰ ਸਾਬਤ ਕਰਨ ਲਈ ਆਧਾਰ ਬਣਾਇਆ ਗਿਆ ਹੈ। ਇੱਥੇ ਦਸਣਾ ਬਣਦਾ ਹੈ ਕਿ 23 ਫਰਵਰੀ ਨੂੰ ਅੰਮ੍ਰਿਤਪਾਲ ਦੇ ਸਮਰਥਕਾਂ ਵੱਲੋਂ ਅਜਨਾਲਾ ਥਾਣੇ ਵਿੱਚ ਕੀਤੀ ਹਿੰਸਕ ਘਟਨਾ ਤੋਂ ਇੱਕ ਦਿਨ ਪਹਿਲਾਂ ਉਸ ਦੇ ਭਾਰਤ ਵਿਰੋਧੀ ਭਾਸ਼ਣ ਅਤੇ ਮੀਡੀਆ ਨੂੰ ਦਿੱਤੇ ਬਿਆਨ ਦੇ ਆਧਾਰ 'ਤੇ ਦੋ ਐਫਆਈਆਰ ਦਰਜ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚ ਆਈਪੀਸੀ ਦੀ ਧਾਰਾ 153 ਏ ਅਤੇ 153 ਬੀ ਲਾਈ ਗਈ ਸੀ। ਇਸੇ ਤਰ੍ਹਾਂ ਆਈਪੀਸੀ ਦੀ ਧਾਰਾ 153-ਏ ਤਹਿਤ ਅੰਮ੍ਰਿਤਸਰ ਪੁਲੀਸ ਕਮਿਸ਼ਨਰੇਟ ਅਧੀਨ ਪੈਂਦੇ ਥਾਣਾ ਬੀ ਡਿਵੀਜ਼ਨ 'ਚ ਇੱਕ ਹੋਰ ਐਫਆਈਆਰ ਦਰਜ ਕੀਤੀ ਗਈ ਸੀ। ਇਸ ਦਾ ਆਧਾਰ ਹਰਿਮੰਦਰ ਸਾਹਿਬ ਦੀ ਫੇਰੀ ਦੌਰਾਨ ਮੀਡੀਆ ਨੂੰ ਦਿੱਤਾ ਗਿਆ ਉਸ ਦਾ ਬਿਆਨ ਸੀ।

# ਪੁਣਛ ’ਚ ਸ਼ਹੀਦ ਹੋਏ ਹੌਲਦਾਰ ਮਨਦੀਪ ਸਿੰਘ, ਗੁਰਸੇਵਕ ਸਿੰਘ, ਹਰਕ੍ਰਿਸ਼ਨ ਸਿੰਘ ਤੇ ਕੁਲਵੰਤ ਸਿੰਘ ਦਾ ਸਰਕਾਰੀ ਤੇ ਫ਼ੌਜੀ ਸਨਮਾਨ ਨਾਲ ਸਸਕਾਰ



ਸ਼ਹੀਦ ਹਰਕ੍ਰਿਸ਼ਨ ਸਿੰਘ ਨੂੰ ਅੰਤਿਮ ਸਲਾਮੀ ਦਿੰਦੇ ਹੋਏ ਪਤਨੀ ਦਲਜੀਤ ਕੌਰ ਅਤੇ ਪੁੱਤਰੀ ਖੁਸ਼ਪ੍ਰੀਤ ਕੌਰ।



ਪਿੰਡ ਬਾਘਾ ਵਿਖੇ ਸ਼ਹੀਦ ਸੇਵਕ ਸਿੰਘ ਦੀ ਦੇਹ ਕੋਲ ਵਿਰਲਾਪ ਕਰਦੇ ਹੋਏ ਪਰਿਵਾਰਕ ਮੈਂਬਰ



ਸ਼ਹੀਦ ਕੁਲਵੰਤ ਸਿੰਘ ਦੀ ਦੇਹ ਕੋਲ ਆਪਣੇ ਦੋ ਮਹੀਨਿਆਂ ਦੇ ਬੇਟੇ ਫ਼ਤਹਿਵੀਰ ਸਿੰਘ ਨਾਲ ਵਿਰਲਾਪ ਕਰਦੀ ਹੋਈ ਸ਼ਹੀਦ ਦੀ ਪਤਨੀ ਹਰਦੀਪ ਕੌਰ



ਪਿੰਡ ਮਨਦੀਪ ਸਿੰਘ ਦੀ ਦੇਹ ਕੋਲ ਵਿਰਲਾਪ ਕਰਦੇ ਹੋਏ ਪਰਿਵਾਰਕ ਮੈਂਬਰ

ਪਾਇਲ : ਜੰਮੂ-ਕਸ਼ਮੀਰ ਦੇ ਪੁਣਛ ’ਚ ਦਹਿਸ਼ਤਗਰਦਾਂ ਦੇ ਹਮਲੇ ਵਿੱਚ ਸ਼ਹੀਦ ਹੋਏ ਹਲਕਾ ਪਾਇਲ ਦੇ ਪਿੰਡ ਚਣਕੋਈਆਂ ਕਲਾਂ ਦੇ ਹੌਲਦਾਰ ਮਨਦੀਪ ਸਿੰਘ ਪੁੱਤਰ ਸਾਬਕਾ ਸਰਪੰਚ ਰੂਪ ਸਿੰਘ ਦਾ ਸਸਕਾਰ ਸਰਕਾਰੀ ਤੇ ਫ਼ੌਜੀ ਸਨਮਾਨ ਨਾਲ ਪਿੰਡ ਦੇ ਸਮਸ਼ਾਨਘਾਟ ਵਿੱਚ ਕੀਤਾ ਗਿਆ। ਸ਼ਹੀਦ ਮਨਦੀਪ ਸਿੰਘ ਦੀ ਅੰਤਿਮ ਵਿਦਾਇਗੀ ਸਮੇਂ ਫੌਜ ਦੀ ਟੁਕੜੀ ਵਲੋਂ ਸਲਾਮੀ ਦਿੱਤੀ ਗਈ। ਸ਼ਹੀਦ ਮਨਦੀਪ ਸਿੰਘ ਨੂੰ ਫੌਜ ਦੇ ਕਮਾਂਡੈਟ ਜਨਰਲ ਮਨੋਜ ਪਾਂਡੇ, ਲੈਫਟੀਨੈਂਟ ਜਨਰਲ ਦਵਿੰਦਰਾ ਸ਼ਰਮਾ, ਡਿਪਟੀ ਕਮਿਸ਼ਨਰ ਸੁਰਭੀ ਮਲਿਕ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਐੱਸਐੱਸਪੀ ਖੰਨਾ ਅਮਨੀਤ ਕੌਂਡਲ, ਐੱਸਡੀਐਮ ਪਾਇਲ ਜਸਲੀਨ ਕੌਰ ਭੁੱਲਰ ਤੋਂ ਇਲਾਵਾ ਸੰਤ ਮਹਾਂਪੁਰਸ਼ਾਂ ਵੱਲੋਂ ਫੁੱਲ ਮਲਾਵਾਂ ਭੇਟ ਕੀਤੀਆਂ ਗਈਆਂ। ਅੰਤਿਮ ਸੰਸਕਾਰ ਕਰਨ ਸਮੇਂ ਗੁਰੂ ਘਰ ਦੇ ਗ੍ਰੰਥੀ ਸਿੰਘ ਵੱਲੋਂ ਅਰਦਾਸ ਕੀਤੀ ਗਈ। ਚਿਖਾ ਨੂੰ ਅਗਨੀ ਭੇਟ ਕਰਨ ਦੀ ਰਸਮ ਸ਼ਹੀਦ ਦੇ ਪੁੱਤਰ ਕਰਨਦੀਪ ਸਿੰਘ ਵੱਲੋਂ ਅਦਾ ਕੀਤੀ ਗਈ ਅਤੇ ਬੱਚੇ ਨੇ ਬੜੇ ਹੌਸਲੇ ਨਾਲ ਕਿਹਾ ਕਿ ਉਹ ਵੀ ਆਪਣੇ ਪਿਤਾ ਵਾਂਗ ਫੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਰੱਖਿਆ ਕਰੇਗਾ। ਇਸ ਮੌਕੇ ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਸ਼ਹੀਦ ਦੀ ਸਹਾਦਤ ਨੂੰ ਪ੍ਰਣਾਮ ਕੀਤਾ। ਸ਼ਹੀਦ ਦੇ ਸਸਕਾਰ ਸਮੇਂ ਸਾਬਕਾ ਮੰਤਰੀ ਈਸ਼ਰ ਸਿੰਘ ਮੇਹਰਬਾਨ, ਪੀਏਸੀ ਦੇ ਮੈਂਬਰ ਹਰਜੀਵਨਪਾਲ ਸਿੰਘ ਗਿੱਲ, ਗੁਰਦੀਪ ਸਿੰਘ ਕਾਲੀ, ਸ਼੍ਰੋਮਣੀ ਕਮੇਟੀ ਮੈਂਬਰ ਹਰਪਾਲ ਸਿੰਘ ਜੱਲ੍ਹਾ, ਤਹਿਸੀਲਦਾਰ ਗੁਰਦੀਪ ਸਿੰਘ ਢਿੱਲੋਂ, ਡੀਐੱਸਪੀ ਗੁਰਮੀਤ ਸਿੰਘ, ਐੱਸਐਚਓ ਵਿਜੇ ਕੁਮਾਰ, ਐਕਸ ਸਰਵਿਸਮੈਨ ਵੈਲਫੇਅਰ ਤਾਲਮੇਲ ਕਮੇਟੀ ਲੁਧਿਆਣਾ ਦੇ ਨੁਮਾਇੰਦਿਆਂ ਤੋ ਇਲਾਵਾ ਇਲਾਕੇ ਦੇ ਪੰਚ ਸਰਪੰਚ ਹਾਜ਼ਰ ਸਨ।



ਸ਼ਹੀਦ ਸੇਵਕ ਸਿੰਘ



ਸ਼ਹੀਦ ਮਨਦੀਪ ਸਿੰਘ



ਸ਼ਹੀਦ ਕੁਲਵੰਤ ਸਿੰਘ



ਸ਼ਹੀਦ ਹਰਕ੍ਰਿਸ਼ਨ ਸਿੰਘ

**ਰਾਮਾਂ ਮੰਡੀ** : ਸ਼ਹੀਦ ਗੁਰਸੇਵਕ ਸਿੰਘ ਦੀ ਦੇਹ ਉਸ ਦੇ ਜੱਦੀ ਪਿੰਡ ਬਾਘਾ (ਰਾਮਾਂ ਮੰਡੀ) ਵਿਖੇ ਪਹੁੰਚੀ। ਜਵਾਨ ਦੀ ਦੇਹ ਤਿਰੰਗੇ ਝੰਡੇ ਵਿਚ ਲਿਪਟੀ ਸੈਨਾ ਦੇ ਟਰੱਕ ਵਿੱਚ ਜਦੋਂ ਪਿੰਡ ਪਹੁੰਚੀ ਤਾਂ ਉਸ ਵੇਲੇ ਮਾਹੌਲ ਪੂਰਾ ਗਮਗੀਨ ਹੋ ਗਿਆ। ਸ਼ਹੀਦ ਦੀ ਦੇਹ ਨੂੰ ਪੂਰੇ ਸੈਨਿਕ ਸਨਮਾਨਾਂ ਨਾਲ ਪਿੰਡ ਬਾਘਾ ਦੇ ਸ਼ਮਸ਼ਾਨ ਘਾਟ ਲਿਜਾਇਆ ਗਿਆ, ਜਿੱਥੇ ਉਸ ਨੂੰ ਸਰਕਾਰ ਅਤੇ ਪ੍ਰਸ਼ਾਸਨ ਵਲੋਂ ਸਲਾਮੀ ਦਿੱਤੀ ਗਈ।

ਪੰਜਾਬ ਸਰਕਾਰ ਵਲੋਂ ਹਲਕਾ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਨੇ ਸ਼ਹੀਦ ਸਿਪਾਹੀ ਸੇਵਕ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਇਸ ਤੋਂ ਇਲਾਵਾ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ, ਭਾਜਪਾ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਰਵੀਪ੍ਰੀਤ ਸਿੱਧੂ ਅਤੇ ਫ਼ੌਜ ਤੇ ਪੁਲੀਸ ਪ੍ਰਸ਼ਾਸਨ ਵਲੋਂ ਸ਼ਹੀਦ ਜਵਾਨ ਨੂੰ ਸਲਾਮੀ ਦਿੱਤੀ ਗਈ। ਸ਼ਹੀਦ ਜਵਾਨ ਸੇਵਕ ਸਿੰਘ ਦੀ ਚਿਤਾ ਨੂੰ ਉਸ ਦੇ ਪਿਤਾ ਗੁਰਚਰਨ ਸਿੰਘ ਨੇ ਅਗਨੀ ਦਿੱਤੀ।

**ਬਟਾਲਾ** : ਪੁਣਛ ਵਿੱਚ ਅਤਿਵਾਦੀਆਂ ਵੱਲੋਂ ਕੀਤੇ ਹਮਲੇ ਦੌਰਾਨ ਸ਼ਹੀਦ ਹੋਏ ਭਾਰਤੀ ਫੌਜ ਦੀ 49 ਰਾਸ਼ਟਰੀ ਰਾਈਫਲਜ਼ ਦੇ ਜਵਾਨ ਸ਼ਹੀਦ ਹਰਕ੍ਰਿਸ਼ਨ ਸਿੰਘ ਦੀ ਤਿਰੰਗੇ ਝੰਡੇ ਵਿੱਚ ਲਿਪਟੀ ਮ੍ਰਿਤਕ ਦੇਹ ਅੱਜ ਸਵੇਰੇ ਉਨ੍ਹਾਂ ਦੇ ਜੱਦੀ ਪਿੰਡ ਤਲਵੰਡੀ ਭਰਥਵਾਲ ਪਹੁੰਚੀ, ਜਿੱਥੇ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਪੂਰੇ ਸਰਕਾਰੀ ਤੇ ਫੌਜੀ ਸਨਮਾਨ ਨਾਲ ਸਸਕਾਰ ਕਰ ਦਿੱਤਾ ਗਿਆ। ਸ਼ਹੀਦ ਦੀ ਮਾਂ ਅਤੇ ਪਤਨੀ ਨੇ ਅਰਥੀ ਨੂੰ ਮੋਢਾ ਦਿੱਤਾ ਅਤੇ ਸ਼ਮਸ਼ਾਨਘਾਟ ਵਿੱਚ ਸ਼ਹੀਦ ਦੇ ਪਿਤਾ ਮੰਗਲ ਸਿੰਘ ਨੇ ਸ਼ਹੀਦ ਨੂੰ ਅਗਨੀ ਭੇਟ ਕੀਤੀ।

ਇਸ ਦੌਰਾਨ ਸੈਨਾ ਦੀ ਟੁਕੜੀ ਵੱਲੋਂ ਹਥਿਆਰ ਉਲਟੇ ਕਰਕੇ ਸ਼ਹੀਦ ਨੂੰ ਸਲਾਮੀ ਦਿੱਤੀ ਅਤੇ ਮਾਤਮੀ ਧੁੰਨ ਵਜਾ ਕੇ ਸ਼ਹੀਦ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ। ਸ਼ਹੀਦ ਦੇ ਸਸਕਾਰ ਮੌਕੇ ਫੌਜ ਦੇ ਕਈ ਅਧਿਕਾਰੀ ਅਤੇ ਡੀਸੀ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ, ਐੱਸਐੱਸਪੀ ਬਟਾਲਾ ਅਸ਼ਵਿਨੀ ਗੋਟਿਆਲ, ਐੱਸਡੀਐੱਮ ਸ਼ਾਇਰੀ ਭੰਡਾਰੀ, ਤਹਿਸੀਲਦਾਰ ਲਖਵਿੰਦਰ ਸਿੰਘ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵੀ ਸ਼ਹੀਦ ਦੇ ਪਰਿਵਾਰ ਨਾਲ ਫੋਨ ’ਤੇ ਗੱਲ ਕਰਕੇ ਪਰਿਵਾਰ ਨਾਲ ਦੁੱਖ ਵੰਡਾਇਆ ਗਿਆ।

**ਮੋਗਾ**: ਪੁਣਛ ਇਲਾਕੇ ਵਿਚ ਸ਼ਹੀਦ ਹੋਏ ਮੋਗਾ ਜ਼ਿਲ੍ਹੇ ਦੇ ਪਿੰਡ ਚੜਿੱਕ ਨਿਵਾਸੀ ਸ਼ਹੀਦ ਕੁਲਵੰਤ ਸਿੰਘ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਚਿਖਾ ਨੂੰ ਅਗਨੀ ਸ਼ਹੀਦ ਦੇ ਦੋ ਮਹੀਨਿਆਂ ਦੇ ਬੇਟੇ ਨੇ ਦਿਖਾਈ। ਫ਼ੌਜ ਦੇ ਜਵਾਨਾਂ ਵੱਲੋਂ ਸ਼ਹੀਦ ਨੂੰ ਸਲਾਮੀ ਦੇਣ ਨਾਲ ਆਏ ਫ਼ੌਜੀ ਅਫ਼ਸਰਾਂ ਨੇ ਵੀ ਸ਼ਹੀਦ ਕੁਲਵੰਤ ਸਿੰਘ ਨੂੰ ਸਿਜਦਾ ਕੀਤਾ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਹਰ ਮਨੁੱਖ ਨੂੰ ਗੁਰਬਾਣੀ ਤੋਂ ਸੇਧ ਲੈਣੀ ਚਾਹੀਦੀ: ਬਾਬਾ ਬਲਬੀਰ ਸਿੰਘ



ਪਟਿਆਲਾ : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਅੰਗਦ ਦਰਬਾਰ ਵਿਖੇ ਚੱਲ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਟ ਪਾਠ ਦੀ ਮੱਧ ਅਰਦਾਸ ਸਮੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਦਰਬਾਰ 'ਚ ਪੁੱਜਣ ਤੋਂ ਪਹਿਲਾਂ ਪ੍ਰਬੰਧਕਾਂ ਤੇ ਪਟਿਆਲਾ ਨਿਵਾਸੀਆਂ ਵੱਲੋਂ ਉਨਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਸਮੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਇਨਸਾਨ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਕਰਦੀਆਂ ਹਨ। ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਦੀ ਅਗਵਾਈ ਸਾਨੂੰ ਗੁਰਬਾਣੀ ਦੀ ਰੋਸ਼ਨੀ ਤੋਂ ਪ੍ਰਾਪਤ ਹੁੰਦੀ ਹੈ। ਸਮੱਚੇ ਸੰਸਾਰ ਅੰਦਰ ਵਸਦੇ ਹਰ ਮਨੁੱਖ ਲਈ ਸ਼ਬਦ ਗੁਰੂ (ਗੁਰਬਾਣੀ) ਦੀ ਟੇਕ ਅੱਜ ਲਾਜਮੀ ਹੋ ਗਈ ਹੈ ਅਤੇ ਇਹ ਪ੍ਰਵਾਹ ਬਹੁਤ ਤੇਜੀ ਨਾਲ ਸੰਸਾਰ ਅੰਦਰ ਵਿਕਾਸ ਕਰ ਰਿਹਾ ਹੈ। ਉਨ੍ਹਾਂ ਬੁੱਢਾ ਦਲ ਦੀ ਸਥਾਪਨਾ, ਮਨੋਰਥ ਅਤੇ ਸੇਵਾ ਸਬੰਧੀ ਇਤਿਹਾਸਕ ਪੱਖ ਤੋਂ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਨਿਸ਼ਾਨ ਨਿਗਾਰਿਆਂ ਦੀ ਤਾਬਿਆ ਪੰਜਵਾਂ ਤਖ਼ਤ ਚਲਦਾਵਹੀਰ ਚਲਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਰਬਾਰ ਦੇ ਪ੍ਰਬੰਧਕਾਂ ਵੱਲੋਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਗਿਆਨੀ ਗੁਰਬਚਨ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਬੀਬੀ ਵਿਪਨਪ੍ਰੀਤ ਕੌਰ ਲੁਧਿਆਣਾ, ਸ. ਤਰਲੋਚਨ ਸਿੰਘ ਪਟਿਆਲਾ ਵੰਸ਼ਜ ਸ੍ਰੀ ਗੁਰੂ ਅੰਗਦ ਦੇਵ ਜੀ, ਬੀਬੀ ਪਰਮਜੀਤ ਕੌਰ ਪਿੰਕੀ ਅੰਮ੍ਰਿਤਸਰ, ਸ. ਸਤਨਾਮ ਸਿੰਘ ਸਲੂਜਾ, ਬਾਬਾ ਗੁਰਮੱਖ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

# ਗੁਰੂ ਸਾਹਿਬ ਦੀ ਯਾਦਗਾਰ ਨੂੰ ਬੋਧੀ ਧਰਮ 'ਚ ਤਬਦੀਲ ਕਰਨਾ ਗਲਤ: ਬਾਬਾ ਬਲਬੀਰ ਸਿੰਘ ਅਕਾਲੀ

## ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਤੁਰੰਤ ਦਖਲ ਦੇਣ

ਅੰਮ੍ਰਿਤਸਰ : ਅਰੁਣਾਚਲ ਪ੍ਰਦੇਸ਼ ਵਿਚ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਨੂੰ ਬੋਧੀ ਅਸਥਾਨ ਵਿਚ ਤਬਦੀਲ ਕਰਨ ਸਬੰਧੀ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਜਥੇਦਾਰ



ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਗਹਿਰੀ ਚਿੰਤਾ ਪ੍ਰਗਟ ਕਰਦਿਆ ਕਿਹਾ ਕਿ ਅਜਿਹਾ ਰੁਝਾਨ ਖ਼ਤਰਨਾਕ ਤੇ ਫਿਰਕੂ ਸੋਚ ਵਾਲਾ ਹੈ ਇਸ ਨਾਲ ਸਿੱਖ ਧਰਮ ਦੇ ਪੈਰੋਕਾਰਾਂ ਵਿਚ ਭਾਰੀ ਰੋਸ ਹੈ। ਉਨ੍ਹਾ ਕਿਹਾ ਕਿ ਮੇਚੁਕਾ ਖੇਤਰ ਵਿਖੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਨਾਲ ਸਬੰਧਤ ਗੁਰੂ ਨਾਨਕ ਤਪੋ ਅਸਥਾਨ ਨੂੰ ਬੋਧੀ ਅਸਥਾਨ ਵਿਚ ਤਬਦੀਲ ਕਰਨਾ ਸਿੱਖ ਧਰਮ ਦੇ ਪਰੈਕਾਰਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੈ। ਸਿੱਖ ਯਾਦਗਾਰਾਂ ਦੇ ਨਾਮੋ ਨਿਸ਼ਾਨ ਮਿਟਾਉਣ ਵਾਲੀ ਕਾਰਵਾਈ ਸਿੱਖਾਂ ਨੂੰ ਭੜਕਾਉਣ, ਉਕਸਾਉਣ ਵਾਲੀ ਹੈ। ਇਸ ਨਾਲ ਫਿਰਕਾ ਪ੍ਰਸਤੀ ਨੂੰ ਬਲ ਮਿਲੇਗਾ ਜੋ ਦੇਸ਼ ਲਈ ਘਾਤਕ ਸਿਧ ਹੋਵੇਗੀ। ਉਨ੍ਹਾਂ ਕਿਹਾ ਦੇਸ਼ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਇਸ ਮਾਮਲੇ ਨੂੰ ਸਰਲ ਕਰਨ ਲਈ ਪਹਿਲ ਕਦਮੀ ਕਰਨੀ ਚਾਹੀਦੀ ਹੈ।

# ਮੁਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਵਾਪਰੀ ਘਟਨਾ ਸਹਿਣ ਯੋਗ ਨਹੀਂ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਬੁੱਢਾ ਦਲ ਦੀ ਛਾਉਣੀ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਤੋਂ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਕੀਤੇ ਇਕ ਲਿਖਤੀ ਬਿਆਨ ਵਿੱਚ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਮੁਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਵਾਪਰੀ ਦੁਖਦਾਈ, ਅਫਸੋਸਸ ਜਨਕ ਅਤੇ ਨਾ ਸਹਿਣਯੋਗ ਘਟਨਾ ਤੇ ਚਿੰਤਾ ਤੇ ਅਫਸੋਸ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਛੋਟੇ ਸਾਬਿਜ਼ਾਦਿਆਂ ਦੀ ਚਰਨ ਛੋਹ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਮਰਿੰਡਾ ਵਿਖੇ ਇਕ ਵਿਅਕਤੀ ਵੱਲੋਂ ਜਬਰੀ ਜੰਗਲਾ ਟੱਪ ਕੇ ਅੰਦਰ ਦਾਖਲ ਹੋ ਕੇ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦਾ ਖੰਡਨ ਹੀ ਨਹੀਂ ਕੀਤਾ ਸਗੋਂ ਪਾਠ ਕਰ ਰਹੇ ਪਾਠੀਆਂ ਦੀਆਂ ਦਸਤਾਰਾਂ ਵੀ ਲਾਹ ਦਿੱਤੀਆਂ ਹਨ।

ਉਨ੍ਹਾਂ ਕਿਹਾ ਇਸ ਦੁਖਦਾਈ ਘਟਨਾ ਨਾਲ ਸਮੁੱਚੇ ਸਿੱਖ ਜਗਤ ਦੇ ਹਿਰਦੇ ਵੰਲੂਧਰੇ ਗਏ ਹਨ, ਇਹ ਹਿਰਦੇਵੇਦਕ, ਦੁਖਦਾਈ, ਅਫਸੋਸਜਨਕ, ਮੰਦਭਾਗੀ ਘਟਨਾ ਨਾਲ ਸਮੁੱਚੇ ਸਿੱਖਾਂ ਦੇ ਮਨਾਂ ਨੂੰ ਭਾਰੀ ਨਾ ਸਹਿਣਯੋਗ ਠੇਸ ਵੱਜੀ ਹੈ। ਸਾਰਾ ਸਿਖ ਜਗਤ ਸਦਮੇ ਵਿਚ ਹੈ।

# ਖੇਤਰੀ ਭਾਸ਼ਾਵਾਂ ਨੂੰ ਪ੍ਰਫੁੱਲਤ ਕਰਨ ਦਾ ਕੇਂਦਰੀ ਫੈਸਲਾ ਸੰਘੀ ਪ੍ਰਣਾਲੀ ਨੂੰ ਮਜ਼ਬੂਤ ਕਰੇਗਾ: ਪ੍ਰੋ: ਸਰਚਾਂਦ ਸਿੰਘ

## ਕੇਂਦਰੀ ਮੰਤਰੀ ਅਰਜਨ ਰਾਮ ਮੇਘਵਾਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਇਸ ਫੈਸਲੇ ਲਈ ਪ੍ਰਧਾਨ ਮੰਤਰੀ ਮੋਦੀ ਅਤੇ ਕੇਂਦਰ ਦਾ ਧੰਨਵਾਦ ਕੀਤਾ

ਅੰਮ੍ਰਿਤਸਰ : ਭਾਜਪਾ ਦੇ ਸਿੱਖ ਆਗੂ ਅਤੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕੇਂਦਰੀ ਮੰਤਰੀ ਸ੍ਰੀ ਅਰਜਨ ਰਾਮ ਮੇਘਵਾਲ ਨਾਲ ਮੁਲਾਕਾਤ ਕੀਤੀ ਅਤੇ ਕੇਂਦਰ ਸਰਕਾਰ ਵੱਲੋਂ ਪੰਜਾਬੀ ਸਮੇਤ 13 ਖੇਤਰੀ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕੇਂਦਰ ਦਾ ਧੰਨਵਾਦ ਕੀਤਾ। ਉਨਾਂ ਕਿਹਾ ਕਿ ਇਸ ਇਤਿਹਾਸਕ ਫ਼ੈਸਲੇ ਨਾਲ ਖੇਤਰੀ ਭਾਸ਼ਾਵਾਂ ਨੂੰ ਉਨ੍ਹਾਂ ਦਾ ਬਣਦਾ ਹੱਕ, ਮਾਣ ਸਨਮਾਨ ਅਤੇ ਵਿਕਾਸ ਦਾ ਮੌਕਾ ਮਿਲੇਗਾ, ਉੱਥੇ ਹੀ ਦੇਸ਼ ਦੀ ਏਕਤਾ ਅਖੰਡਤਾ, ਭਾਈਚਾਰਕ ਸਾਂਝ ਅਤੇ ਸੰਘੀ ਪ੍ਰਣਾਲੀ ਵੀ ਮਜ਼ਬੂਤ ਹੋਵੇਗੀ।



ਪ੍ਰੋ: ਸਰਚਾਂਦ ਸਿੰਘ ਨੇ ਕੇਂਦਰੀ ਮੰਤਰੀ ਸ੍ਰੀ ਮੇਘਵਾਲ ਨੂੰ ਦਸਿਆ ਕਿ ਕੇਂਦਰ ਸਰਕਾਰ ਦਾ ਇਹ ਫ਼ੈਸਲਾ ਅਜ਼ਾਦੀ ਤੋਂ ਬਾਅਦ ਵੀ ਪੰਜਾਬੀ ਨਾਲ ਲਗਾਤਾਰ ਹੋ ਰਹੇ ਧੱਕੇ ਨੂੰ ਦੂਰ ਕਰਨ 'ਚ ਸਹਾਈ ਹੋਵੇਗਾ। ਉਨਾਂ ਕਿਹਾ ਕਿ ਜਿੱਥੇ ਪਹਿਲੀਆਂ ਸਰਕਾਰਾਂ ਵੱਲੋਂ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਨੂੰ ਫ਼ਿਰਕਾਪ੍ਰਸਤ ਨਜ਼ਰੀਏ ਨਾਲ ਦੇਖਿਆ ਜਾਂਦਾ ਰਿਹਾ, ਉਸ ਦੇ ਵਿਪਰੀਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤਰੀ ਭਾਸ਼ਾਵਾਂ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਲਈ ਦ੍ਰਿੜ੍ਹਤਾ ਪੂਰਨ ਚੁੱਕੇ ਗਏ ਵੱਡੇ ਕਦਮ ਨਾਲ ਦੇਸ਼ ਵਿਦੇਸ਼ ਦੇ ਸਮੂਹ ਪੰਜਾਬੀਆਂ ਅਤੇ ਪੰਜਾਬੀ ਹਿਤੈਸ਼ੀਆਂ ਵਿਚ ਖ਼ੁਸ਼ੀ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬਿਨਾ ਕਿਸੇ ਸੰਘਰਸ਼ ਅਤੇ ਜੱਦੋ ਜਹਿਦ ਦੇ ਖੇਤਰੀ ਭਾਸ਼ਾਵਾਂ ਨੂੰ ਮੁਕਾਬਲੇ ਦੀਆਂ ਇਮਤਿਹਾਨਾਂ ਲਈ ਲਾਗੂ ਕਰਕੇ ਕੇਂਦਰ ਨੇ ਇਨਾਂ ਪ੍ਰਤੀ ਸਹੀ ਪਹੁੰਚ ਅਤੇ ਸੰਜੀਦਗੀ ਦਾ ਪ੍ਰਗਟਾਵਾ ਕੀਤਾ ਹੈ।

ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਦੇਸ਼ ਭਰ ਦੇ ਕੇਂਦਰ ਸਰਕਾਰ ਦੇ ਦਫ਼ਤਰਾਂ ਲਈ ਗ਼ੈਰ ਤਕਨੀਕੀ ਸਟਾਫ਼ ਭਰਤੀ ਕਰਨ ਵਾਲੀ ਸੰਸਥਾ, ਕੇਂਦਰੀ ਕਰਮਚਾਰੀ ਚੋਣ ਕਮਿਸ਼ਨ ਰਾਹੀਂ ਭਰਤੀ ਲਈ ਹੋਣ ਵਾਲੇ ਇਮਤਿਹਾਨ ਵਿਚ ਹੁਣ ਅੰਗਰੇਜ਼ੀ ਤੇ ਹਿੰਦੀ ਤੋਂ ਇਲਾਵਾ ਪੰਜਾਬੀ ਸਮੇਤ 13 ਖੇਤਰੀ ਭਾਸ਼ਾਵਾਂ ਨੂੰ ਸ਼ਾਮਿਲ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰਾਲੇ ਨੇ ਖੇਤਰੀ ਭਾਸ਼ਾਵਾਂ ਦੇ ਹੱਕ 'ਚ ਫ਼ੈਸਲਾ ਲਿਆ ਅਤੇ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕੇਂਦਰੀ ਸੁਰੱਖਿਆ ਬਲਾਂ ਜਿਵੇਂ ਕਿ ਬੀਐੱਸਐੱਫ, ਸੀਆਰਪੀਐੱਫ, ਸੀਆਈਐੱਸਐੱਫ, ਆਈਟੀਬੀਪੀ ਆਦਿ ਦੀ ਭਰਤੀ ਲਈ ਹੋਣ ਵਾਲੇ ਇਮਤਿਹਾਨ ਵੀ ਹੁਣ ਅੰਗਰੇਜ਼ੀ ਤੇ ਹਿੰਦੀ ਤੋਂ ਇਲਾਵਾ ਪੰਜਾਬੀ ਸਮੇਤ 13 ਖੇਤਰੀ ਭਾਸ਼ਾਵਾਂ ਵਿਚ ਹੋਵੇਗਾ। ਇਸ ਤੋਂ ਪਹਿਲਾਂ ਖੇਤਰੀ ਭਾਸ਼ਾਵਾਂ 'ਚ ਇਮਤਿਹਾਨ ਨਾ ਦੇਣ ਦੇਣਾ ਭਾਸ਼ਾ ਰਾਹੀਂ ਇਕ ਵੱਡਾ ਵਿਤਕਰਾ ਸੀ। ਇਸੇ ਤਰਾਂ ਕੇਂਦਰ ਵੱਲੋਂ ਸਿੱਖਿਆ ਦੇ ਖੇਤਰ 'ਚ ਵੀ ਇਕ ਹੋਰ ਅਹਿਮ ਕਦਮ ਪੁੱਟਿਆ ਗਿਆ ਹੈ। ਜਿਸ ਤਹਿਤ ਯੂਨੀਵਰਸਿਟੀ ਗਰਾਂਟਸ ਕਮਿਸ਼ਨ ( ਯੂ ਜੀ ਸੀ) ਨੇ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਨਿਰਦੇਸ਼ ਦੇ ਕੇ ਵਿਦਿਆਰਥੀਆਂ ਨੂੰ ਸਥਾਨਕ ਖੇਤਰੀ ਭਾਸ਼ਾਵਾਂ ਵਿਚ ਇਮਤਿਹਾਨ ਦੇਣ ਦੀ ਇਜਾਜ਼ਤ ਦੇਣ ਦੀ ਹਦਾਇਤ ਕੀਤੀ ਹੈ। ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਬਾਰੇ ਗਲ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਅੱਗੇ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ। ਪੰਜਾਬੀ ਦੀ ਤਰੱਕੀ ਲਈ ਯੋਜਨਾਬੱਧ ਵਿਕਾਸ ਦੀ ਲੋੜ ਹੈ। ਉਨਾਂ ਸਰਵਿਸ ਸੈਕਟਰ ਵਿਚ ਪੰਜਾਬੀ ਨੂੰ ਯੋਗ ਸਥਾਨ ਦੇਣ ਦੀ ਵਕਾਲਤ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਵਿਚ ਮੁਹਾਰਤ ਰੱਖਣ ਵਾਲੇ ਉਮੀਦਵਾਰਾਂ ਨੂੰ ਨੌਕਰੀਆਂ ਵਿਚ ਪਹਿਲ ਮਿਲਣੀ ਚਾਹੀਦੀ ਹੈ। ਪੰਜਾਬੀ ਭਾਸ਼ਾ ਨੂੰ ਪੂਰਨ ਰੂਪ 'ਚ ਦਫ਼ਤਰੀ ਭਾਸ਼ਾ ਵਜੋਂ ਲਾਗੂ ਕਰਨ ਵਿਚ ਸਖ਼ਤੀ ਅਪਣਾਉਣ ਦੀ ਲੋੜ ਹੈ। ਉਨ੍ਹਾਂ ਸਿੱਖਿਆ ਨੂੰ ਆਧੁਨਿਕ ਬਣਾਉਣ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਗਿਆਨ ਵਿਗਿਆਨ ਅਤੇ ਤਕਨਾਲੋਜੀ ਦੀਆਂ ਪੁਸਤਕਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਾਂ ਬੋਲੀ ਵਿਚਾਰ ਪ੍ਰਗਟਾਵੇ ਦਾ ਸਭ ਤੋਂ ਸਰਵੋਤਮ ਸਾਧਨ ਹੈ। ਇਹ ਮਨੁੱਖ ਨੂੰ ਸਹਿਜ ਤੇ ਚੇਤੰਨ ਬਣਾਉਂਦਾ ਹੈ। ਮਾਂ ਬੋਲੀ ਦੇ ਪ੍ਰਫੁਲਿਤ ਹੋਣ ਨਾਲ ਪੰਜਾਬੀ ਸਭਿਅਤਾ ਅਤੇ ਸਭਿਆਚਾਰ ਨੂੰ ਹੋਰ ਵਿਕਸਤ ਹੋਣ ਦਾ ਮੌਕਾ ਮਿਲੇਗਾ।

# ਬੇਅਦਬੀ ਦੀਆਂ ਘਟਨਾਵਾਂ ਰਾਜ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੀ ਗੈਰ ਸੰਜੀਦਗੀ ਦਾ ਨਤੀਜਾ : ਪ੍ਰੋ. ਸਰਚਾਂਦ ਸਿੰਘ

## ਮੋਰਿੰਡਾ ਦੇ ਗੁ: ਕੋਤਵਾਲੀ ਸਾਹਿਬ ਵਿਖੇ ਹੋਈ ਬੇਅਦਬੀ ਦੀ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਕੀਤੀ ਮੰਗ

ਅੰਮ੍ਰਿਤਸਰ : ਭਾਜਪਾ ਦੇ ਸਿੱਖ ਆਗੂ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਨਾਲ ਸੰਬੰਧਿਤ ਮੋਰਿੰਡਾ ਦੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੀ ਹਿਰਦੇਵੇਧਕ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪ੍ਰੋ: ਸਰਚਾਂਦ ਸਿੰਘ ਨੇ ਚਿੰਤਾ ਅਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਸਖ਼ਤ ਲਹਿਜ਼ੇ ਵਿਚ ਕਿਹਾ ਕਿ ਲਗਾਤਾਰ ਹੋ ਰਹੀਆਂ ਬੇਅਦਬੀ ਦੀਆਂ ਹਿਰਦੇਵੇਧਕ ਘਟਨਾਵਾਂ ਰਾਜ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਵੱਲੋਂ ਸੰਬੰਧਿਤ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿਵਾਉਣ 'ਚ ਅਣਗਹਿਲੀ ਅਤੇ ਗੈਰ ਸੰਜੀਦਗੀ ਦਾ ਨਤੀਜਾ ਹਨ । ਸਾਡੇ ਲਈ ਇਸ ਤੋਂ ਵੱਡੀ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਇਕ ਬੰਦਾ ਜੋੜਿਆਂ ਸਮੇਤ ਗੁਰਦੁਆਰਾ ਕੋਤਵਾਲੀ ਸਾਹਿਬ ਦੇ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰੇਆਮ ਬੇਅਦਬੀ ਕਰਦਾ ਹੈ ਅਤੇ ਅਖੰਡ ਪਾਠ ਕਰ ਰਹੇ ਪਾਠੀ ਸਿੰਘਾਂ ਦੀ ਕੁੱਟ ਮਾਰ ਕਰ ਕੇ ਚਲਾ ਜਾਂਦਾ ਹੈ। ਦੋਸ਼ੀਆਂ ਪ੍ਰਤੀ ਸਰਕਾਰ ਦੀ ਢਿੱਲਮੱਠ ਵਾਲੀ ਨੀਤੀ ਕਾਰਨ ਦੋਸ਼ੀ ਅਤੇ ਸ਼ਰਾਰਤੀ ਅਨਸਰ




ਸ਼ਰੇਆਮ ਬੇਖ਼ੌਫ ਹੋ ਕੇ ਬੇਅਦਬੀ ਵਰਗੇ ਕਾਰਿਆਂ ਨੂੰ ਅੰਜਾਮ ਦੇ ਰਹੇ ਹਨ, ਜਿਸ ਨਾਲ ਸਿੱਖ ਹਿਰਦੇ ਵਾਰ ਵਾਰ ਵਲੂੰਧਰੇ ਜਾ ਰਹੇ ਹਨ।

ਪ੍ਰੋ: ਸਰਚਾਂਦ ਸਿੰਘ ਨੇ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਵੀ ਰਾਜ ਸਰਕਾਰ ਦੀ ਤਰਾਂ ਬੇਅਦਬੀ ਦੀਆਂ ਘਟਨਾਵਾਂ ਅਤੇ ਡੂੰਘੀਆਂ ਸਾਜ਼ਿਸ਼ਾਂ ਨੂੰ ਕਦੀ ਗੰਭੀਰਤਾ ਨਾਲ ਨਹੀਂ ਲਿਆ, ਜਿਸ ਕਾਰਨ ਸਮਾਜ ਵਿਰੋਧੀ ਅਤੇ ਫੁੱਟ ਪਾਊ ਅਨਸਰਾਂ ਵੱਲੋਂ ਪਾਵਨ ਸਰੂਪਾਂ ਦੀ ਲਗਾਤਾਰ ਬੇਅਦਬੀ ਕਰ ਕੇ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ।

ਪ੍ਰੋ: ਸਰਚਾਂਦ ਸਿੰਘ ਨੇ ਰਾਜ ਸਰਕਾਰ ਨੂੰ ਬੇਅਦਬੀ ਦੇ ਪਿੱਛੇ ਦੀਆਂ ਤਾਕਤਾਂ ਨੂੰ ਬੇਨਕਾਬ ਕਰਨ ਦੀ ਅਪੀਲ ਕਰਦਿਆਂ ਚਿਤਾਵਨੀ ਵੀ ਦਿੱਤੀ ਕਿ ਬੇਅਦਬੀ ਦੀਆਂ ਘਟਨਾਵਾਂ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਦਾ ਮਾਹੌਲ ਖ਼ਰਾਬ ਹੋਵੇਗਾ, ਜਿਸ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜਾਵਾਂ ਦੇਣ ਅਤੇ ਲੋੜ ਪੈਣ 'ਤੇ ਸਖ਼ਤ ਕਾਨੂੰਨ ਲਿਆਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬੇਅਦਬੀਆਂ ਦੀਆਂ ਘਟਨਾਵਾਂ ਅਤੇ ਲਗਾਤਾਰ ਹੋ ਰਹੀਆਂ ਸਾਜ਼ਿਸ਼ਾਂ ਨੂੰ ਰੋਕਣ ਲਈ ਸਮੂਹ ਸੰਗਤਾਂ ਅਤੇ ਸਿੱਖ ਜਥੇਬੰਦੀਆਂ ਦੇ ਨਾਲ ਨਾਲ ਰਾਜਨੀਤਿਕ ਪਾਰਟੀਆਂ ਨਾਲ ਸੰਬੰਧਿਤ ਸਿੱਖ ਆਗੂਆਂ ਨੂੰ ਵੀ ਬਿਨਾ ਕਿਸੇ ਭੇਦ ਭਾਵ ਦੇ ਇਕੱਤਰਤਾਵਾਂ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਅਤੇ ਘਟਨਾਵਾਂ ਨੂੰ ਗੰਭੀਰਤਾ ਨਾਲ ਵਿਚਾਰ ਕੇ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਖ਼ਤ ਤੇ ਮਿਸਾਲੀ ਸਜਾਵਾਂ ਦੇ ਕੇ ਸਬਕ ਸਿਖਾਇਆ ਜਾਵੇ, ਤਾਂ ਕਿ ਕੋਈ ਵੀ ਗੁਰੂ ਦੋਖੀ ਬੇਅਦਬੀ ਕਰਨ ਬਾਰੇ ਸੋਚ ਵੀ ਨਾ ਸਕੇ।

# ਸਿੱਖ ਕੌਮ ਦੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਦੇ ਜਨਮ ਦਿਵਸ ਮੌਕੇ ਗਿਆਨੀ ਜੀ ਦੀ ਤਸਵੀਰ ਇਤਿਹਾਸਕ ਗੁਰਦਵਾਰਾ ਸਾਹਿਬ ਸਟਾਕਟਨ ਵਿਖੇ ਸੁਸ਼ੋਭਿਤ ਕੀਤੀ ਗਈ


ਪੰਥ ਰਤਨ ਗਿਆਨੀ ਦਿੱਤ ਸਿੰਘ




ਸਿੱਖ ਕੌਮ ਦੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਦੇ ਜਨਮ ਦਿਵਸ ਮੌਕੇ ਗਿਆਨੀ ਜੀ ਦੀ ਤਸਵੀਰ ਇਤਿਹਾਸਕ ਗੁਰਦਵਾਰਾ ਸਾਹਿਬ ਸਟਾਕਟਨ ਵਿਖੇ ਸੁਸ਼ੋਭਿਤ ਕੀਤੀ ਗਈ ਹੈ। ਇਸ ਮੌਕੇ ਗਿਆਨੀ ਜੀ ਨੂੰ ਬਣਦਾ ਸਤਿਕਾਰ ਦੇਣ ਲਈ ਸ. ਜਸਵਿੰਦਰ ਸਿੰਘ ਸੰਧੂ ਨੇ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਲਏ ਗਏ ਇਸ ਫੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਮੇਟੀ ਦਾ ਧੰਨਵਾਦ ਕੀਤਾ। ਜਸਵੰਤ ਸਿੰਘ ਸ਼ਾਦ ਨੇ "ਸਾਡੇ ਲੋਕ" ਅਖਬਾਰ ਨਾਲ ਗੱਲਬਾਤ ਕਰਦਿਆਂ ਜਿੱਥੇ ਕਮੇਟੀ ਦੇ ਇਸ ਮਹੱਤਵਪੂਰਨ ਫੈਸਲੇ ਦੀ ਸ਼ਲਾਘਾ ਕੀਤੀ ਉੱਥੇ ਨਾਲ ਹੀ ਇਹ ਆਸ ਵੀ ਪ੍ਰਗਟਾਈ ਕਿ ਦੇਸ਼ ਵਿਦੇਸ਼ ਦੇ ਹਰ ਗੁਰਦਵਾਰਾ ਸਾਹਿਬ ਵਿੱਚ ਗਿਆਨੀ ਜੀ ਦੀ ਤਸਵੀਰ ਸੁਸ਼ੋਭਿਤ ਕੀਤੀ ਜਾਣੀ ਚਾਹੀਦੀ ਹੈ। ਗਿਆਨੀ ਜੀ ਦੀ ਘਾਲਣਾ ਬਾਰੇ ਚਾਨਣਾ ਪਾਉਂਦਿਆਂ ਉਹਨਾਂ ਕਿਹਾ ਕਿ ਜਦੋਂ ਸਵਾਮੀ ਵਿਵੇਕਾਨੰਦ ਵਲੋਂ ਸਿੱਖ ਇਤਿਹਾਸ ਗੁਰ ਇਤਿਹਾਸ ਅਤੇ ਗੁਰੂਆਂ ਪ੍ਰਤੀ ਭੱਦੀ ਸ਼ਬਦਾਵਲੀ ਨਾਲ ਹਮਲੇ ਕੀਤੇ ਜਾ ਰਹੇ ਸਨ ਉਸ ਨਾਜ਼ੁਕ ਮੌਕੇ ਗਿਆਨੀ ਦਿੱਤ ਸਿੰਘ ਨੇ ਸਵਾਮੀ ਵਿਵੇਕਾਨੰਦ ਨੂੰ ਖੁੱਲ੍ਹਾ ਚੈਲੰਜ ਕਰਕੇ ਸੰਵਾਦ ਲਈ ਵੰਗਾਰਿਆ ਤੇ ਵਿਚਾਰ ਚਰਚਾ ਵਿੱਚ ਹਰਾ ਕੇ ਸਿੱਖ ਕੌਮ ਵਿੱਚ ਨਵੀਂ ਰੂਹ ਫੂਕ ਦਿੱਤੀ। ਗੁਰਚੇਤਨ ਸਿੰਘ ਨਿੱਝਰ ਨੇ ਕਮੇਟੀ ਦੇ ਇਸ ਫੈਸਲੇ ਨੂੰ ਸ਼ਲਾਘਾ ਯੋਗ ਦੱਸਦਿਆਂ ਆਖਿਆ ਕਿ ਸਿੱਖ ਕੌਮ ਤੁਰੰਤ ਆਪਣੇ ਵਿਦਵਾਨਾਂ ਨੂੰ ਆਪਣੇ ਰੋਲ ਮਾਡਲ ਬਣਾਵੇ ਤਾਂ ਕਿ ਨਵੀ ਪੀੜ੍ਹੀ ਆਪਣੇ ਇਤਿਹਾਸ ਪ੍ਰਤੀ ਜ਼ਿਮੇਵਾਰੀਆਂ ਲਈ ਸੰਜੀਦਾ ਹੋ ਸਕੇ। ਇਸ ਮੌਕੇ ਸ. ਹਰਜੀਤ ਸਿੰਘ, ਸ. ਭੁਪਿੰਦਰ ਸਿੰਘ ਐਕਿਊਪ੍ਰੈਸ਼ਰ ਸਪੈਲਿਸਟ, ਬੱਬੂ ਭਾਜੀ, ਗੁਰੀ ਚੀਮਾ, ਗਰਚੇਤਨ ਸਿੰਘ ਨਿੱਝਰ, ਕੁਲਵੰਤ ਸਿੰਘ ਨਿੱਝਰ, ਕੁਲਵਿੰਦਰ ਸਿੰਘ ਸਟਾਕਟਨ ਅਤੇ ਅਮਨਦੀਪ ਸਿੰਘ ਫੋਰਮੈਨ ਆਦਿ ਹਾਜ਼ਰ ਸਨ।

# ਪੁਣਛ ਦਹਿਸ਼ਤੀ ਹਮਲਾ: ਭਗਵੰਤ ਮਾਨ ਨੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਵੰਡਾਇਆ

## *ਚਾਰੇ ਸ਼ਹੀਦਾਂ ਦੇ ਨਾਂ 'ਤੇ ਸਕੂਲਾਂ ਤੇ ਸਟੇਡੀਅਮਾਂ ਦੇ ਨਾਮ ਰੱਖਣ ਦਾ ਐਲਾਨ; ਪਰਿਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦੇ ਚੈੱਕ ਸੌਂਪੇ*





ਮੋਗਾ : ਜੰਮੂ ਕਸ਼ਮੀਰ ਦੇ ਪੁਣਛ ਵਿੱਚ ਦਹਿਸ਼ਤੀ ਹਮਲੇ 'ਚ ਬੀਤੀ 20 ਅਪਰੈਲ ਨੂੰ ਸ਼ਹੀਦ ਹੋਏ ਰਾਸ਼ਟਰੀ ਰਾਈਫਲਜ਼ ਯੂਨਿਟ ਦੇ ਜਵਾਨਾਂ ਦੇ ਪਰਿਵਾਰਾਂ ਨਾਲ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਦੁੱਖ ਸਾਂਝਾ ਕੀਤਾ। ਮੁੱਖ ਮੰਤਰੀ ਚਾਰਾਂ ਸ਼ਹੀਦਾਂ ਦੇ ਪਿੰਡਾਂ ਵਿੱਚ ਪਰਿਵਾਰਾਂ ਨੂੰ ਮਿਲਣ ਪੁੱਜੇ। ਭਗਵੰਤ ਮਾਨ ਨੇ ਮੋਗਾ ਨੇੜਲੇ ਪਿੰਡ ਚੜਿੱਕ ਦੀ ਪੱਤੀ ਜੰਗੀਰ ਵਿੱਚ ਸ਼ਹੀਦ ਲਾਂਸ ਨਾਇਕ ਕੁਲਵੰਤ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਵਿੱਤੀ ਸਹਾਇਤਾ ਵਜੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ। ਸ਼ਹੀਦ ਜਵਾਨ ਦਾ ਪਿਤਾ ਬਲਦੇਵ ਸਿੰਘ ਵੀ ਕਾਰਗਿਲ ਜੰਗ 'ਚ ਸ਼ਹੀਦ ਹੋ ਗਿਆ ਸੀ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰੀ ਸਕੂਲ ਨੂੰ ਅਪਗ੍ਰੇਡ ਕਰ ਕੇ ਸਕੂਲ ਦਾ ਨਾਮ ਸ਼ਹੀਦ ਲਾਂਸ ਨਾਇਕ ਕੁਲਵੰਤ ਸਿੰਘ ਦੇ ਨਾਮ 'ਤੇ ਰੱਖਣ ਅਤੇ ਜੱਦੀ ਪਿੰਡ ਵਿੱਚ ਯਾਦਗਾਰੀ ਖੇਡ ਮੈਦਾਨ ਦਾ ਨਿਰਮਾਣ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਲਾਂਸ ਨਾਇਕ ਕੁਲਵੰਤ ਸਿੰਘ ਇਸ ਪਰਿਵਾਰ ਤੋਂ ਦੂਜੀ ਪੀੜ੍ਹੀ ਦਾ ਸ਼ਹੀਦ ਹੈ। ਭਗਵੰਤ ਮਾਨ ਨੇ ਕਿਹਾ ਕਿ ਦੋਵਾਂ ਸ਼ਹੀਦਾਂ ਦੇ ਬੁੱਤ ਅਪਗ੍ਰੇਡ ਕੀਤੇ ਗਏ ਸਕੂਲ ਦੇ ਕੈਂਪਸ ਵਿਚ ਸਥਾਪਤ ਕੀਤੇ ਜਾਣਗੇ। ਉਨ੍ਹਾਂ ਪੀੜਤ ਪਰਿਵਾਰ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਦਿਆਂ ਭਰੋਸਾ ਦਿੱਤਾ ਕਿ ਆਸ਼ਰਿਤ ਨੂੰ ਨੌਕਰੀ ਦੇਣ ਦੀ ਨੀਤੀ ਦੇ ਆਧਾਰ 'ਤੇ ਫੌਜ ਨਾਲ ਵਿਚਾਰ-ਵਟਾਂਦਰੇ ਮਗਰੋਂ ਸ਼ਹੀਦ ਦੇ ਪਰਿਵਾਰਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇਗੀ।

ਰਾਮਾਂ ਮੰਡੀ : ਪੁਣਛ ਜ਼ਿਲ੍ਹੇ 'ਚ ਸ਼ਹੀਦ ਹੋਏ ਨੇੜਲੇ ਪਿੰਡ ਬਾਘਾ ਦੇ ਫੌਜੀ ਜਵਾਨ ਸੇਵਕ ਸਿੰਘ ਦੇ ਘਰ ਮੁੱਖ ਮੰਤਰੀ ਭਗਵੰਤ ਮਾਨ ਅੱਜ ਦੁੱਖ ਸਾਂਝਾ ਕਰਨ ਪੁੱਜੇ। ਇਸ ਮੌਕੇ ਉਨ੍ਹਾਂ ਕਿਹਾ ਕਿ ਅਜਿਹੇ ਸੂਰਬੀਰਾਂ ਦੀ ਸ਼ਹਾਦਤ ਦਾ ਮੁੱਲ ਕਿਸੇ ਵੀ ਕੀਮਤ 'ਤੇ ਮੋੜਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਸਰਕਾਰ ਪਰਿਵਾਰ ਦੀ ਹਰ ਮਦਦ ਲਈ ਤਿਆਰ ਹੈ। ਉਨ੍ਹਾਂ ਸ਼ਹੀਦ ਸੇਵਕ ਸਿੰਘ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦੀ ਆਰਥਿਕ ਮਦਦ ਦਾ ਚੈੱਕ ਭੇਟ ਕੀਤਾ ਤੇ ਸ਼ਹੀਦ ਦੀ ਬਾਰ੍ਹਵੀਂ ਜਮਾਤ ਵਿਚ ਪੜ੍ਹਦੀ ਭੈਣ ਨੂੰ ਘਰ ਦੇ ਨੇੜੇ ਹੀ ਸਰਕਾਰੀ ਨੌਕਰੀ ਦੇਣ ਦਾ ਭਰੋਸਾ ਵੀ ਦਿੱਤਾ। ਉਨ੍ਹਾਂ ਸੇਵਕ ਸਿੰਘ ਦੇ ਨਾਮ 'ਤੇ ਪਿੰਡ 'ਚ ਸਟੇਡੀਅਮ ਬਣਾਉਣ ਤੇ ਸਕੂਲ ਦਾ ਨਾਮ ਸ਼ਹੀਦ ਦੇ ਨਾਮ 'ਤੇ ਰੱਖਣ ਦਾ ਵੀ ਐਲਾਨ ਕੀਤਾ। ਇਸ ਦੌਰਾਨ ਪਿੰਡ ਦੇ ਹੀ ਇੱਕ ਨੌਜਵਾਨ ਨੇ ਇਲਾਕੇ ਵਿਚ ਸ਼ਰ੍ਹੇਆਮ ਵਿਕਦੇ ਚਿੱਟੇ ਦੇ ਨਸ਼ੇ ਬਾਰੇ ਦੱਸਿਆ ਤਾਂ ਮੁੱਖ ਮੰਤਰੀ ਨੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਗੰਢਾਂ ਪਿਛਲੀਆਂ ਸਰਕਾਰਾਂ ਦੀਆਂ ਪਾਈਆਂ ਹੋਈਆਂ ਹਨ, ਜਿਨ੍ਹਾਂ ਨੂੰ ਖੋਲ੍ਹਿਆ ਜਾ ਰਿਹਾ ਹੈ।

ਬਟਾਲਾ : ਮੁੱਖ ਮੰਤਰੀ ਭਗਵੰਤ ਮਾਨ ਅੱਜ ਨੇੜਲੇ ਪਿੰਡ ਤਲਵੰਡੀ ਭਰਥਵਾਲ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਨੇ ਲੰਘੇ ਦਿਨੀਂ ਪੁਣਛ ਵਿੱਚ ਅਤਿਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਜਵਾਨ ਹਰਕ੍ਰਿਸ਼ਨ ਸਿੰਘ ਦੇ ਘਰ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਮੁੱਖ ਮੰਤਰੀ ਨੇ ਇਸ ਮੌਕੇ ਸ਼ਹੀਦ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦੀ ਸਰਕਾਰੀ ਸਹਾਇਤਾ ਦਾ ਚੈੱਕ ਵੀ ਭੇਟ ਕੀਤਾ ਅਤੇ ਸ਼ਹੀਦ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਸਭ ਤੋਂ ਪਹਿਲਾਂ ਸ਼ਹੀਦ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟਾਈ।

# ਅੰਸਾਰੀ ਮਾਮਲਾ: ਰੋਪੜ ਜੇਲ੍ਹ 'ਚ ਹੋਈ 'ਟਹਿਲ ਸੇਵਾ' ਦੀ ਜਾਂਚ ਕਰੇਗੀ ਵਿਜੀਲੈਂਸ

ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਉੱਤਰ ਪ੍ਰਦੇਸ਼ ਦੇ ਗੈਂਗਸਟਰ ਮੁਖ਼ਤਾਰ ਅੰਸਾਰੀ ਦੀ ਰੋਪੜ ਜੇਲ੍ਹ 'ਚ ਹੋਈ ਪ੍ਰਾਹੁਣਚਾਰੀ ਦੀ ਵਿਜੀਲੈਂਸ ਜਾਂਚ ਕਰਾਉਣ ਵੱਲ ਕਦਮ ਵਧਾ ਲਏ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਤੋਂ ਇਸ ਫੈਸਲੇ ਬਾਰੇ ਹਰੀ ਝੰਡੀ ਦੀ ਉਡੀਕ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਅੰਸਾਰੀ ਮਾਮਲੇ ਦੀ ਪੜਤਾਲ ਵਿਜੀਲੈਂਸ ਤੋਂ ਕਰਾਉਣ ਦੀ ਸਿਫਾਰਸ਼ ਕਰ ਦਿੱਤੀ ਹੈ। ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਏਡੀਜੀਪੀ ਆਰ.ਐਨ. ਢੋਕੇ ਤੋਂ ਇਸ ਮਾਮਲੇ ਦੀ ਜਾਂਚ ਕਰਾਈ ਹੈ ਜਿਸ ਦੀ ਜਾਂਚ ਰਿਪੋਰਟ ਵਿੱਚ ਸਿਰਫ ਜੇਲ੍ਹ ਵਿਭਾਗ ਦੇ ਅਫਸਰਾਂ ਨੂੰ ਹੀ ਕਟਹਿਰੇ ਵਿੱਚ ਖੜ੍ਹਾ ਕੀਤਾ ਗਿਆ ਹੈ। ਢੋਕੇ ਦੀ ਰਿਪੋਰਟ ਵਿੱਚ ਸਿਆਸਤਦਾਨਾਂ ਨੂੰ ਪੂਰੀ ਤਰ੍ਹਾਂ ਕਲੀਨ ਚਿੱਟ ਦਿੱਤੀ ਗਈ ਅਤੇ ਜਾਂਚ ਰਿਪੋਰਟ ਵਿੱਚ ਕਈ ਆਪਾ-ਵਿਰੋਧੀ ਤੱਥ ਵੀ ਪਾਏ ਗਏ ਹਨ। ਇੱਕ ਬੰਨ੍ਹੇ ਰਿਪੋਰਟ ਵਿੱਚ ਜਿਥੇ ਉਹ ਜੇਲ੍ਹ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਦੀ ਗੱਲ ਕਰਦੇ ਹਨ, ਉੱਥੇ ਨਾਲ ਹੀ ਉਹ ਅਫਸਰਾਂ ਵੱਲੋਂ ਸਭ ਫੈਸਲੇ ਕਾਨੂੰਨ ਮੁਤਾਬਿਕ ਲਏ ਜਾਣ ਦੀ ਗੱਲ ਵੀ ਆਖਦੇ ਹਨ।



ਗ੍ਰਹਿ ਵਿਭਾਗ ਨੇ ਢੋਕੇ ਰਿਪੋਰਟ ਦਾ ਮੁਲਾਂਕਣ ਕਰਨ ਮਗਰੋਂ ਅੰਸਾਰੀ ਮਾਮਲਾ ਵਿਜੀਲੈਂਸ ਬਿਊਰੋ ਨੂੰ ਭੇਜਣ ਦੀ ਸਿਫਾਰਸ਼ ਕੀਤੀ ਹੈ। ਇਹ ਸਿਫਾਰਸ਼ ਰਿਪੋਰਟ ਹੁਣ ਮੁੱਖ ਸਕੱਤਰ ਕੋਲ ਭੇਜੀ ਗਈ ਹੈ ਜਿਨ੍ਹਾਂ ਵੱਲੋਂ ਅੱਗੇ ਫਾਈਲ ਮੁੱਖ ਮੰਤਰੀ ਦਫਤਰ ਭੇਜੀ ਜਾਣੀ ਹੈ। ਸੂਤਰ ਦੱਸਦੇ ਹਨ ਕਿ ਮੁੱਖ ਸਕੱਤਰ ਵੀ.ਕੇ. ਜੰਜੂਆ ਅੰਸਾਰੀ ਮਾਮਲੇ ਦੀ ਜਾਂਚ ਵਿਜੀਲੈਂਸ ਤੋਂ ਕਰਾਉਣ ਲਈ ਸਹਿਮਤ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਇਸ ਗੱਲ ਦੇ ਇੱਛੁਕ ਜਾਪਦੇ ਹਨ ਕਿ ਮੁਖਤਾਰ ਅੰਸਾਰੀ ਮਾਮਲੇ ਵਿੱਚ ਉਨ੍ਹਾਂ ਸਿਆਸਤਦਾਨਾਂ ਤੋਂ 55 ਲੱਖ ਰੁਪਏ ਦੀ ਵਸੂਲੀ ਕੀਤੀ ਜਾਵੇ ਜਿਨ੍ਹਾਂ ਨੇ ਅੰਸਾਰੀ ਦੀ ਰੋਪੜ ਜੇਲ੍ਹ ਵਿੱਚ ਮੌਜੂਦਗੀ ਕਾਇਮ ਰੱਖਣ ਲਈ ਸੁਪਰੀਮ ਕੋਰਟ ਤੱਕ ਲੜਾਈ ਲੜੀ ਸੀ।

# ਨਹੀਂ ਰਹੇ ਉੱਘੇ ਸਿਆਸਤਦਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ

## ਸਾਬਕਾ ਮੁੱਖ ਮੰਤਰੀ ਨੇ ਫੋਰਟਿਸ ਹਸਪਤਾਲ 'ਚ ਲਏ ਆਖ਼ਰੀ ਸਾਹ; ਪਿਛਲੇ ਇਕ ਹਫ਼ਤੇ ਤੋਂ ਸਨ ਜ਼ੇਰੇ ਇਲਾਜ

## ਵੱਖ-ਵੱਖ ਧਾਰਮਿਕ ਅਤੇ ਸਿਆਸੀ ਆਗੂਆਂ ਵਲੋਂ ਦੁੱਖ ਦਾ ਪ੍ਰਗਟਾਵਾ



8 ਦਸੰਬਰ 1927 - 25 ਅਪਰੈਲ 2023

ਚੰਡੀਗੜ੍ਹ :ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋ ਗਿਆ। ਉਹ 95 ਸਾਲ ਦੇ ਸਨ ਅਤੇ ਮੰਗਲਵਾਰ ਦੇਰ ਸ਼ਾਮ ਨੂੰ ਉਨ੍ਹਾਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਆਖ਼ਰੀ ਸਾਹ ਲਏ। ਉਹ ਪਿਛਲੇ ਬੁੱਧਵਾਰ ਤੋਂ ਹਸਪਤਾਲ ਦੇ ਮੈਡੀਕਲ ਆਈਸੀਯੂ ਵਿੱਚ ਦਾਖ਼ਲ ਸਨ। ਉਹ ਦਿਲ ਦੇ ਰੋਗ ਤੋਂ ਪੀੜਤ ਸਨ ਅਤੇ ਕੁਝ ਦਿਨਾਂ ਤੋਂ ਉਨ੍ਹਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਹੋ ਰਹੀ ਸੀ। ਅੰਤਿਮ ਸਮੇਂ ਵੱਡੇ ਬਾਦਲ ਕੋਲ ਉਨ੍ਹਾਂ ਦੀ ਨੂੰਹ ਤੇ ਸਾਬਕਾ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਮੌਜੂਦ ਸਨ। ਇਸ ਦੌਰਾਨ ਪੰਜਾਬ ਸਰਕਾਰ ਨੇ ਭਲਕੇ ਇਕ ਦਿਨਾ ਛੁੱਟੀ ਜਦੋਂ ਕਿ ਕੇਂਦਰ ਸਰਕਾਰ ਨੇ ਦੋ ਰੋਜ਼ਾ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ। ਸਰਕਾਰੀ ਇਮਾਰਤਾਂ 'ਤੇ ਕੌਮੀ ਝੰਡੇ ਅੱਧੇ ਝੁਕੇ ਰਹਿਣਗੇ।

ਬੀਬੀ ਬਾਦਲ ਅੱਜ ਦਿਨ ਭਰ ਹਸਪਤਾਲ ਵਿੱਚ ਵੱਡੇ ਬਾਦਲ ਕੋਲ ਹੀ ਰਹੇ ਅਤੇ ਡਾਕਟਰਾਂ ਤੋਂ ਪਲ-ਪਲ ਦੀ ਖ਼ਬਰ ਲੈਂਦੇ ਰਹੇ। ਬੀਤੇ ਦਿਨ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਦੇਰ ਰਾਤ ਤੱਕ ਹਸਪਤਾਲ ਵਿੱਚ ਮੌਜੂਦ ਰਹੇ। ਉਨ੍ਹਾਂ ਡਾਕਟਰਾਂ ਨਾਲ ਗੱਲ ਕਰਕੇ ਵੱਡੇ ਬਾਦਲ ਦੀ ਸਿਹਤ ਅਤੇ ਇਲਾਜ ਪ੍ਰਕਿਰਿਆ ਬਾਰੇ ਤਫ਼ਸੀਲ ਵਿੱਚ ਸਾਰੀ ਜਾਣਕਾਰੀ ਹਾਸਲ ਕੀਤੀ ਅਤੇ ਸਮਰੀ ਰਿਪੋਰਟ ਵੀ ਚੈੱਕ ਕੀਤੀ ਸੀ। ਅੱਜ ਦਿਨ ਵਿੱਚ ਹੀ ਸ੍ਰੀ ਬਾਦਲ ਦੀ ਹਾਲਤ ਪਹਿਲਾਂ ਨਾਲੋਂ ਕੁੱਝ ਬਿਹਤਰ ਦੱਸੀ ਜਾ ਰਹੀ ਸੀ ਪਰ ਦੇਰ ਸ਼ਾਮ ਉਨ੍ਹਾਂ ਦਾ ਦੇਹਾਂਤ ਹੋ ਗਿਆ। ਜਾਣਕਾਰੀ ਅਨੁਸਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਬਾਦਲ ਪਰਿਵਾਰ ਵੱਲੋਂ ਪਿਛਲੇ ਐਤਵਾਰ ਉਨ੍ਹਾਂ ਨੂੰ ਇਲਾਜ ਲਈ ਫੋਰਟਿਸ ਹਸਪਤਾਲ ਵਿੱਚ ਲਿਆਂਦਾ ਗਿਆ ਸੀ। ਡਾਕਟਰਾਂ ਨੇ ਮੁੱਢਲੀ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਪ੍ਰਾਈਵੇਟ ਵਾਰਡ ਵਿੱਚ ਦਾਖ਼ਲ ਕਰ ਲਿਆ ਸੀ। ਇਲਾਜ ਦੌਰਾਨ ਬੀਤੇ ਬੁੱਧਵਾਰ ਅਚਾਨਕ ਉਨ੍ਹਾਂ ਦੀ ਤਬੀਅਤ ਵਿਗੜ ਗਈ ਅਤੇ ਉਨ੍ਹਾਂ ਨੂੰ ਪ੍ਰਾਈਵੇਟ ਵਾਰਡ 'ਚੋਂ ਤੁਰੰਤ ਮੈਡੀਕਲ ਆਈਸੀਯੂ ਵਾਰਡ ਵਿੱਚ ਸ਼ਿਫ਼ਟ ਕੀਤਾ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਦੀ ਸਿਹਤ ਵਿੱਚ ਉਤਰਾਅ ਚੜ੍ਹਾਅ ਆਉਂਦੇ ਰਹੇ।

ਹਾਲਾਂਕਿ ਬੀਤੇ ਦਿਨੀਂ ਵੱਡੇ ਬਾਦਲ ਦੀ ਸਿਹਤ ਵਿੱਚ ਸੁਧਾਰ ਆਉਣ ਅਤੇ ਐਤਵਾਰ ਨੂੰ ਉਨ੍ਹਾਂ (ਬਾਦਲ) ਨੂੰ ਆਈਸੀਯੂ 'ਚੋਂ ਦੁਬਾਰਾ ਪ੍ਰਾਈਵੇਟ ਵਾਰਡ ਵਿੱਚ ਸ਼ਿਫ਼ਟ ਕੀਤੇ ਜਾਣ ਦੀ ਗੱਲ ਕਹੀ ਜਾ ਰਹੀ ਸੀ ਅਤੇ ਇਹ ਦਾਅਵਾ ਕੀਤਾ ਜਾ ਰਿਹਾ ਸੀ ਕਿ ਅਗਲੇ ਇੱਕ ਦੋ ਦਿਨਾਂ ਵਿੱਚ ਉਨ੍ਹਾਂ ਨੂੰ ਹਸਪਤਾਲ 'ਚੋਂ ਛੁੱਟੀ ਮਿਲ ਸਕਦੀ ਹੈ, ਪ੍ਰੰਤੂ ਅੱਜ ਉਹ ਬਿਮਾਰੀ ਨਾਲ ਲੜਦਿਆਂ ਆਪਣੀ ਜ਼ਿੰਦਗੀ ਦੀ ਜੰਗ ਹਾਰ ਗਏ। ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਵਿਸ਼ਵ ਭਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਨੈਸ਼ਨਲ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਸ਼ੋਕ ਸੁਨੇਹੇ ਆਉਣੇ ਸ਼ੁਰੂ ਹੋ ਗਏ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੀ ਵੱਡੇ ਬਾਦਲ ਸਖ਼ਤ ਬਿਮਾਰ ਹੋ ਗਏ ਸਨ। ਜਨਵਰੀ ਮਹੀਨੇ ਉਹ ਰੁਟੀਨ ਚੈੱਕਅਪ ਲਈ ਲੁਧਿਆਣਾ ਦੇ ਨਿੱਜੀ ਹਸਪਤਾਲ ਵਿੱਚ ਗਏ ਸਨ, ਜਿੱਥੇ ਉਨ੍ਹਾਂ ਦੀ ਕੋਵਿਡ ਟੈਸਟ ਰਿਪੋਰਟ ਪਾਜ਼ੇਟਿਵ ਆਉਣ ਤੋਂ ਬਾਅਦ ਉਨ੍ਹਾਂ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਅਤੇ ਪੀਜੀਆਈ ਹਸਪਤਾਲ ਚੰਡੀਗੜ੍ਹ ਵਿੱਚ ਦਾਖ਼ਲ ਰਹਿਣਾ ਪਿਆ ਸੀ। ਹਾਲਾਂਕਿ ਬਿਹਤਰ ਇਲਾਜ ਤੋਂ ਬਾਅਦ ਉਹ ਇਸ ਬਿਮਾਰੀ ਤੋਂ ਉੱਭਰ ਗਏ ਸਨ ਅਤੇ ਪਾਰਟੀ ਦੀ ਮਜ਼ਬੂਤੀ ਲਈ ਮੁੜ ਵਰਕਰਾਂ ਨੂੰ ਮਿਲਣਾ ਅਤੇ ਲੋਕਾਂ ਵਿੱਚ ਵਿਚਰਨਾ ਸ਼ੁਰੂ ਕਰ ਦਿੱਤਾ ਸੀ। ਕਰੀਬ ਸਵਾ ਸਾਲ ਬਾਅਦ ਹੁਣ ਅਚਾਨਕ ਉਨ੍ਹਾਂ ਦੀ ਸਿਹਤ ਖ਼ਰਾਬ ਹੋ ਗਈ, ਜਿਸ ਕਾਰਨ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਦੇਸ਼ ਦੇ ਕਈ ਹੋਰਾਂ ਸੂਬਿਆਂ ਦੇ ਮੁੱਖ ਮੰਤਰੀਆਂ, ਸਿਆਸੀ ਆਗੂਆਂ ਤੇ ਰਾਜਪਾਲਾਂ ਨੇ ਵੀ ਸ੍ਰੀ ਬਾਦਲ ਦੇ ਦੇਹਾਂਤ ਉਤੇ ਅਫ਼ਸੋਸ ਜ਼ਾਹਿਰ ਕੀਤਾ ਹੈ। ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਵੇਈਂ ਨਾਲ ਬਾਦਲ ਦਾ ਦਿਲੋਂ ਲਗਾਅ ਸੀ। ਮੁੱਖ ਮੰਤਰੀ ਰਹਿੰਦਿਆਂ ਉਨ੍ਹਾਂ ਨੇ ਵੇਈਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕਈ ਠੋਸ ਕਦਮ ਚੁੱਕੇ। ਉਨ੍ਹਾਂ ਦੇ ਦੇਹਾਂਤ ਕਾਰਨ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਬਾਦਲ ਦੇ ਦੇਹਾਂਤ 'ਤੇ ਦੁਖ਼ ਜ਼ਾਹਿਰ ਕੀਤਾ ਹੈ। ਮਾਨ ਨੇ ਇਕ ਟਵੀਟ ਵਿੱਚ ਕਿਹਾ, "ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਦੀ ਦੁਖਦਾਈ ਖ਼ਬਰ ਮਿਲੀ...ਵਾਹਿਗੁਰੂ ਵਿਛੜੀ ਰੂਹ ਨੂੰ ਚਰਨਾਂ 'ਚ ਥਾਂ ਬਖ਼ਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ...ਵਾਹਿਗੁਰੂ ਵਾਹਿਗੁਰੂ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਸਾਬਕਾ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਦੇਰ ਰਾਤ ਮੁਹਾਲੀ ਦੇ ਫੋਰਟਿਸ ਹਸਪਤਾਲ ਪਹੁੰਚੇ ਅਤੇ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਅਤੇ ਬੀਬੀ ਹਰਸਿਮਰਤ ਕੌਰ ਬਾਦਲ ਨਾਲ ਦੁੱਖ ਸਾਂਝਾ ਕੀਤਾ। ਖੱਟਰ ਨੇ ਕਿਹਾ ਕਿ ਵੱਡੇ ਬਾਦਲ ਦੀ ਮੌਤ ਨਾਲ ਇਕ ਸਿਆਸੀ ਯੁੱਗ ਦਾ ਅੰਤ ਹੋ ਗਿਆ ਹੈ। ਉਹ ਕਿਸਾਨ ਹਿਤੈਸ਼ੀ ਆਗੂ ਸਨ। ਇਸੇ ਤਰ੍ਹਾਂ ਬਿਕਰਮ ਮਜੀਠੀਆ ਨੇ ਕਿਹਾ ਕਿ ਵੱਡੇ ਬਾਦਲ ਦੇ ਤੁਰ ਜਾਣ ਨਾਲ ਪੰਜਾਬ ਨੂੰ ਹੀ ਨਹੀਂ ਬਲਕਿ ਦੇਸ਼ ਨੂੰ ਵੱਡਾ ਘਾਟਾ ਪਿਆ ਹੈ।

**ਪੰਜ ਵਾਰ ਬਣੇ ਪੰਜਾਬ ਦੇ ਮੁੱਖ ਮੰਤਰੀ**

ਅੱਠ ਦਸੰਬਰ 1927 ਨੂੰ ਜਨਮੇ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਸੰਨ 1947 ਵਿਚ ਰਾਜਨੀਤੀ ਵਿਚ ਪੈਰ ਧਰਨ ਵਾਲੇ ਪ੍ਰਕਾਸ਼ ਬਾਦਲ ਪਹਿਲੀ ਵਾਰ 1970-71 ਤੱਕ, ਦੂਜੀ ਵਾਰ 1977-80 ਤੱਕ, ਤੀਜੀ ਵਾਰ 1997-2002 ਤੱਕ ਅਤੇ ਬਾਅਦ ਵਿਚ ਲਗਾਤਾਰ ਦਸ ਸਾਲ 2007-2017 ਤੱਕ ਸੂਬੇ ਦੇ ਮੁੱਖ ਮੰਤਰੀ ਬਣੇ।

**ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤਾ ਸੀ ਸਿਆਸੀ**

**ਸਫ਼ਰ-** ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਬਾਦਲ ਦੀ ਸਰਪੰਚੀ ਤੋਂ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ। ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਵੱਡੇ ਬਾਦਲ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ। ਉਹ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਰਹੇ ਪ੍ਰੰਤੂ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਸੀ। ਉਹ ਲੋਕਾਂ ਵਿੱਚ ਕਾਫ਼ੀ ਹਰਮਨ ਪਿਆਰੇ ਆਗੂ ਵਜੋਂ ਜਾਣੇ ਜਾਂਦੇ ਸਨ। ਅਕਾਲੀ ਦਲ ਦੀ ਸਰਕਾਰ ਦੌਰਾਨ ਉਨ੍ਹਾਂ ਨੇ ਸੰਗਤ ਦਰਸ਼ਨ ਪ੍ਰੋਗਰਾਮ ਉਲੀਕ ਕੇ ਨਵੀਂ ਪਿਰਤ ਪਾਈ ਸੀ। ਉਹ ਬਹੁਤ ਅਪਣੱਤ ਨਾਲ ਆਪਣੇ ਵਰਕਰਾਂ ਨੂੰ ਮਿਲਦੇ ਸਨ ਅਤੇ ਮੁੱਖ ਮੰਤਰੀ ਹੁੰਦਿਆਂ ਵੀ ਉਹ ਕਦੇ ਕਿਸੇ ਅਧਿਕਾਰੀ ਜਾਂ ਪਾਰਟੀ ਆਗੂ ਤੇ ਵਰਕਰ ਨੂੰ ਉੱਚੀ ਆਵਾਜ਼ ਵਿੱਚ ਨਹੀਂ ਬੋਲੇ। ਕਾਂਗਰਸ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਭਾਰਤ ਦੀ ਸਿਆਸਤ ਵਿੱਚ ਇਕ ਦੌਰ ਦਾ ਅੰਤ ਹੋ ਗਿਆ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਟਵੀਟ ਕੀਤਾ, 'ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਦੀ ਖਬਰ ਬੇਹੱਦ ਦੁਖਦਾਈ ਹੈ। ਮੈਂ ਸੁਖਬੀਰ ਸਿੰਘ ਬਾਦਲ ਸਣੇ ਸਾਰੇ ਪਰਿਵਾਰ ਤੇ ਸਮਰਥਕਾਂ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ।' ਇਸੇ ਦੌਰਾਨ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।

# ਪ੍ਰਕਾਸ਼ ਸਿੰਘ ਬਾਦਲ ਦੇ ਅੰਤਿਮ ਦਰਸ਼ਨ, ਭਾਵੁਕ ਹੋਏ ਸੁਖਬੀਰ ਤੇ ਮਨਪ੍ਰੀਤ ਬਾਦਲ



ਚੰਡੀਗੜ੍ਹ : ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਕਹੇ ਜਾਣ ਵਾਲੇ ਅਤੇ ਪੰਥਕ ਸਿਅਸਤ ਦਾ ਧੁਰਾ ਮੰਨੇ ਗਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਮੰਗਲਵਾਰ ਨੂੰ ਦਿਹਾਂਤ ਹੋ ਗਿਆ। ਉਹ ਪਿਛਲੇ ਇਕ ਹਫਤੇ ਤੋਂ ਫੋਰਟਿਸ ਹਸਪਤਾਲ 'ਚ ਸਾਹ ਦੀ ਤਕਲੀਫ ਕਰਕੇ ਦਾਖਲ ਸਨ। 95 ਸਾਲਾ ਬਜ਼ੁਰਗ ਸਿਆਸਤਦਾਨ ਨੇ ਮੰਗਲਵਾਰ ਰਾਤ 8.28 ਮਿੰਟ 'ਤੇ ਆਖਰੀ ਸਾਹ ਲਿਆ। ਜਦੋਂ ਸ. ਬਾਦਲ ਨੇ ਆਖਰੀ ਸਾਹ ਲਿਆ ਤਾਂ ਉਸ ਸਮੇਂ ਉਨ੍ਹਾਂ ਕੋਲ ਉਨ੍ਹਾਂ ਦੇ ਸਪੁੱਤਰ ਅਤੇ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਨੂੰਹ ਹਰਸਿਮਰਤ ਕੌਰ ਬਾਦਲ, ਪੋਤਰਾ ਤੇ ਪੋਤਰੀਆਂ ਮੌਜੂਦ ਸਨ। ਬਾਦਲ ਸਾਹਿਬ ਦੇ ਦਿਹਾਂਤ ਨਾਲ ਇਕ ਯੁੱਗ ਦਾ ਅੰਤ ਹੋ ਗਿਆ। ਜਿਓਂ ਹੀ ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਨਸ਼ਰ ਹੋਈ ਤਾਂ ਸਮੁੱਚੀ ਅਕਾਲੀ ਲੀਡਰਸ਼ਿਪ ਤੁਰੰਤ ਚੰਡੀਗੜ੍ਹ ਪਹੁੰਚ ਗਈ।

ਭਾਵੁਕ ਹੋਏ ਸੁਖਬੀਰ ਤੇ ਮਨਪ੍ਰੀਤ ਬਾਦਲ

ਬੁੱਧਵਾਰ ਨੂੰ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਮ੍ਰਿਤਕ ਦੇਹ ਅੰਤਿਮ ਦਰਸ਼ਨਾਂ ਲਈ ਫੋਰਟਿਸ ਹਸਪਤਾਲ ਤੋਂ ਲਿਆਂਦੀ ਜਾ ਰਹੀ ਸੀ ਤਾਂ ਇਸ ਦੌਰਾਨ ਸੁਖਬੀਰ ਸਿੰਘ ਬਾਦਲ ਅਤੇ ਮਨਪ੍ਰੀਤ ਸਿੰਘ ਬਾਦਲ ਭਾਵੁਕ ਹੋ ਗਏ। ਇਸ ਮੌਕੇ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਵੀ ਮੌਜੂਦ ਰਹੀ। ਸਾਬਕਾ ਮੁੱਖ ਮੰਤਰੀ ਸ. ਬਾਦਲ ਦੀ ਪੰਜ ਭੂਤਕ ਦੇਹ ਨੂੰ ਸ਼ ?ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਸੈਕਟਰ 28, ਚੰਡੀਗੜ੍ਹ ਵਿਖੇ ਸਮੂਹ ਸੰਗਤਾਂ ਦੇ ਦਰਸ਼ਨ ਲਈ ਰੱਖਿਆ ਜਾਵੇਗਾ। ਇਸ ਉਪਰੰਤ 12 ਵਜੇ ਕਾਫਲੇ ਦੇ ਰੂਪ 'ਚ ਪਿੰਡ ਬਾਦਲ ਲਈ ਅੰਤਿਮ ਯਾਤਰਾ ਰਵਾਨਾ ਹੋਵੇਗੀ, ਜਿਹੜੀ ਪਟਿਆਲਾ, ਸੰਗਰੂਰ, ਬਰਨਾਲਾ ਅਤੇ ਬਠਿੰਡਾ ਹੁੰਦੀ ਹੋਈ ਬਾਦਲ ਪਿੰਡ ਪਹੁੰਚੇਗੀ। ਸ. ਬਾਦਲ ਦਾ ਅੰਤਿਮ ਸੰਸਕਾਰ 27 ਅਪ੍ਰੈਲ ਨੂੰ ਬਾਅਦ ਦੁਪਹਿਰ 1 ਵਜੇ ਬਾਦਲ ਪਿੰਡ 'ਚ ਕੀਤਾ ਜਾਵੇਗਾ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ 2019 ਦੀਆਂ ਲੋਕ ਸਭਾ ਚੋਣਾਂ ਲਈ ਵਾਰਾਨਸੀ ਦੇ ਕੁਲੈਕਟਰ ਦਫਤਰ ਵਿੱਚ ਨਾਮਜ਼ਦਗੀ ਭਰਨ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਾਉਂਦੇ ਹੋਏ।



ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਪ੍ਰਕਾਸ਼ ਸਿੰਘ ਬਾਦਲ।



ਪ੍ਰਕਾਸ਼ ਸਿੰਘ ਬਾਦਲ 15 ਅਪਰੈਲ 2013 ’ਚ ਨਵੀਂ ਦਿੱਲੀ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲਦੇ ਹੋਏ।

# ਪ੍ਰਧਾਨ ਮੰਤਰੀ ਮੋਦੀ ਨੇ ਚੰਡੀਗੜ੍ਹ ’ਚ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਦਿੱਤੀ

ਚੰਡੀਗੜ੍ਹ : ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਕਹੇ ਜਾਣ ਵਾਲੇ ਅਤੇ ਪੰਥਕ ਸਿਅਸਤ ਦਾ ਧੁਰਾ ਮੰਨੇ ਗਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਮੰਗਲਵਾਰ ਨੂੰ ਦਿਹਾਂਤ ਹੋ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਚੰਡੀਗੜ੍ਹ ਸਥਿਤ ਦਫਤਰ ਵਿਚ ਰਖਿਆ ਗਿਆ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਦੇਣ ਲਈ ਦੇਸ਼ ਦੇ ਪ੍ਰਧਾਨ ਨਰਿੰਦਰ ਮੋਦੀ ਚੰਡੀਗੜ੍ਹ ਪਹੁੰਚੇ ਅਤੇ ਸਾਬਕਾ ਮੁੱਖ ਮੰਤਰੀ ਦੀ ਮ੍ਰਿਤਕ ਦੇਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਦੌਰਾਨ ਪ੍ਰਧਾਨ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਵੀ ਗਏ ਅਤੇ ਇਸ ਦੁੱਖ ਦੀ ਘੜੀ ਵਿਚ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕੀਤੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੰਗਲਵਾਰ ਨੂੰ ਹੋਏ ਦਿਹਾਂਤ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਟਵੀਟ ਕਰਕੇ ਦੁੱਖ ਪ੍ਰਗਟਾਇਆ ਸੀ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਲਈ ਇਹ ਨਿੱਜੀ ਘਾਟਾ ਹੈ। ਪ੍ਰਧਾਨ ਮੰਤਰੀ ਨੇ ਲਿਖਿਆ ਕਿ ਮੈਂ ਉਨ੍ਹਾਂ ਨਾਲ ਕਈ ਵਾਰ



ਗੱਲਬਾਤ ਕੀਤੀ ਤੇ ਬਹੁਤ ਕੁੱਝ ਸਿੱਖਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਸਾਹਬ ਦੀ ਗੱਲਬਾਤ ਤੋਂ ਸਿਆਣਪ ਸਾਫ਼ ਦਿਖਾਈ ਦਿੰਦੀ ਸੀ। ਪ੍ਰਕਾਸ਼ ਸਿੰਘ ਬਾਦਲ ਨੂੰ ਭਾਰਤੀ ਰਾਜਨੀਤੀ ਦੀ ਵਿਸ਼ਾਲ ਸ਼ਖਸੀਅਤ ਦੱਸਦਿਆਂ ਪੀ.ਐੱਮ. ਮੋਦੀ ਨੇ ਕਿਹਾ ਕਿ ਉਨ੍ਹਾਂ ਨੇ ਨਾਜ਼ੁਕ ਸਮਿਆਂ ਵਿਚ ਸੂਬੇ ਦੀ ਅਗਵਾਈ ਕੀਤੀ। ਉਹ ਇਕ ਕਮਾਲ ਦੇ ਰਾਜਨੇਤਾ ਸਨ ਜਿਨ੍ਹਾਂ ਨੇ ਸਾਡੇ ਦੇਸ਼ ਲਈ ਬਹੁਤ ਯੋਗਦਾਨ ਪਾਇਆ। ਉਨ੍ਹਾਂ ਨੇ ਪੰਜਾਬ ਦੀ ਤਰੱਕੀ ਲਈ ਅਣਥੱਕ ਮਿਹਨਤ ਕੀਤੀ ਅਤੇ ਨਾਜ਼ੁਕ ਸਮਿਆਂ ਵਿਚ ਰਾਜ ਦੀ ਅਗਵਾਈ ਕੀਤੀ। ਪ੍ਰਕਾਸ਼ ਸਿੰਘ ਬਾਦਲ ਦਾ ਦਿਹਾਂਤ ਮੇਰੇ ਲਈ ਨਿੱਜੀ ਘਾਟਾ ਹੈ। ਮੈਂ ਕਈ ਦਹਾਕਿਆਂ ਤੋਂ ਉਨ੍ਹਾਂ ਨਾਲ ਨੇੜਿਓਂ ਗੱਲਬਾਤ ਕੀਤੀ ਹੈ ਅਤੇ ਬਹੁਤ ਕੁਝ ਸਿੱਖਿਆ ਹੈ।

# ਪਤਨੀ ਦੇ ਦਿਹਾਂਤ ਮਗਰੋਂ ਪ੍ਰਕਾਸ਼ ਸਿੰਘ ਬਾਦਲ ਨੇ ਕੈਂਸਰ ਖ਼ਿਲਾਫ਼ ਛੇੜੀ ਸੀ ਜੰਗ

ਜਲੰਧਰ/ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਬਾਬਾ ਬੋਹੜ ਕਹੇ ਜਾਣ ਵਾਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਮੰਗਲਵਾਰ ਰਾਤ ਨੂੰ ਦਿਹਾਂਤ ਹੋ ਗਿਆ। ਉਨ੍ਹਾਂ ਨੇ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਆਖ਼ਰੀ ਸਾਹ ਲਏ। ਉਨ੍ਹਾਂ ਦੇ ਦਿਹਾਂਤ ਨਾਲ ਪੰਜਾਬ ਦੀ ਸਿਆਸਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੋਇਆ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਿਆਸੀ ਕਰੀਅਰ ਦੌਰਾਨ ਜਿੱਥੇ ਲੋਕ ਭਲਾਈ ਦੇ ਕਈ ਕੰਮ ਕੀਤੇ, ਉਥੇ ਹੀ ਉਨ੍ਹਾਂ ਨੇ ਕੈਂਸਰ ਦੀ ਬੀਮਾਰੀ ਵਿਰੁੱਧ ਮੁਹਿੰਮ ਵੀ ਛੇੜੀ ਸੀ।





24 ਮਈ 2011 ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੀ ਪਤਨੀ ਸੁਰਿੰਦਰ ਕੌਰ ਬਾਦਲ ਦਾ ਕੈਂਸਰ ਦੀ ਬੀਮਾਰੀ ਨਾਲ ਲੰਬੀ ਲੜਾਈ ਲੜਨ ਮਗਰੋਂ ਪੀ. ਜੀ. ਆਈ. ਵਿਚ ਦਿਹਾਂਤ ਹੋ ਗਿਆ ਸੀ। ਉਦੋਂ ਸੁਰਿੰਦਰ ਕੌਰ 72 ਸਾਲਾ ਦੇ ਸਨ। ਸੁਰਿੰਦਰ ਕੌਰ ਗਲੇ ਦੇ ਕੈਂਸਰ ਨਾਲ ਪੀੜਤ ਸਨ। ਪਤਨੀ ਦੇ ਦਿਹਾਂਤ ਤੋਂ ਬਾਅਦ ਮੁੱਖ ਮੰਤਰੀ ਰਹਿੰਦੇ ਹੋਏ ਪ੍ਰਕਾਸ਼ ਸਿੰਘ ਬਾਦਲ ਨੇ ਕੈਂਸਰ ਵਿਰੁੱਧ ਮੁਹਿੰਮ ਛੇੜ ਦਿੱਤੀ ਸੀ।

ਘਰ-ਘਰ ਜਾ ਕੇ ਕੈਂਸਰ ਦੇ ਮਰੀਜ਼ਾਂ ਦਾ ਪਤਾ ਲਗਾਇਆ ਗਿਆ ਸੀ। ਇੰਨਾ ਹੀ ਨਹੀਂ ਸਰਕਾਰੀ ਹਸਪਤਾਲਾਂ ਵਿੱਚ ਕੈਂਸਰ ਦੇ ਇਲਾਜ ਵਿਚ ਤੇਜੀ ਪ੍ਰਕਾਸ਼ ਸਿੰਘ ਬਾਦਲ ਦੀ ਬਦੌਲਤ ਹੀ ਸੰਭਵ ਹੋ ਸਕੀ ਸੀ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਵੀ ਸ਼ੁਰੂ ਕੀਤਾ ਗਿਆ ਸੀ। ਜਿਸ ਵਿੱਚ ਕੈਂਸਰ ਪੀੜਤਾਂ ਦੀ ਫਾਈਲ ਪਾਸ ਹੋਣ ਤੋਂ ਬਾਅਦ ਉਨ੍ਹਾਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਂਦੀ ਸੀ ਤਾਂ ਜੋ ਪੀੜਤ ਮਰੀਜ਼ ਆਪਣਾ ਇਲਾਜ ਕਰਵਾ ਸਕਣ।

# ਜਦੋਂ ਦੇਸ਼ ਦੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਬਣੇ ਸਨ ਪ੍ਰਕਾਸ਼ ਸਿੰਘ ਬਾਦਲ

ਚੰਡੀਗੜ੍ਹ : ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਕਹੇ ਜਾਣ ਵਾਲੇ ਅਤੇ ਪੰਥਕ ਸਿਆਸਤ ਦਾ ਧੁਰਾ ਮੰਨੇ ਗਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਮੰਗਲਵਾਰ ਨੂੰ ਦਿਹਾਂਤ ਹੋ ਗਿਆ। ਉਹ ਪਿਛਲੇ ਇਕ ਹਫਤੇ ਤੋਂ ਫੋਰਟਿਸ ਹਸਪਤਾਲ ’ਚ ਸਾਹ ਦੀ ਤਕਲੀਫ ਕਰਕੇ ਦਾਖਲ ਸਨ। 95 ਸਾਲਾ ਬਜ਼ੁਰਗ ਸਿਆਸਤਦਾਨ ਨੇ ਮੰਗਲਵਾਰ ਰਾਤ 8.28 ਮਿੰਟ ’ਤੇ ਆਖਰੀ ਸਾਹ ਲਿਆ। ਜਦੋਂ ਸ. ਬਾਦਲ ਨੇ ਆਖਰੀ ਸਾਹ ਲਿਆ ਤਾਂ ਉਸ ਸਮੇਂ ਉਨ੍ਹਾਂ ਕੋਲ ਉਨ੍ਹਾਂ ਦੇ ਸਪੁੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਨੂੰਹ ਹਰਸਿਮਰਤ ਕੌਰ ਬਾਦਲ, ਪੋਤਰਾ ਤੇ ਪੋਤਰੀਆਂ ਮੌਜੂਦ ਸਨ। ਬਾਦਲ ਸਾਹਿਬ ਦੇ ਦਿਹਾਂਤ ਨਾਲ ਇਕ ਯੁੱਗ ਦਾ ਅੰਤ ਹੋ ਗਿਆ।

ਦਸੰਬਰ 1927 ਵਿਚ ਮਲੋਟ ਨੇੜਲੇ ਅਬੁਲ ਖੁਰਾਣਾ ਪਿੰਡ ਵਿਚ ਜਨਮੇ ਬਾਦਲ ਲਾਹੌਰ ਦੇ ਫੋਰਮੈਨ ਕ੍ਰਿਸਚੀਅਨ ਕਾਲਜ ਤੋਂ ਗ੍ਰੈਜੂਏਟ ਹੋਏ ਸਨ। ਉਨ੍ਹਾਂ ਦੇ ਰਾਜਨੀਤਕ ਸਫ਼ਰ ਵਿਚ ਪਹਿਲਾ ਸਿਆਸੀ ਅਹੁਦਾ ਪਿੰਡ ਬਾਦਲ ਦਾ ਸਰਪੰਚ ਬਣਨਾ ਸੀ। ਮਗਰੋਂ ਉਹ ਬਲਾਕ ਸੰਮਤੀ ਦੇ ਚੇਅਰਮੈਨ ਬਣੇ। ਸੰਨ 1957 ਵਿਚ ਉਨ੍ਹਾਂ



ਕਾਂਗਰਸ ਉਮੀਦਵਾਰ ਵਜੋਂ ਮਲੋਟ ਤੋਂ ਵਿਧਾਨ ਸਭਾ ਵਿਚ ਪੈਰ ਧਰਿਆ ਤੇ ਵਿਧਾਇਕ ਬਣੇ। ਇਸ ਤੋਂ ਬਾਅਦ 1969 ਵਿਚ ਉਹ ਅਕਾਲੀ ਦਲ ਦੀ ਟਿਕਟ ’ਤੇ ਗਿੱਦੜਬਾਹਾ ਤੋਂ ਵਿਧਾਇਕ ਬਣੇ। ਜਦ ਤਤਕਾਲੀ ਮੁੱਖ ਮੰਤਰੀ ਗੁਰਨਾਮ ਸਿੰਘ ਦਲ ਬਦਲੀ ਕਰ ਕੇ ਕਾਂਗਰਸ ਵਿਚ ਚਲੇ ਗਏ ਤਾਂ ਅਕਾਲੀ ਦਲ ਦਾ ਪੁਨਰਗਠਨ ਹੋਇਆ। ਇਸ ਦੌਰਾਨ 27 ਮਾਰਚ, 1970 ਨੂੰ ਪਾਰਟੀ ਨੇ ਬਾਦਲ ਨੂੰ ਆਪਣਾ ਆਗੂ ਚੁਣ ਲਿਆ। ਸ਼੍ਰੋਮਣੀ ਅਕਾਲੀ ਦਲ ਨੇ ਉਸ ਵੇਲੇ ਜਨ ਸੰਘ ਦੀ ਹਮਾਇਤ ਨਾਲ ਸੂਬੇ ਵਿਚ ਸਰਕਾਰ ਬਣਾਈ। ਉਸ ਵੇਲੇ ਬਾਦਲ ਦੇਸ਼ ਵਿਚ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਬਣੇ ਸਨ। ਹਾਲਾਂਕਿ ਉਹ ਸਰਕਾਰ ਇਕ ਸਾਲ ਤੋਂ ਕੁਝ ਸਮਾਂ ਵੱਧ ਹੀ ਚੱਲੀ।

# ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਦੇਹ ਚੰਡੀਗੜ੍ਹ ਦੇ ਪਾਰਟੀ ਦਫ਼ਤਰ ਤੋਂ ਉਨ੍ਹਾਂ ਦੇ ਜੱਦੀ ਪਿੰਡ ਬਾਦਲ ਲਈ ਰਵਾਨਾ ਕੀਤੀ ਗਈ।





# ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਦੇ ਚਲਾਣੇ 'ਤੇ ਐਡਵੋਕੇਟ ਧਾਮੀ ਨੇ ਕੀਤਾ ਦੁੱਖ ਪ੍ਰਗਟ

## ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸ਼ੋਕ ਸਭਾ ਦੌਰਾਨ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੀ ਸ਼ਰਧਾਂਜਲੀ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼ੋਕ ਸਭਾ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਬਾਅਦ ਦੁਪਹਿਰ ਬੰਦ ਕਰ ਦਿੱਤੇ ਗਏ, ਜੋ 27 ਅਪ੍ਰੈਲ ਨੂੰ ਵੀ ਬੰਦ ਰਹਿਣਗੇ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਸਮੂਹ ਮੁਲਾਜ਼ਮਾਂ ਵੱਲੋਂ ਕੀਤੀ ਸ਼ੋਕ ਸਭਾ ਦੌਰਾਨ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਮਗਰੋਂ ਅਰਦਾਸ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੀਆਂ ਪੰਥਕ ਸੇਵਾਵਾਂ ਨੂੰ ਯਾਦ ਕੀਤਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਸਿੱਖ ਸਿਆਸਤ ਦੇ ਉੱਘੇ ਆਗੂ ਸਨ, ਜਿਨ੍ਹਾਂ ਨੇ ਹਮੇਸ਼ਾ ਹੀ ਪੰਜਾਬ ਦੇ ਲੋਕਾਂ ਲਈ ਕਾਰਜ ਕੀਤੇ। ਸ਼ੋਕ ਸਭਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਤੋਂ ਇਲਾਵਾ ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਿਜੈ ਸਿੰਘ, ਸ. ਸਿਮਰਜੀਤ ਸਿੰਘ, ਮੀਤ ਸਕੱਤਰ ਸ. ਗੁਰਚਰਨ ਸਿੰਘ ਕੁਹਾਲਾ, ਸ. ਕੁਲਦੀਪ ਸਿੰਘ ਰੋਡੇ, ਸ. ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਸ. ਸ਼ਾਹਬਾਜ਼ ਸਿੰਘ, ਸ. ਪਰਮਜੀਤ ਸਿੰਘ, ਮੈਨੇਜਰ ਸ. ਸੁਖਰਾਜ ਸਿੰਘ, ਸੁਪਰਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਹਰਭਜਨ ਸਿੰਘ ਵਕਤਾ ਸਮੇਤ ਸਮੂਹ ਮੁਲਾਜ਼ਮ ਹਾਜ਼ਰ ਸਨ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਨੂੰ ਪੰਥਕ ਸਿਆਸਤ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਇਕ ਲੋਕ ਨਾਇਕ ਸਨ, ਜਿਨ੍ਹਾਂ ਨੇ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਭਾਈਚਾਰਕ ਸਾਂਝ ਲਈ ਵੱਡਾ ਯੋਗਦਾਨ ਪਾਇਆ। ਐਡਵੋਕੇਟ ਧਾਮੀ ਨੇ ਕਿਹਾ ਕਿ ਸ. ਬਾਦਲ ਨੇ ਪੰਥਕ ਸਿਆਸਤ ਨੂੰ ਦਿਲ ਤੋਂ ਲਿਆ ਅਤੇ ਕਈ ਮਿਸਾਲੀ ਕਾਰਜ ਕੀਤੇ। ਉਨ੍ਹਾਂ ਵੱਲੋਂ ਪੰਜਾਬ ਦੇ ਵਿਕਾਸ ਦੇ ਨਾਲ-ਨਾਲ ਸਿੱਖ ਧਰਮ ਇਤਿਹਾਸ ਨਾਲ ਸਬੰਧਤ ਯਾਦਗਾਰਾਂ ਕਾਇਮ ਕਰਕੇ ਲੋਕਾਂ ਅਤੇ ਖਾਸਕਰ ਨਵੀਂ ਪੀੜ੍ਹੀ ਨੂੰ ਵਿਰਾਸਤ ਨਾਲ ਜੋੜਨ ਲਈ ਕੀਤੇ ਨਿੱਗਰ ਉਪਰਾਲੇ ਵੱਡੇ ਮਹੱਤਵ ਵਾਲੇ ਹਨ। ਸ. ਬਾਦਲ ਵੱਲੋਂ ਕਈ ਦਹਾਕੇ ਰਾਜਨੀਤੀ ਵਿਚ ਬਣੇ ਰਹਿਣਾ ਅਤੇ ਅਕਾਲੀ ਸਿਆਸਤ ਨੂੰ ਭਰਪੂਰ ਅਗਵਾਈ ਦੇਣਾ ਉਨ੍ਹਾਂ ਦਾ ਹਾਸਲ ਆਖਿਆ ਜਾ ਸਕਦਾ ਹੈ।



# ਬਾਦਲ ਦੀ ਮ੍ਰਿਤਕ ਦੇਹ ਪਿੰਡ ਪੁੱਜਣ 'ਤੇ ਮਾਹੌਲ ਗ਼ਮਗੀਨ



ਲੰਬੀ : ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮ੍ਰਿਤਕ ਦੇਹ ਚੰਡੀਗੜ੍ਹ ਤੋਂ ਰਾਤ ਕਰੀਬ ਪੌਣੇ ਦਸ ਵਜੇ ਪਿੰਡ ਬਾਦਲ ਪੁੱਜੀ। ਇਸ ਮੌਕੇ ਪਿੰਡ ਬਾਦਲ ਦਾ ਹਰੇਕ ਵਿਅਕਤੀ ਆਪਣੇ ਮਹਿਬੂਬ ਆਗੂ ਦੀ ਅਖੀਰਲੀ ਆਮਦ ਮੌਕੇ ਸੇਜਲ ਅੱਖਾਂ ਨਾਲ ਪਿੰਡ ਦੀ ਮੁੱਖ ਸੜਕ 'ਤੇ ਪੁੱਜਿਆ ਹੋਇਆ ਸੀ। ਇਸ ਮੌਕੇ ਪਿੰਡ ਵਾਸੀਆਂ ਅਤੇ ਇਲਾਕੇ ਭਰ ਤੋਂ ਪੁੱਜੇ ਵਰਕਰਾਂ ਅਤੇ ਆਮ ਲੋਕਾਂ ਨੇ 'ਪ੍ਰਕਾਸ਼ ਸਿੰਘ ਬਾਦਲ ਅਮਰ ਰਹੇ' ਦੇ ਨਾਅਰੇ ਲਗਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਪਿੰਡ ਵਾਸੀ ਮ੍ਰਿਤਕ ਦੇਹ ਵਾਲੀ ਅੰਬੂਲੈਂਸ ਵਿਚ ਬੈਠੇ ਸੁਖਬੀਰ ਸਿੰਘ ਬਾਦਲ ਨਾਲ ਦੁੱਖ ਸਾਂਝਾ ਕਰਦੇ ਨਜ਼ਰ ਆਏ। ਘਰ ਦੀਆਂ ਬਰੂਹਾਂ 'ਤੇ ਦਾਖਲ ਹੋਣ ਸਮੇਂ ਪਿਤਾ ਦੀ ਮ੍ਰਿਤਕ ਦੇਹ ਨਾਲ ਪੁੱਜੇ ਸੁਖਬੀਰ ਬਾਦਲ ਬੇਹੱਦ ਮਾਯੂਸੀ ਵਿਚ ਸਨ। ਰਿਹਾਇਸ਼ ਅੰਦਰ ਉਨ੍ਹਾਂ ਸਪੁੱਤਰੀ ਬੀਬੀ ਪਰਨੀਤ ਕੌਰ ਵੀ ਵਿਰਲਾਪ ਕਰਦੇ ਵਿਖਾਈ ਦਿੱਤੇ। ਇਸ ਮੌਕੇ ਉਨ੍ਹਾਂ ਦੇ ਦਾਮਾਦ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਮਨਪ੍ਰੀਤ ਸਿੰਘ ਬਾਦਲ, ਬਿਕਰਮਜੀਤ ਮਜੀਠੀਆ, ਸਿੰਕਦਰ ਸਿੰਘ ਮਲੂਕਾ, ਅਰਜੁਨ ਸਿੰਘ ਬਾਦਲ, ਅੰਨਤਬੀਰ ਸਿੰਘ ਬਾਦਲ, ਤੇਜਿੰਦਰ ਸਿੰਘ ਮਿੱਡੂਖੇੜਾ, ਅਵਤਾਰ ਸਿੰਘ ਬਨਵਾਲਾ, ਸਾਬਕਾ ਵਿਧਾਇਕ ਰੋਜ਼ੀ ਬਰਕੰਦੀ, ਚਰਨਜੀਤ ਸਿੰਘ ਬਰਾੜ, ਬੰਟੀ ਰੋਮਾਣਾ, ਭਾਜਪਾ ਆਗੂ ਰਾਕੇਸ਼ ਧੀਗੜਾ ਅਤੇ ਵੱਡੀ ਗਿਣਤੀ ਵਿੱਚ ਹੋਰ ਲੋਕ ਮੌਜੂਦ ਸਨ।

# ਜ਼ਿੰਦਾਦਿਲ ਬਾਦਲ ਦੀਆਂ ਰੀਝਾਂ ਬਾਰੇ ਬੋਲਦਾ ਹੈ ਪਿੰਡ 'ਬਾਦਲ'

ਲੰਬੀ : ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਜ਼ਿੰਦਗੀ ਪ੍ਰਤੀ ਰੀਝ ਅਤੇ ਨੀਝ ਵਾਲੀ ਵਿਚਾਰਧਾਰਾ ਬਾਰੇ ਪਿੰਡ ਬਾਦਲ ਦਾ ਚੱਪਾ-ਚੱਪਾ ਬੋਲਦਾ ਹੈ। ਵੱਡੇ ਬਾਦਲ ਦੇ ਹੱਥੀਂ ਸੰਵਾਰਿਆ ਪਿੰਡ ਦਾ ਮਾਹੌਲ ਤੇ ਆਬੋ-ਹਵਾ ਲੜਕੀਆਂ ਦੀ ਵਿੱਦਿਆ, ਖੇਡਾਂ ਅਤੇ ਕਿੱਤਾਮੁਖੀ ਸਿੱਖਿਆ ਪੱਖੋਂ ਕੌਮੀ ਪੱਧਰ ਦੇ ਝਲਕਾਰੇ ਮਾਰਦਾ ਹੈ। ਉਨ੍ਹਾਂ ਬੜੀ ਲੰਮੇਰੀ ਸੋਚ ਦੇ ਨਾਲ ਕਰੀਬ 25 ਸਾਲ ਪਹਿਲਾਂ 1999 ਵਿੱਚ ਦਸਮੇਸ਼ ਗਰਲਜ਼ ਕਾਲਜ ਦੀ ਸਥਾਪਨਾ ਕੀਤੀ। ਇਸੇ ਅਦਾਰੇ 'ਚ 2005 ਵਿੱਚ ਲੜਕੀਆਂ ਨੂੰ ਅਧਿਆਪਕ ਕਿੱਤੇ ਨਾਲ ਜੋੜਨ ਲਈ ਦਸਮੇਸ਼ ਬੀਐੱਡ ਕਾਲਜ ਖੋਲ੍ਹਿਆ। ਕਥਨੀ ਅਤੇ ਕਰਨੀ ਦੇ ਧਨੀ ਪ੍ਰਕਾਸ਼ ਸਿੰਘ ਬਾਦਲ ਨੇ ਧੀਆਂ ਨੂੰ ਤਰੱਕੀ ਵੱਲ ਲਿਜਾਣ ਦੇ ਆਪਣੇ ਸੁਫ਼ਨੇ ਨੂੰ ਸਾਕਾਰ ਕਰਨ ਲਈ ਦਸਮੇਸ਼ ਵਿੱਦਿਅਕ ਅਦਾਰੇ 'ਚ ਐੱਨਆਈਐੱਸ ਪੈਟਰਨ 'ਤੇ ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ ਦੀ ਸ਼ੁਰੂਆਤ ਕੀਤੀ। ਇਸੇ ਤਹਿਤ ਪਿੰਡ ਬਾਦਲ 'ਚ ਕੌਮੀ ਪੱਧਰ ਦੀ ਨਿਸ਼ਾਨੇਬਾਜ਼ੀ ਰੇਂਜ ਅਤੇ ਹਾਕੀ ਦਾ ਕੌਮਾਂਤਰੀ ਪੱਧਰੀ ਐਸਟਰੋਟਰਫ਼ ਸਟੇਡੀਅਮ ਬਣਵਾਇਆ। ਪਿੰਡ ਬਾਦਲ 'ਚ ਕੇਂਦਰ ਸਰਕਾਰ ਦਾ ਖੇਡਾਂ ਦਾ ਸੈਂਟਰ ਵੀ ਖੋਲ੍ਹਿਆ। ਉਨ੍ਹਾਂ ਆਪਣੀ ਸਰਕਾਰ ਸਮੇਂ ਪਿੰਡ 'ਚ ਕੌਮਾਂਤਰੀ ਪੱਧਰ ਦਾ ਖੇਡ ਸਟੇਡੀਅਮ ਵੀ ਬਣਵਾਇਆ। ਪਿੰਡ ਬਾਦਲ 'ਚ ਸਟੇਟ ਇੰਸਟੀਚਿਊਟ ਆਫ਼ ਨਰਸਿੰਗ ਤੇ ਪੈਰਾ ਮੈਡੀਕਲ ਸਾਇੰਸਿਜ਼ ਵੀ ਉਨ੍ਹਾਂ ਦੀ ਦੇਣ ਹਨ। ਉਨ੍ਹਾਂ ਨੌਜਵਾਨਾਂ ਦੇ ਕਿੱਤਾਮੁਖੀ ਰੁਜ਼ਗਾਰ ਲਈ ਪਿੰਡ 'ਚ ਆਈਟੀਆਈ ਵੀ ਖੋਲ੍ਹੀ। ਦਸਮੇਸ਼ ਗਰਲਜ ਕਾਲਜ ਦੇ ਪ੍ਰਿੰਸੀਪਲ ਡਾ. ਐੱਸਐੱਸ ਸੰਘਾ ਨੇ ਦੱਸਿਆ ਕਿ ਵੱਡੇ ਬਾਦਲ ਦੇ ਦੇਹਾਂਤ ਨਾਲ ਦਸਮੇਸ਼ ਵਿੱਦਿਅਕ ਅਦਾਰਾ ਅਨਾਥ ਵਾਂਗ ਜਾਪ ਰਿਹਾ ਹੈ।

**ਚੌਧਰੀ ਦੇਵੀ ਲਾਲ ਨਾਲ ਨਿਭਾਈ ਗੂੜ੍ਹੀ ਦੋਸਤੀ**

ਪ੍ਰਕਾਸ਼ ਸਿੰਘ ਬਾਦਲ ਦੀ ਦਾਸਤਾਨ ਚੌਧਰੀ ਦੇਵੀ ਲਾਲ ਨਾਲ ਜੁੜੀ ਗੂੜ੍ਹੀ ਯਾਰੀ ਤੋਂ ਬਿਨਾਂ ਅਧੂਰੀ ਹੈ। ਚੌਧਰੀ ਸਾਬ੍ਹ ਦੀ ਮਿੱਤਰਤਾ ਦੇ ਨਿੱਘ ਨੂੰ ਚਿਰਸਥਾਈ ਬਣਾਉਣ ਲਈ ਸਾਲ 2000 ਵਿੱਚ ਉਨ੍ਹਾਂ ਨੇ ਮੰਡੀ ਕਿੱਲਿਆਂਵਾਲੀ 'ਚ ਚੌਧਰੀ ਦੇਵੀ ਲਾਲ ਯਾਦਗਾਰੀ ਸਮਾਰਕ ਬਣਵਾਇਆ। ਇਸ ਦਾ ਉਦਘਾਟਨ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕੀਤਾ। ਇਸੇ ਤਰ੍ਹਾਂ 18 ਨਵੰਬਰ 2005 ਵਿੱਚ ਚੌਧਰੀ ਦੇਵੀ ਲਾਲ ਟਰੱਸਟ ਦੇ ਤਹਿਤ ਬਿਰਧ ਆਸ਼ਰਮ ਖੋਲ੍ਹਿਆ, ਜਿੱਥੇ 9 ਬਜ਼ੁਰਗ ਅਤੇ 9 ਬੱਚੇ ਰਹਿੰਦੇ ਹਨ। ਬਿਰਧ ਆਸ਼ਰਮ ਦੇ ਮੈਨੇਜਰ ਸਹਿਜਪ੍ਰੀਤ ਸਿੰਘ ਨੇ ਦੱਸਿਆ ਇਹ ਬੇਸਹਾਰਾ ਲੋਕ ਪ੍ਰਕਾਸ਼ ਸਿੰਘ ਬਾਦਲ ਨੇ ਗੋਦ ਲਏ ਸਨ। ਇਨ੍ਹਾਂ ਵਿੱਚੋਂ ਇੱਕ ਲੜਕੀ ਬਠਿੰਡਾ 'ਚ ਹੋਟਲ ਮੈਨੇਜਮੈਂਟ, ਦੋ ਲੜਕੀਆਂ ਫੈਸ਼ਨ ਡਿਜ਼ਾਈਨਿੰਗ ਦਾ ਕੋਰਸ ਅਤੇ ਇੱਕ ਲੜਕੀ ਗਿੱਦੜਬਾਹਾ 'ਚ ਐੱਮਸੀਏ ਕਰ ਰਹੀ ਹੈ। ਦੱਸਣਯੋਗ ਹੈ ਕਿ ਵੱਡੇ ਬਾਦਲ ਨੇ ਬਿਰਧ ਆਸ਼ਰਮ 'ਚ ਆਪਣੇ ਅਤੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ ਲਈ ਇੱਕ-ਇੱਕ ਕਮਰਾ ਬਣਵਾਇਆ ਸੀ। ਹਾਲਾਂਕਿ ਉਹ ਕਦੇ ਰਹੇ ਨਹੀਂ ਪਰ ਉਹ ਅਕਸਰ ਬਿਰਧ ਆਸ਼ਰਮ ਦਾ ਗੇੜਾ ਲਗਾ ਕੇ ਬਜ਼ੁਰਗਾਂ ਅਤੇ ਬੱਚਿਆਂ ਨਾਲ ਸਮਾਂ ਬਿਤਾਉਂਦੇ ਸਨ।



ਦਸਮੇਸ਼ ਗਰਲਜ਼ ਕਾਲਜ 'ਚ ਓਲੰਪੀਅਨ ਅਵਨੀਤ ਕੌਰ ਸਿੱਧੂ ਅਤੇ ਓਲੰਅਪੀਅਨ ਸਿਮਰਨਜੀਤ ਕੌਰ ਦੇ ਨਾਲ ਪ੍ਰਕਾਸ਼ ਸਿੰਘ ਬਾਦਲ ਦੀ ਪੁਰਾਣੀ ਤਸਵੀਰ।



ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ, ਪੰਜਾਬ ਦੇ 5 ਵਾਰ ਮੁੱਖ ਮੰਤਰੀ ਰਹੇ ਸ੍. ਪ੍ਰਕਾਸ਼ ਸਿੰਘ ਬਾਦਲ ਦੇਸ਼ ਦੇ ਕੱਦਾਵਰ ਆਗੂਆਂ ਵਿਚੋਂ ਇਕ ਸਨ। ਆਪਣੇ ਮਿਸਾਲੀ ਕੈਰੀਅਰ ਦੌਰਾਨ ਭਾਵੇਂ ਉਹ ਬਹੁਤ ਸਮਾਂ ਪੰਜਾਬ ਤੱਕ ਸੀਮਤ ਰਹੇ, ਪਰ ਉਨ੍ਹਾਂ ਦਾ ਸਤਿਕਾਰ ਪੂਰੇ ਦੇਸ਼ ਵਿੱਚ ਸੀ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਕ ਖਲਾਅ ਪੈਦਾ ਹੋ ਗਿਆ ਹੈ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਤੇ ਚਾਹੁਣ ਵਾਲਿਆਂ ਨਾਲ ਹਨ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ



# ਗੁਰੂਆਂ, ਸ਼ਹੀਦਾਂ, ਸੂਰਬੀਰਾਂ ਦਾਨੀਆਂ ਦੀ ਧਰਤੀ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਦਿਹਾੜਾ ਸ਼ਰਧਾ ਸੇਵਾ ਤੇ ਪਿਆਰ ਨਾਲ ਮਨਾਇਆ









ਫਰੀਮਾਂਟ/ਕੈਲੀਫੋਰਨੀਆ, (ਸਾਡੇ ਲੋਕ) : ਗੁਰੂਆਂ, ਸ਼ਹੀਦਾਂ, ਸੂਰਬੀਰਾਂ ਦਾਨੀਆਂ ਦੀ ਧਰਤੀ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਦਿਹਾੜਾ ਸ਼ਰਧਾ ਸੇਵਾ ਤੇ ਪਿਆਰ ਨਾਲ ਮਨਾਇਆ ਗਿਆ ਜਿਸ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਭਰੀ ਹਾਜ਼ਰੀ। ਬੜਾ ਪਿੰਡ ਅਰਥਾਤ ਇੱਕ ਵੱਡਾ ਪਿੰਡ ਜੋ ਕਿ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਦਾ ਪਿੰਡ ਹੈ, ਦੀ ਸਮੂਹ ਸੰਗਤ ਵਲੋਂ ਮਨੁੱਖਤਾ ਦੇ ਭਲੇ, ਸੁੱਖ ਸ਼ਾਂਤੀ, ਪਰਿਵਾਰਾਂ ਦੀਆਂ ਚੜ੍ਹਦੀਕਲਾ ਅਤੇ ਖੁਸ਼ੀਆਂ ਖੇੜੇ ਤੇ ਪਰਿਵਾਰਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਇਸ ਦੀ ਆਰੰਭਤਾ ਕੀਤੀ ਗਈ।

ਇਸ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਸ੍ਰ. ਨਰਿੰਦਰ ਸਿੰਘ ਸਹੋਤਾ ਨੇ ਦੱਸਿਆ ਕਿ ਬੜਾ ਪਿੰਡ ਦਾ ਇਤਿਹਾਸ 500 ਤੋਂ ਵੱਧ ਪੁਰਾਣਾ ਹੈ। ਇਥੇ ਗੁਰੂਆਂ ਦੇ ਚਰਨ ਪਏ। ਪਿੰਡ ਵਿਚ ਇਤਿਹਾਸਕ ਗੁਰੂਘਰ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਦੇ ਨਾਲ-ਨਾਲ ਪੰਜਾਬ ਅਤੇ ਪੂਰੇ ਸਿੱਖ ਜਗਤ ਦੀ ਸ਼ਾਨ ਹੈ।

ਤਕਰੀਬਨ ਪਿੰਡ ਪ੍ਰਵਾਸ ਕਰ ਚੁੱਕਾ ਹੈ। ਪਹਿਲਾਂ 1947 'ਚ ਪ੍ਰਵਾਸ ਹੋਈ ਹੁਣ ਵਿਦੇਸ਼ਾਂ 'ਚ ਅਜੇ ਬੜਾ ਪਿੰਡ 'ਚ 1300 ਤੋਂ ਉਪਰ ਘਰ ਹਨ ਅਤੇ 6500 ਤੋਂ ਉਪਰ ਅਬਾਦੀ ਹੈ। ਇਸ ਪ੍ਰੋਗਰਾਮ ਧਾਰਮਿਕ ਇਤਿਹਾਸਕ ਯਾਦ ਨੂੰ ਸਮਰਪਿਤ ਇਸ ਪਹਿਲੇ ਸਮਾਗਮ ਦੀ ਸ਼ੁਰੂਆਤ ਕਰਨ ਵਾਲੇ ਪ੍ਰਵਾਰ ਤੋਂ ਨੌਜਵਾਨ ਆਗੂ ਬਿਜਨਸਮੈਨ ਸ੍ਰ. ਜੁਗਰਾਜ ਸਿੰਘ ਸਹੋਤਾ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਮਾਗਮ ਦੀ ਸ਼ੁਰੂਆਤ ਦਾ ਮਕਸਦ ਦੁਨੀਆ ਭਰ 'ਚ ਬੈਠੇ ਪਿੰਡ ਦੇ ਲੋਕਾਂ ਨੂੰ ਇੱਕ ਥਾਂ ਜੋੜਨਾ ਪ੍ਰਵਾਰਾਂ ਨੂੰ ਇਕੱਠੇ ਕਰਕੇ ਅਗਲੀ ਪੀੜ੍ਹੀ ਨੂੰ ਆਪਣੇ ਪਿੰਡ ਪੰਜਾਬ ਅਤੇ ਸਿੱਖੀ ਦੇ ਮਹਾਨ ਵਿਰਸੇ ਨਾਲ ਜੋੜਨਾ ਹੈ।

ਗੁਰੂ ਸਾਹਿਬ ਦੀ ਕਿਰਪਾ ਨਾਲ 700 ਤੋਂ ਉਪਰ ਪਰਿਵਾਰ ਪਿੰਡ ਦੇ ਸਿਰਫ਼ ਅਮਰੀਕਾ 'ਚ ਹੀ ਸੈਟ ਹਨ। ਪਿੰਡ ਦੀ ਨੁਹਾਰ ਬਦਲਣ ਲਈ ਅੱਜ ਗੁਰਦੁਆਰਾ ਸਾਹਿਬ ਫਰੀਮਾਂਟ










# ਗੁਰੂਆਂ, ਸ਼ਹੀਦਾਂ, ਸੂਰਬੀਰਾਂ ਦਾਨੀਆਂ ਦੀ ਧਰਤੀ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਦਿਹਾੜਾ ਸ਼ਰਧਾ ਸੇਵਾ ਤੇ ਪਿਆਰ ਨਾਲ ਮਨਾਇਆ







ਤੋਂ ਸਮਾਗਮ ਰਾਹੀਂ ਆਰੰਭ ਹੋ ਚੁੱਕਾ ਹੈ। ਅਗਰ ਹਰ ਇਕ ਪਰਿਵਾਰ 500/1000 ਡਾਲਰ ਦੀ ਸੇਵਾ ਆਪਣੇ ਪਿੰਡ ਲਈ ਕਰੇਗਾ ਤਾਂ ਪਿੰਡ ਦੀ ਧਰਤੀ ਸਵਰਗ ਬਣ ਜਾਵੇਗੀ। ਉਨ੍ਹਾਂ ਕਿਹਾ ਕਿ ਆਪਣੀਆਂ ਜ਼ਮੀਨਾਂ ਨਾ ਵੇਚੋ ਬੱਚਿਆਂ ਨੂੰ ਪੰਜਾਬ ਆਪਣੇ ਪਿੰਡ ਲੈ ਕੇ ਜਾਓ। ਪਿੰਡਾਂ ਦੀ ਮਿੱਟੀ ਨਾਲ ਜੁੜੇ ਰਹੋ। ਆਉਣ ਵਾਲੇ ਸਮੇਂ 'ਚ ਇਨ੍ਹਾਂ ਬੱਚਿਆਂ ਨੇ ਕੌਮ ਦੀ ਵਾਂਗਡੋਰ ਸਾਂਭਣੀ ਹੈ। ਇਨ੍ਹਾਂ ਨੂੰ ਆਪਣੀ ਧਰਤੀ ਆਪਣੀ ਮਿੱਟੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਅੱਜ ਦੇ ਸਮਾਗਮ ਦੀ ਸਮੂਹ ਸੰਗਤਾਂ, ਪ੍ਰਬੰਧਕਾਂ ਗੁਰੂਘਰ ਦੀ ਕਮੇਟੀ ਗੁਰੂਘਰ ਦੇ ਸੇਵਾਦਾਰਾਂ ਅਤੇ ਪਿੰਡ ਵਾਲਿਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।









# ਐਕਯੂਪ੍ਰੈਸ਼ਰ ਦੇ ਚਮਤਕਾਰ

ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ-ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:-



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ-ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards

# ਹੋਮਿਓਪੈਥੀ ਦੇ ਚਮਤਕਾਰ

ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

**ਸਿੰਘ ਹੋਮਿਓਪੈਥੀ: Ph : 209 -505-1988**

Call Only 9am to 6pm

We Accept All major Credit Cards

*Homeopathy Medicine Not FDA Approved*




18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## 1723-2023


ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## 300 ਸਾਲਾ

## ਸ਼ਤਾਬਦੀ ਨੂੰ ਸਮਰਪਿਤ

# ਮਹਾਨ ਸਮਾਗਮ


ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

**ਅਰੰਭ ਸ੍ਰੀ ਅਖੰਡਪਾਠ ਸਾਹਿਬ 12 ਮਈ 2023 ਦਿਨ ਸ਼ੁੱਕਰਵਾਰ ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡਪਾਠ ਸਾਹਿਬ 14 ਮਈ 2023 ਦਿਨ ਐਤਵਾਰ 10 ਵਜੇ**

ਜਿਸ 'ਚ ਪੰਥ ਦੀਆਂ ਮਹਾਨ ਸ਼ਖਸੀਅਤਾਂ, ਰਾਗੀ ਢਾਡੀ, ਕਥਾਵਾਚਕ ਪਹੁੰਚ ਰਹੇ ਹਨ। ਸਮੇਤ ਪਰਿਵਾਰ ਪਹੁੰਚਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਸ੍ਰ. ਦਵਿੰਦਰ ਸਿੰਘ ਚਾਨਾ
510-376-9425


ਸ੍ਰ. ਨਰਿੰਦਰ ਸਿੰਘ
510-755-0661


ਸ੍ਰ. ਨਿਰਮਲ ਸਿੰਘ ਮੂਧਰ
510-754-9805


ਸ੍ਰ.ਗੁਰਮੀਤ ਸਿੰਘ ਭੋਗਲ
510-386-2084


ਸ੍ਰ. ਸੁਖਦੇਵ ਸਿੰਘ ਕਲਸੀ
510-438-9102

**ਬੇਨਤੀ ਕਰਤਾ : ਰਾਮਗੜ੍ਹੀਆ ਸਿੱਖ ਕਲਚਰਲ ਸੁਸਾਇਟੀ ਬੇਏਰੀਆ**

# ਏਸ਼ੀਅਨ ਕਲਚਲ ਫੈਸਟੀਵਲ ਬਰਕਲੇ ਵਲੋਂ ਦੂਜਾ ਸਲਾਨਾ ਸਮਾਗਮ ਇਤਿਹਾਸ ਹੋ ਨਿਬੜਿਆ

## ਇੰਡੀਆ, ਥਾਈਲੈਂਡ, ਕੰਬੋਡੀਆ, ਨਿਪਾਲ, ਤਿੱਬੜ ਅਤੇ ਹੋਰ ਕਈ ਦੇਸ਼ਾਂ ਦੇ ਕਲਾਕਾਰਾਂ ਨੇ ਲਿਆ ਭਾਗ





ਬਰਕਲੇ/ਕੈਲੀਫੋਰਨੀਆ (ਸਾਡੇ ਲੋਕ) - ਏਸ਼ੀਅਨ ਕਲਚਲ ਫੈਸਟੀਵਲ ਬਰਕਲੇ ਵਲੋਂ ਦੂਜਾ ਸਲਾਨਾ ਸਮਾਗਮ ਇਤਿਹਾਸ ਹੋ ਨਿਬੜਿਆ ਜਿਸ ਵਿੱਚ ਇੰਡੀਆ, ਥਾਈਲੈਂਡ, ਕੰਬੋਡੀਆ, ਨਿਪਾਲ, ਤਿੱਬੜ ਅਤੇ ਹੋਰ ਕਈ ਦੇਸ਼ਾਂ ਦੇ ਕਲਾਕਾਰਾਂ ਨੇ ਭਾਗ ਲਿਆ।

ਇਸ ਦੂਸਰੇ ਸਲਾਨਾ ਫੈਸਟੀਵਲ 'ਚ ਵੱਡੀ ਗਿਣਤੀ 'ਚ ਕਲਾਕਾਰਾਂ ਨੇ ਭਾਗ ਲਿਆ। ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਪ੍ਰੋਗਰਾਮ ਚਲਦਾ ਰਿਹਾ। ਪੰਜਾਬੀ ਭੰਗੜਾ ਅਤੇ ਗਿੱਧੇ ਨੇ ਦੁਨੀਆ ਭਰਦੇ ਜੁੜੇ ਲੋਕਾਂ 'ਚ ਤਹਿਲਕਾ ਮਚਾ ਦਿੱਤਾ। ਜਦੋਂ ਭੰਗੜਾ ਅਤੇ ਗਿੱਧਾ ਸ਼ੁਰੂ ਹੋਇਆ ਤਾਂ ਲੋਕਾਂ ਦੇ ਪੈਰ ਆਪਣੇ ਆਪ ਉੱਠਣ ਲੱਗ ਪਏ। ਇਸ ਤਰ੍ਹਾਂ ਵੱਖ-ਵੱਖ ਤਰ੍ਹਾਂ ਦੇਸ਼ਾਂ ਦੇ ਕਲਾਕਾਰਾਂ ਨੇ ਆਪਣੇ ਆਪ ਡਾਂਸ ਆਪਣੇ ਕਲਚਰ ਦਾ ਪ੍ਰਗਟਾਵਾ ਕੀਤਾ ਗਿਆ, ਜਿਥੇ ਕਲਾਕਾਰਾਂ ਨੇ ਲੋਕਾਂ ਨੂੰ ਕੀਲੀ ਰੱਖਿਆ, ਉਥੇ ਵੱਖ-ਵੱਖ ਦੇਸ਼ਾ ਦੇ ਲੋਕਾਂ ਨੇ ਆਪਣੇ-ਆਪਣੇ ਫੂਡ ਸਟਾਲ ਲਗਾਏ ਹੋਏ ਸਨ। ਲੋਕ ਵੱਖ-ਵੱਖ ਦੇਸ਼ਾਂ ਦੇ ਖਾਣਿਆਂ ਦਾ ਨਜ਼ਾਰਾ ਲੈ ਰਹੇ ਸਨ। ਇਥੇ ਇਹ ਜ਼ਿਕਰਯੋਗ ਹੈ ਕਿ ਸਿਵਕ ਸੈਂਟਰ ਪਾਰਕ ਬਰਕਲੇ 'ਚ ਦੁਨੀਆ ਦੇ ਵੱਡੇ ਫੈਸਟੀਵਲ ਹੁੰਦੇ ਹਨ ਅਤੇ ਤਕਰੀਬਨ ਸਰਾ ਸਾਲ ਇਥੇ ਚਲਦੇ ਹਨ ਅਤੇ ਦੂਰ-ਦੂਰ ਤੋਂ ਆ ਕੇ ਲੋਕ ਇਸ ਦਾ













**ਦੇਖੋ ਫੈਸਟੀਵਲ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ।**













# ਏਸ਼ੀਅਨ ਕਲਚਲ ਫੈਸਟੀਵਲ ਬਰਕਲੇ ਵਲੋਂ ਦੂਜਾ ਸਲਾਨਾ ਸਮਾਗਮ ਇਤਿਹਾਸ ਹੋ ਨਿਬੜਿਆ

## ਇੰਡੀਆ, ਥਾਈਲੈਂਡ, ਕੰਬੋਡੀਆ, ਨਿਪਾਲ, ਤਿੱਬੜ ਅਤੇ ਹੋਰ ਕਈ ਦੇਸ਼ਾਂ ਦੇ ਕਲਾਕਾਰਾਂ ਨੇ ਲਿਆ ਭਾਗ





ਅਨੰਦ ਮਾਣਦੇ ਹਨ। ਇਸ ਪ੍ਰੋਗਰਾਮ ਨੂੰ ਸਪਾਂਸਰ ਕਰਨ ਵਾਲਿਆਂ ਵਿਚ ਯੂਨਾਈਟਿਡ ਪੰਜਾਬੀ ਫਰੰਟ, BBT Berkeley Buddhist Temple, Thai Culture Berkeley (Thailand), Tibetan Association of Northern California (TACN), Khmer Krom (Combodian dances), United Punjab Front (India), Gamelan Sekar Jaya: Music and Bance of Bali ਦਾ ਵਿਸ਼ੇਸ਼ ਯੋਗਦਾਨ ਸੀ। ਇਹ ਪ੍ਰੋਗਰਾਮ ਵਾਕਿਆ ਹੀ ਇਕ ਇਤਿਹਾਸਕ ਅਤੇ ਲੰਬੇ ਸਮੇਂ ਤੱਕ ਯਾਦ ਰਹੇਗਾ।
















### ਅਪਰੇਸ਼ਨ ਕਾਵੇਰੀ

# ਸੂਡਾਨ ’ਚੋਂ ਹੁਣ ਤੱਕ 530 ਭਾਰਤੀ ਨਾਗਰਿਕਾਂ ਨੂੰ ਕੱਢਿਆ



ਨਵੀਂ ਦਿੱਲੀ : ਭਾਰਤੀ ਹਵਾਈ ਫ਼ੌਜ ਦੇ ਦੋ ਟਰਾਂਸਪੋਰਟ ਜਹਾਜ਼ਾਂ ਰਾਹੀਂ 250 ਭਾਰਤੀਆਂ ਨੂੰ ਸੂਡਾਨ ਤੋਂ ਬਾਹਰ ਕੱਢਿਆ ਗਿਆ ਹੈ। ਇਸ ਤੋਂ ਪਹਿਲਾਂ 278 ਨਾਗਰਿਕਾਂ ਨੂੰ ਇਸ ਹਿੰਸਾ ਪ੍ਰਭਾਵਿਤ ਅਫਰੀਕੀ ਦੇਸ਼ ਤੋਂ ਜਲ ਸੈਨਾ ਦੇ ਜਹਾਜ਼ ਆਈਐੱਨਐੱਸ ਸੁਮੇਧਾ ਰਾਹੀਂ ਬਾਹਰ ਕੱਢਿਆ ਗਿਆ ਸੀ। ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ ਸੂਡਾਨ ਤੋਂ ਕੱਢੇ ਭਾਰਤੀ ਨਾਗਰਿਕਾਂ ਦੀ ਗਿਣਤੀ 530 ਦੇ ਕਰੀਬ ਪਹੁੰਚ ਗਈ ਹੈ। ਭਾਰਤ ਨੇ ਸੂਡਾਨ ਤੋਂ ਭਾਰਤੀ ਨਾਗਰਿਕਾਂ ਨੂੰ ਕੱਢਣ ਲਈ ’ਅਪਰੇਸ਼ਨ ਕਾਵੇਰੀ’ ਦੇ ਹਿੱਸੇ ਵਜੋਂ ਜਦਾਹ ਵਿੱਚ ਨਿਕਾਸੀ ਸਹੂਲਤ ਸਥਾਪਤ ਕੀਤੀ ਹੈ। ਹਿੰਸਾ ਦੇ ਝੰਬੇ ਸੂਡਾਨ ’ਚ ਫਸੇ ਭਾਰਤੀਆਂ ਨੂੰ ਕੱਢਣ ਲਈ ਵਿੱਢੇ ‘ਅਪਰੇਸ਼ਨ ਕਾਵੇਰੀ’ ਤਹਿਤ 278 ਨਾਗਰਿਕਾਂ ਦੇ ਪਹਿਲੇ ਜਥੇ ਨੂੰ ਅੱਜ ਜਲ ਸੈਨਾ ਦੇ ਬੇੜੇ ਆਈਐੱਨਐੱਸ ਸੁਮੇਧਾ ਰਾਹੀਂ ਜਦਾਹ ਰਵਾਨਾ ਕਰ ਦਿੱਤਾ ਗਿਆ। ਇਸ ਦੌਰਾਨ ਜਲ ਸੈਨਾ ਦਾ ਦੂਜਾ ਬੇੜਾ ਆਈਐੱਨਐੱਸ ਤੇਗ ਵੀ ਸੂਡਾਨ ਦੀ ਬੰਦਰਗਾਹ ’ਤੇ ਪੁੱਜ ਗਿਆ ਹੈ। ਸੂਡਾਨ ਵਿੱਚ 3000 ਦੇ ਕਰੀਬ ਭਾਰਤੀ ਫਸੇ ਹੋਏ ਹਨ। ਭਾਰਤ ਨੇ ਸਾਊਦੀ ਅਰਬ ਦੇ ਸ਼ਹਿਰ ਜਦਾਹ ਵਿੱਚ ਕੰਟਰੋਲ ਰੂਮ ਸਥਾਪਿਤ ਕੀਤਾ ਹੈ। ਵਿਦੇਸ਼ ਰਾਜ ਮੰਤਰੀ ਵੀ.ਮੁਰਲੀਧਰਨ ਭਾਰਤੀਆਂ ਨੂੰ ਸੁਰੱਖਿਅਤ ਕੱਢਣ ਨਾਲ ਜੁੜੇ ਮਿਸ਼ਨ ਦੀ ਨਿਗਰਾਨੀ ਲਈ ਜਦਾਹ ਪੁੱਜ ਗਏ ਹਨ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਸੂਡਾਨ ਦੀ ਬੰਦਰਗਾਹ ਤੋਂ ਸਾਊਦੀ ਅਰਬ ਦੇ ਸ਼ਹਿਰ ਜਦਾਹ ਲਈ ਨਿਕਲੇ ਇਸ ਪਹਿਲੇ ਬੇੜੇ ਵਿੱਚ 278 ਵਿਅਕਤੀ ਸਵਾਰ ਹਨ। ਬਾਗਚੀ ਨੇ ਟਵੀਟ ਕੀਤਾ, “ਸੂਡਾਨ ’ਚ ਫਸੇ ਭਾਰਤੀਆਂ ਦਾ ਪਹਿਲਾ ਜਥਾ ‘ਅਪਰੇਸ਼ਨ ਕਾਵੇਰੀ’ ਤਹਿਤ ਉਥੋਂ ਰਵਾਨਾ ਹੋ ਗਿਆ ਹੈ। ਸੂਡਾਨ ਦੀ ਬੰਦਰਗਾਹ ਤੋਂ ਜਦਾਹ ਲਈਨਿਕਲੇ ਆਈਐੱਨਐੱਸ ਸੁਮੇਧਾ ਉੱਤੇ 278 ਵਿਅਕਤੀ ਸਵਾਰ ਹਨ।” ਦੱਸ ਦੇਈਏ ਕਿ ਭਾਰਤ ਨੇ ਸੂਡਾਨ ’ਚ ਫਸੇ ਆਪਣੇ ਨਾਗਰਿਕਾਂ ਨੂੰ ਉਥੋਂ ਸੁਰੱਖਿਅਤ ਕੱਢਣ ਲਈ ਸੋਮਵਾਰ ਤੋਂ ‘ਅਪਰੇਸ਼ਨ ਕਾਵੇਰੀ’ ਸ਼ੁਰੂ ਕੀਤਾ ਸੀ। ਸੂਡਾਨ ਵਿੱਚ ਸੱਤਾ ’ਤੇ ਕਬਜ਼ੇ ਨੂੰ ਲੈ ਕੇ ਥਲ ਸੈਨਾ ਤੇ ਨੀਮ ਫੌਜੀ ਬਲਾਂ ਦਰਮਿਆਨ ਚੱਲ ਰਹੇ ਸੰਘਰਸ਼ ਕਰਕੇ ਮੁਸ਼ਕਲ ਹਾਲਾਤ ਬਣੇ ਹੋਏ ਹਨ। ਭਾਰਤ ਨੇ ਆਪਣੇ ਨਾਗਰਿਕਾਂ ਨੂੰ ਸੂਡਾਨ ’ਚੋਂ ਕੱਢਣ ਲਈ ਐਤਵਾਰ ਨੂੰ ਜੇਦਾਹ ਵਿੱਚ ਭਾਰਤੀ ਹਵਾਈ ਸੈਨਾ ਦੇ ਦੋ ਮਾਲਵਾਹਕ ਜਹਾਜ਼ ਤੇ ਸੂਡਾਨ ਬੰਦਰਗਾਹ ’ਤੇ ਜਲਸੈਨਾ ਦਾ ਬੇੜਾ ਆਈਐੱਨਐੱਸ ਸੁਮੇਧਾ ਤਾਇਨਾਤ ਕੀਤਾ ਸੀ। ਸਰਕਾਰ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਸੂਡਾਨ ਵਿੱਚ ਤਿੰਨ ਹਜ਼ਾਰ ਤੋਂ ਵੱਧ ਭਾਰਤੀ ਨਾਗਰਿਕ ਮੌਜੂਦ ਹਨ, ਤੇ ਉਨ੍ਹਾਂ ਦੀ ਸੁਰੱਖਿਆ ਸਿਖਰਲੀ ਤਰਜੀਹ ਹੈ। ਪਿਛਲੇ 12 ਦਿਨਾਂ ਤੋਂ ਸੂਡਾਨ ਦੀ ਫੌਜ ਤੇ ਨੀਮ ਫੌਜੀ ਬਲਾਂ ਦੇ ਸਮੂਹ ਵਿਚਾਲੇ ਚੱਲ ਰਹੀ ਘਾਤਕ ਜੰਗ ਵਿੱਚ ਹੁਣ ਤੱਕ ਕਰੀਬ 400 ਲੋਕਾਂ ਦੀ ਜਾਨ ਜਾਂਦੀ ਰਹੀ ਹੈ।

### ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਮਾਮਲਾ

# ਕੇਸ ਦਰਜ ਕਰਨ ਤੋਂ ਪਹਿਲਾਂ ਮੁੱਢਲੀ ਜਾਂਚ ਦੀ ਲੋੜ: ਦਿੱਲੀ ਪੁਲੀਸ ਨੇ ਸੁਪਰੀਮ ਕੋਰਟ ਨੂੰ ਕਿਹਾ



ਨਵੀਂ ਦਿੱਲੀ : ਦਿੱਲੀ ਪੁਲੀਸ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਵਿਰੁੱਧ ਸੱਤ ਮਹਿਲਾ ਪਹਿਲਵਾਨਾਂ ਵੱਲੋਂ ਲਗਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਸਬੰਧੀ ਐੱਫਆਈਆਰ ਦਰਜ ਕਰਨ ਤੋਂ ਪਹਿਲਾਂ ਕਿ ਮੁੱਢਲੀ ਜਾਂਚ ਦੀ ਲੋੜ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਅਤੇ ਜਸਟਿਸ ਪੀਐਸ ਨਰਸਿਮਹਾ ਦੇ ਬੈਂਚ ਕੋਲ ਦਿੱਲੀ ਪੁਲੀਸ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਜੇ ਸਿਖਰਲੀ ਅਦਾਲਤ ਨੂੰ ਲੱਗਦਾ ਹੈ ਕਿ ਤੁਰੰਤ ਐੱਫਆਈਆਰ ਦਰਜ ਕੀਤੀ ਜਾਣੀ ਹੈ ਤਾਂ ਅਜਿਹਾ ਕੀਤਾ ਜਾ ਸਕਦਾ ਹੈ। ਇਸ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ 28 ਅਪਰੈਲ ਨੂੰ ਪਹਿਲਵਾਨਾਂ ਦੀ ਪਟੀਸ਼ਨ ’ਤੇ ਸੁਣਵਾਈ ਦੌਰਾਨ ਦਿੱਲੀ ਪੁਲੀਸ ਆਪਣਾ ਪੱਖ ਰੱਖ ਸਕਦੀ ਹੈ।

# ਸਮਰਾਟ ਚਾਰਲਸ ਅਤੇ ਮਹਾਰਾਣੀ ਕੈਮਿਲਾ ਦੇ ਤਾਜਪੋਸ਼ੀ ਸਮਾਗਮ ਦਾ ਹਿੱਸਾ ਨਹੀਂ ਹੋਵੇਗਾ ਕੋਹਿਨੂਰ

ਲੰਡਨ : ਬਕਿੰਘਮ ਪੈਲੇਸ ਨੇ ਭਾਰਤ ਦੇ ਦਾਅਵੇ ਵਾਲੇ ਤੇ ਬਸਤੀਵਾਦੀ ਯੁੱਗ ਦੇ ਕੋਹਿਨੂਰ ਹੀਰੇ ਨਾਲ ਜੁੜੇ ਵਿਵਾਦ ਦੇ ਮੱਦੇਨਜ਼ਰ ਚੌਕਸੀ ਵਰਤਦਿਆਂ ਇਸ ਨੂੰ ਅਗਲੇ ਮਹੀਨੇ ਸਮਰਾਟ ਚਾਰਲਸ ਤਿੰਨ ਤੇ ਮਹਾਰਾਣੀ ਕੈਮਿਲਾ ਦੇ ਤਾਜਪੋਸ਼ੀ ਸਮਾਗਮ ਦਾ ਹਿੱਸਾ ਨਾ ਬਣਾਉਣ ਦਾ ਫੈਸਲਾ ਕੀਤਾ ਹੈ। ਬਰਤਾਨਵੀ ਰਾਜ ਪਰਿਵਾਰ ਨਾਲ ਜੁੜੇ ਮਾਮਲਿਆਂ ਦੇ ਮਾਹਿਰ ਨੇ ਇਹ ਜਾਣਕਾਰੀ ਦਿੱਤੀ ਹੈ।

‘ਦਿ ਡੇਲੀ ਟੈਲੀਗ੍ਰਾਫ’ ਅਖ਼ਬਾਰ ਦੀ ਸਹਾਇਕ ਸੰਪਾਦਕ ਕੈਮਿਲਾ ਟੋਮਿਨੀ ਨੇ ਇਸ ਖ਼ਬਰ ਏਜੰਸੀ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਕਿ ਰਵਾਇਤੀ ਤਾਜ ਵਿੱਚ ਕੋਹਿਨੂਰ ਹੀਰਾ ਜੜਿਆ ਹੋਣ ਕਰਕੇ ਇਸ ਦੀ ਵਰਤੋਂ ਨਾ ਕੀਤੇ ਜਾਣ ਦੇ ਕੈਮਿਲਾ ਦੇ ਫੈਸਲੇ ’ਤੇ ਉਨ੍ਹਾਂ ਗੌਰ ਕੀਤਾ। ਅਗਲੇ ਮਹੀਨੇ (6 ਮਈ) ਹੋਣ ਵਾਲੇ ਤਾਜਪੋਸ਼ੀ ਸਮਾਗਮ ਲਈ ਬਕਿੰਘਮ ਪੈਲੇਸ ਵੱਲੋਂ ਕੱਢੇ ਗਏ ਸ਼ਾਹੀ ਗਹਿਣਿਆਂ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਮਹਾਰਾਣੀ ਕੈਮਿਲਾ ਨੇ ਮਹਾਰਾਣੀ ਮੈਰੀ ਦੇ ਤਾਜ ਨੂੰ ਚੁਣਿਆ ਹੈ।



ਟੋਮਿਨੀ ਨੇ ਕਿਹਾ, “ਮੈਨੂੰ ਲੱਗਦਾ ਹੈ ਕਿ ਕੋਹਿਨੂਰ ਦੇ ਵਿਵਾਦਾਂ ਵਿੱਚ ਰਹਿਣ ਕਰਕੇ ਸ਼ਾਇਦ ਬਕਿੰਘਮ ਪੈਲੇਸ ਵਧੇਰੇ ਚੌਕਸ ਰਿਹਾ ਹੋਵੇਗਾ ਤੇ ਲਿਹਾਜ਼ਾ ਇਸ ਹੀਰੇ ਦੇ ਮੂਲ ਸਥਾਨ ਨਾਲ ਜੁੜੀ ਕਹਾਣੀ ਨੂੰ ਹੋਰ ਅੱਗੇ ਨਾ ਵਧਾਉਣ ਦਾ ਫੈਸਲਾ ਕੀਤਾ ਹੈ।” ਇਸ ਮਹੀਨੇ ਦੀ ਸ਼ੁਰੂਆਤ ਵਿੱਚ ਪੈਲੇਸ ਨੇ ਕਿਹਾ ਸੀ ਕਿ ਮਹਾਰਾਣੀ ਮੈਰੀ ਦੇ ਤਾਜ ਵਿੱਚ ਮਾਮੂਲੀ ਬਦਲਾਅ ਕੀਤੇ ਜਾ ਰਹੇ ਹਨ, ਜਿਵੇਂ ਕਿ ਇਸ ਵਿੱਚ ਕਲੀਨਨ 3, 4 ਤੇ 5 ਹੀਰੇ ਨੂੰ ਸ਼ਾਮਲ ਕਰਨਾ, ਜੋ ਕਈ ਸਾਲਾਂ ਤੋਂ ਮਹਾਰਾਣੀ ਐਲਿਜ਼ਬੈੱਥ ਦੋਇਮ ਦੇ ਨਿੱਜੀ ਗਹਿਣਿਆਂ ਦੇ ਸੰਗ੍ਰਹਿ ਦਾ ਹਿੱਸਾ ਰਹੇ ਹਨ। ਡਿਜ਼ਾਈਨ ਮਹਾਰਾਣੀ ਅਲੈਗਜ਼ੈਂਡਰਾ ਦੇ 1902 ਦੇ ਤਾਜ ਤੋਂ ਪ੍ਰੇਰਿਤ ਹੈ, ਜਿਸ ਨੂੰ ਮੂਲ ਰੂਪ ਵਿੱਚ ਕੋਹਿਨੂਰ ਨਾਲ ਜੜਿਆ ਗਿਆ ਸੀ, ਜੋ ਮਹਾਰਾਣੀ ਐਲਿਜ਼ਬੈੱਥ ਦੋਇਮ ਦੀ ਮਾਂ ਮਹਾਰਾਣੀ ਐਲਿਜ਼ਬੈੱਥ ਦੇ ਤਾਜ ਵਿੱਚ 1937 ਤੋਂ ਜੜਿਆ ਹੋਇਆ ਹੈ।

ਪਿਛਲੇ ਮਹੀਨੇ ਬਰਤਾਨਵੀ ਮਹਿਲਾਂ ਦਾ ਪ੍ਰਬੰਧ ਵੇਖਦੀ ਚੈਰਿਟੀ ‘ਹਿਸਟੋਰਿਕ ਰੌਇਲ ਪੈਲੇਸਿਜ਼’ (ਐੱਚਆਰਪੀ) ਨੇ ਕਿਹਾ ਸੀ ਕਿ ਕੋਹਿਨੂਰ ਹੀਰੇ ਨੂੰ ਮਈ ਵਿੱਚ ‘ਟਾਵਰ ਆਫ਼ ਲੰਡਨ’ ਵਿੱਚ ਹੋਣ ਵਾਲੀ ਜਨਤਕ ਪ੍ਰਦਰਸ਼ਨੀ ਵਿੱਚ ‘ਜਿੱਤ ਦੇ ਪ੍ਰਤੀਕ’ ਵਜੋਂ ਪ੍ਰਦਰਸ਼ਿਤ ਕੀਤਾ ਜਾਵੇਗਾ। ਨੁਮਾਇਸ਼ ਵਿਚ ਕੋਹਿਨੂਰ ਦੇ ਇਤਿਹਾਸ ਨੂੰ ਵੀ ਵਿਖਾਇਆ ਜਾਵੇਗਾ। ਚੇਤੇ ਰਹੇ ਕਿ ਭਾਰਤ, ਕੋਹਿਨੂਰ ’ਤੇ ਆਪਣਾ ਦਾਅਵਾ ਜਤਾਉਂਦਾ ਰਿਹਾ ਹੈ। ਐੱਚਆਰਪੀ ਨੇ ਨਵੀਂ ਤਜਵੀਜ਼ਤ ਪ੍ਰਦਰਸ਼ਨੀ ਦਾ ਜ਼ਿਕਰ ਕਰਦੇ ਹੋਏ ਕਿਹਾ, “ਮਹਾਰਾਣੀ ਐਲਿਜ਼ਬੈੱਥ ਦੇ ਤਾਜ ਵਿੱਚ ਜੜੇ ਕੋਹਿਨੂਰ ਦੇ ਇਤਿਹਾਸ ਨੂੰ ਜਿੱਤ ਦੇ ਪ੍ਰਤੀਕ ਵਜੋਂ ਬਿਆਨ ਕੀਤਾ ਜਾਵੇਗਾ। ਇਸ ਵਿੱਚ ਉਹ ਇਤਿਹਾਸ ਵੀ ਸ਼ਾਮਲ ਹੈ, ਜਦੋਂ ਇਹ ਹੀਰਾ ਮੁਗ਼ਲ ਸਾਮਰਾਜ, ਇਰਾਨ ਦੇ ਸ਼ਾਹਾਂ, ਅਫ਼ਗ਼ਾਨਿਸਤਾਨ ਦੇ ਅਮੀਰਾਂ ਤੇ ਸਿੱਖ ਰਾਜਿਆਂ ਕੋਲ ਹੁੰਦਾ ਸੀ।” ਫਾਰਸੀ ਭਾਸ਼ਾ ਵਿੱਚ ਕੋਹਿਨੂਰ ਦਾ ਮਤਲਬ ਪ੍ਰਕਾਸ਼ ਦਾ ਪਰਬਤ ਹੁੰਦਾ ਹੈ। ਇਹ ਹੀਰਾ ਕਿਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਖਜ਼ਾਨੇ ਵਿੱਚ ਸ਼ਾਮਲ ਸੀ, ਪਰ ਮਹਾਰਾਣੀ ਵਿਕਟੋਰੀਆ ਨੂੰ ਭਾਰਤ ਦੀ ਮਹਾਰਾਣੀ ਬਣਾਏ ਜਾਣ ਦੇ ਕੁਝ ਸਾਲ ਪਹਿਲਾਂ ਇਹ ਉਨ੍ਹਾਂ ਦੇ ਕਬਜ਼ੇ ਵਿੱਚ ਚਲਾ ਗਿਆ। ਐੱਚਆਰਪੀ ਮੁਤਾਬਕ ਇਹ ਹੀਰਾ ਦੱਖਣੀ ਭਾਰਤ ਵਿੱਚ ਗੋਲਕੁੰਡਾ ਦੀਆਂ ਖਾਣਾਂ ’ਚੋਂ ਨਿਕਲਿਆ ਤੇ ਇਸ ਦਾ ਵਜ਼ਨ 105.6 ਕੈਰੇਟ ਹੈ।

# ਸ. ਬਾਦਲ ਦਾ ਅਕਾਲ ਚਲਾਣਾ, ਸਿੱਖ ਸਿਆਸਤ ਵਿੱਚ ਨਾ ਪੂਰਿਆ ਜਾਣ ਵਾਲਾ ਖ਼ਲਾਅ : ਜੋਗਿੰਦਰ ਸਿੰਘ ਅਦਲੀਵਾਲ

ਅੰਮ੍ਰਿਤਸਰ : ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਰਿਟਾਇਰਡ ਕਰਮਚਾਰੀਆਂ ਵੱਲੋਂ ਸ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਇਸ ਨੂੰ ਵੱਡਾ ਪੰਥਕ ਘਾਟਾ ਅਤੇ ਸਿੱਖ ਰਾਜਨੀਤੀ ਵਿੱਚ ਵੱਡਾ ਖ਼ਲਾਅ ਦੱਸਿਆ ਗਿਆ ਹੈ। ਸ਼੍ਰੋਮਣੀ ਗੁ:ਪ੍ਰ: ਕਮੇਟੀ ਦੇ ਸੇਵਾ ਮੁਕਤ ਹੋ ਚੁੱਕੇ ਕਰਮਚਾਰੀਆਂ ਤੇ ਆਧਾਰਤ ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਸਾਬਕਾ ਸਕੱਤਰ ਸ. ਜੋਗਿੰਦਰ ਸਿੰਘ ਅਦਲੀਵਾਲ ਨੇ ਕਿਹਾ ਹੈ ਕਿ ਲਗਪਗ 7 ਦਹਾਕੇ ਸਿੱਖ ਸਿਆਸਤ ਦੇ ਕੇਂਦਰ ਬਿੰਦੂ ਅਤੇ ਅਕਾਲੀ ਰਾਜਨੀਤੀ ਦੇ ਧੁਰਾ ਰਹੇ ਸ ਪ੍ਰਕਾਸ਼ ਸਿੰਘ ਬਾਦਲ ਇੱਕ ਪ੍ਰੌੜ ਸਿੱਖ ਆਗੂ ਸਨ ਜਿੰਨਾਂ ਨੇ ਅਕਾਲੀ ਦਲ ਦੇ ਵਰਕਰ ਤੋਂ ਲੈ ਕੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਦੇ ਤੌਰ ਤੇ ਨਾ ਕੇਵਲ ਪੰਜਾਬ ਦੀ ਬਲਕਿ ਕੌਮਾਂਤਰੀ ਰਾਜਨੀਤੀ ਵਿੱਚ ਆਪਣਾ ਸਿੱਕਾ ਚਲਾਇਆ। ਦੇਸ਼ ਦੇ ਸਾਰੇ ਵੱਡੇ ਨੇਤਾ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਉਹਨਾਂ ਦੇ ਅਕਾਲ ਚਲਾਣੇ ਤੇ ਗਮਗੀਨ ਹਨ। ਉਹਨਾਂ ਕਿਹਾ ਕਿ ਬਤੌਰ ਮੁੱਖ ਮੰਤਰੀ, ਸ. ਬਾਦਲ ਦੀਆਂ ਨੀਤੀਆਂ ਹਮੇਸ਼ਾਂ ਕਿਸਾਨ ਪੱਖੀ ਰਹੀਆਂ। ਉਹਨਾਂ ਹੋਰ ਕਿਹਾ ਕਿ ਸ ਪ੍ਰਕਾਸ਼ ਸਿੰਘ ਬਾਦਲ ਵਰਗਾ ਸਮੇਂ ਦਾ ਪਾਬੰਦ ਉਹਨਾਂ ਦੇ ਕੱਦ ਵਾਲਾ ਕੋਈ ਹੋਰ ਸਿਆਸਤਦਾਨ ਉਹਨਾਂ ਨੇ ਨਹੀ ਵੇਖਿਆ।



ਸ ਅਦਲੀਵਾਲ ਨੇ ਕਿਹਾ ਕਿ ਸ. ਬਾਦਲ ਨੇ ਸਿੱਖ ਸੰਘਰਸ਼ਾਂ ਦੌਰਾਨ ਜਿਕਰਯੋਗ ਯੋਗਦਾਨ ਪਾਇਆਂ ਤੇ ਜੇਲ੍ਹਾਂ ਵੀ ਕੱਟੀਆਂ। 1982 ਵਿੱਚ ਅਕਾਲੀ ਦਲ ਵੱਲੋਂ ਵਿੱਢੇ ਧਰਮ ਯੁੱਧ ਮੋਰਚੇ ਦੀ ਰੂਪ ਰੇਖਾ ਜਦੋਂ ਫਾਈਨਲ ਹੋ ਗਈ ਤਾਂ ਸ੍ਰ. ਬਾਦਲ ਹੀ ਸਨ ਜਿਨ੍ਹਾ ਨੇ ਹੱਥ ਜੋੜ ਕੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਬੇਨਤੀ ਕੀਤੀ ਸੀ ਕਿ ਪੰਜਾਬ ਦੇ ਲੋਕਾਂ ਨੇ ਉਹਨਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਨਾਲ ਨਿਵਾਜਿਆ ਹੈ ਇਸ ਲਈ ਪਹਿਲੇ ਜਥੇ ਦੀ ਅਗਵਾਈ ਕਰਨ ਦੀ ਆਗਿਆ ਉਹਨਾਂ ਨੂੰ ਦਿੱਤੀ ਜਾਵੇ ਤੇ 4 ਅਗਸਤ,1982 ਨੂੰ ਰੱਖੜੀ ਵਾਲੇ ਦਿਨ 5000 ਸਿੰਘਾਂ ਦੇ ਪਹਿਲੇ ਜਥੇ ਦੀ ਅਗਵਾਈ ਉਹਨਾਂ ਨੇ ਕੀਤੀ ਸੀ। ਮੋਰਚਾ ਡਿਕਟੇਟਰ ਦੇ ਹੁਕਮ ਦੀ ਪੂਰਤੀ ਲਈ ਸੰਵਿਧਾਨ ਦੀ ਧਾਰਾ 25 ਸਾੜਨ ਲਈ ਗ੍ਰਿਫ਼ਤਾਰੀ ਤੋਂ ਬਚਦਿਆਂ ਦਿੱਲੀ ਪਹੁੰਚਣ ਲਈ ਉਹਨਾਂ ਨੂੰ ਟਰੱਕ ਡਰਾਈਵਰ ਦੇ ਰੂਪ ਵਿੱਚ ਜਾਣਾ ਪਿਆ ਸੀ।

ਸ਼੍ਰੋਮਣੀ ਗੁ:ਪ੍ਰ: ਕਮੇਟੀ ਦੇ ਸੇਵਾ ਮੁਕਤ ਕਰਮਚਾਰੀ/ਅਧਿਕਾਰੀਆਂ ਵੱਲੋਂ ਉਹਨਾਂ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਅਤੇ ਸਤਿਕਾਰ ਭੇਟ ਕਰਨ ਵਾਲਿਆਂ ਵਿੱਚ ਸ. ਕੁਲਵੰਤ ਸਿੰਘ ਰੰਧਾਵਾ, ਸ. ਹਰਬੇਅੰਤ ਸਿੰਘ, ਸ. ਦਲਮੇਘ ਸਿੰਘ, ਸ. ਰਣਵੀਰ ਸਿੰਘ, ਸ. ਤਰਲੋਚਨ ਸਿੰਘ, ਸ. ਸਤਬੀਰ ਸਿੰਘ ਧਾਮੀ, ਸ. ਦਿਲਜੀਤ ਸਿੰਘ ਬੇਦੀ, ਸ. ਕੁਲਦੀਪ ਸਿੰਘ ਬਾਵਾ, ਸ. ਰਣਜੀਤ ਸਿੰਘ, ਸ ਰਮਿੰਦਰਬੀਰ ਸਿੰਘ, ਸ ਰਾਜ ਸਿੰਘ ਤੇ ਹੋਰ ਸ਼ਾਮਲ ਸਨ।




# ਨਰੋਦਾ ਗਾਮ ਦੰਗੇ: ਕੋਡਨਾਨੀ ਅਤੇ ਬਜਰੰਗੀ ਸਣੇ ਸਾਰੇ 67 ਮੁਲਜ਼ਮ ਬਰੀ

## ਪੀੜਤਾਂ ਵੱਲੋਂ ਫ਼ੈਸਲੇ ਨੂੰ ਗੁਜਰਾਤ ਹਾਈ ਕੋਰਟ 'ਚ ਦਿੱਤੀ ਜਾਵੇਗੀ ਚੁਣੌਤੀ





ਅਹਿਮਦਾਬਾਦ-ਗੁਜਰਾਤ ਦੀ ਇਕ ਵਿਸ਼ੇਸ਼ ਅਦਾਲਤ ਨੇ 2002 ਦੇ ਨਰੋਦਾ ਗਾਮ ਦੰਗਿਆਂ ਦੇ ਮਾਮਲੇ 'ਚ ਗੁਜਰਾਤ ਦੀ ਸਾਬਕਾ ਮੰਤਰੀ ਮਾਯਾ ਕੋਡਨਾਨੀ ਅਤੇ ਬਜਰੰਗ ਦਲ ਦੇ ਸਾਬਕਾ ਆਗੂ ਬਾਬੂ ਬਜਰੰਗੀ ਸਮੇਤ ਸਾਰੇ 67 ਮੁਲਜ਼ਮਾਂ ਨੂੰ ਅੱਜ ਬਰੀ ਕਰ ਦਿੱਤਾ। ਅਹਿਮਦਾਬਾਦ ਦੇ ਨਰੋਦਾ ਗਾਮ 'ਚ ਗੋਧਰਾ ਕਾਂਡ ਮਗਰੋਂ ਭੜਕੇ ਦੰਗਿਆਂ 'ਚ ਘੱਟ ਗਿਣਤੀ ਫਿਰਕੇ ਦੇ 11 ਮੈਂਬਰ ਮਾਰੇ ਜਾਣ ਦੇ ਦੋ ਦਹਾਕਿਆਂ ਤੋਂ ਵੱਧ ਸਮੇਂ ਮਗਰੋਂ ਵਿਸ਼ੇਸ਼ ਅਦਾਲਤ ਦਾ ਇਹ ਫ਼ੈਸਲਾ ਆਇਆ ਹੈ। ਅਹਿਮਦਾਬਾਦ ਸਥਿਤ ਵਿਸ਼ੇਸ਼ ਜਾਂਚ ਟੀਮ ਕੇਸਾਂ ਦੇ ਵਿਸ਼ੇਸ਼ ਜੱਜ ਐੱਸ ਕੇ ਬਕਸ਼ੀ ਦੀ ਅਦਾਲਤ ਨੇ ਨਰੋਦਾ ਗਾਮ ਦੰਗਿਆਂ ਨਾਲ ਜੁੜੇ ਇਸ ਮਾਮਲੇ 'ਚ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਗੋਧਰਾ 'ਚ 27 ਫਰਵਰੀ, 2002 ਨੂੰ ਸਾਬਰਮਤੀ ਐਕਸਪ੍ਰੈੱਸ ਦੇ ਡੱਬੇ 'ਚ ਅੱਗ ਲਗਾਏ ਜਾਣ ਮਗਰੋਂ ਗੁਜਰਾਤ 'ਚ ਦੰਗੇ ਹੋਏ ਸਨ। ਇਸ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਵੱਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ ਨੇ ਕੀਤੀ ਸੀ। ਸੰਖੇਪ ਫ਼ੈਸਲਾ ਸੁਣਾਏ ਜਾਣ ਮਗਰੋਂ ਕੁਝ ਮੁਲਜ਼ਮਾਂ ਨੇ ਅਦਾਲਤ ਦੇ ਬਾਹਰ 'ਜੈ ਸ੍ਰੀ ਰਾਮ' ਅਤੇ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਲਗਾਏ। ਜਿਨ੍ਹਾਂ ਮੁਲਜ਼ਮਾਂ ਨੂੰ ਬਰੀ ਕੀਤਾ ਗਿਆ, ਉਨ੍ਹਾਂ 'ਚ ਗੁਜਰਾਤ ਸਰਕਾਰ 'ਚ ਮੰਤਰੀ ਰਹੀ ਕੋਡਨਾਨੀ, ਵਿਸ਼ਵ ਹਿੰਦੂ ਪਰਿਸ਼ਦ ਆਗੂ ਜਯਦੀਪ ਪਟੇਲ ਅਤੇ ਬਜਰੰਗ ਦਲ ਦੇ ਸਾਬਕਾ ਆਗੂ ਬਾਬੂ ਬਜਰੰਗੀ ਸ਼ਾਮਲ ਹਨ। ਇਸ ਮਾਮਲੇ 'ਚ ਕੁੱਲ 86 ਮੁਲਜ਼ਮ ਸਨ ਜਿਨ੍ਹਾਂ 'ਚੋਂ 18 ਦੀ ਸੁਣਵਾਈ ਦੌਰਾਨ ਮੌਤ ਹੋ ਗਈ ਜਦਕਿ ਇਕ ਨੂੰ ਅਦਾਲਤ ਨੇ ਸੀਆਰਪੀਸੀ ਦੀ ਧਾਰਾ 169 ਤਹਿਤ ਸਬੂਤਾਂ ਦੀ ਘਾਟ ਤਹਿਤ ਪਹਿਲਾਂ ਹੀ ਬਰੀ ਕਰ ਦਿੱਤਾ ਸੀ। ਬਰੀ ਕੀਤੇ ਗਏ ਮੁਲਜ਼ਮਾਂ 'ਚੋਂ ਇਕ ਨੇ ਕਿਹਾ ਕਿ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਨੇ ਉਨ੍ਹਾਂ ਲੋਕਾਂ ਦਾ ਪਰਦਾਫਾਸ਼ ਕਰ ਦਿੱਤਾ ਹੈ ਜਿਨ੍ਹਾਂ ਉਸ ਜਿਹੇ ਬੇਕਸੂਰ ਲੋਕਾਂ ਨੂੰ ਫਸਾਉਣ ਦੀ ਸਾਜ਼ਿਸ਼ ਘੜੀ ਸੀ। ਜ਼ਿਕਰਯੋਗ ਹੈ ਕਿ ਤਤਕਾਲੀ ਭਾਜਪਾ ਪ੍ਰਧਾਨ ਅਮਿਤ ਸ਼ਾਹ, ਜੋ ਹੁਣ ਕੇਂਦਰੀ ਗ੍ਰਹਿ ਮੰਤਰੀ ਹਨ, ਸਤੰਬਰ 2017 'ਚ ਕੋਡਨਾਨੀ ਦੇ ਬਚਾਅ ਪੱਖ ਦੇ ਗਵਾਹ ਵਜੋਂ ਹੇਠਲੀ ਅਦਾਲਤ 'ਚ ਪੇਸ਼ ਹੋਏ ਸਨ। ਭਾਜਪਾ ਦੀ ਸਾਬਕਾ ਮੰਤਰੀ ਕੋਡਨਾਨੀ ਨੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਸ਼ਾਹ ਨੂੰ ਇਹ ਸਾਬਿਤ ਕਰਨ ਲਈ ਸੱਦਿਆ ਜਾਵੇ ਕਿ ਉਹ ਗੁਜਰਾਤ ਵਿਧਾਨ ਸਭਾ 'ਚ ਅਤੇ ਬਾਅਦ 'ਚ ਅਹਿਮਦਾਬਾਦ ਦੇ ਸੋਲਾ ਸਿਵਲ ਹਸਪਤਾਲ 'ਚ ਮੌਜੂਦ ਸੀ ਨਾ ਕਿ ਨਰੋਦਾ ਗਾਮ 'ਚ, ਜਿਥੇ ਕਤਲੇਆਮ ਹੋਇਆ ਸੀ। ਛੇ ਵੱਖ ਵੱਖ ਜੱਜਾਂ ਨੇ ਕੇਸ ਦੀ ਸੁਣਵਾਈ ਕੀਤੀ। ਕੋਡਨਾਨੀ ਨੂੰ ਹੇਠਲੀ ਅਦਾਲਤ ਨੇ ਨਰੋਦਾ ਪਾਟਿਆ ਇਲਾਕੇ 'ਚ ਦੰਗਿਆਂ ਦੇ ਮਾਮਲੇ 'ਚ 28 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਸੀ। ਨਰੋਦਾ ਪਾਟਿਆ 'ਚ 97 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ। ਨਰੋਦਾ ਗਾਮ ਕਤਲੇਆਮ 2002 ਦੇ ਫਿਰਕੂ ਦੰਗਿਆਂ ਦੇ 9 ਵੱਡੇ ਦੰਗਿਆਂ 'ਚੋਂ ਇਕ ਸੀ ਜਿਸ ਦੀ ਸੁਪਰੀਮ ਕੋਰਟ ਵੱਲੋਂ ਨਿਯੁਕਤ ਸਿਟ ਵੱਲੋਂ ਜਾਂਚ ਕੀਤੀ ਗਈ ਸੀ।

### ਸੱਚਾਈ ਦੀ ਅੱਜ ਜਿੱਤ ਹੋਈ: ਕੋਡਨਾਨੀ

ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ 'ਚ ਮੰਤਰੀ ਰਹੀ ਕੋਡਨਾਨੀ ਨੇ ਬਰੀ ਹੋਣ ਮਗਰੋਂ ਕਿਹਾ,"ਸੱਚ 'ਚ ਅੱਜ ਸੱਚਾਈ ਦੀ ਜਿੱਤ ਹੋਈ ਹੈ।" ਕੇਸ 'ਚ 86 'ਚੋਂ 82 ਮੁਲਜ਼ਮਾਂ ਦੀ ਵਕਾਲਤ ਕਰਨ ਵਾਲੇ ਵਕੀਲ ਚੇਤਨ ਸ਼ਾਹ ਨੇ ਕਿਹਾ ਕਿ ਉਨ੍ਹਾਂ ਯਕੀਨੀ ਬਣਾਇਆ ਕਿ 'ਬੇਕਸੂਰਾਂ' ਨੂੰ ਬਰੀ ਕਰ ਦਿੱਤਾ ਜਾਵੇ।

### ਪੁਲੀਸ ਦੀ ਮੌਜੂਦਗੀ 'ਚ 11 ਵਿਅਕਤੀਆਂ ਨੂੰ ਕਿਸ ਨੇ ਸਾੜਿਆ: ਪੀੜਤ

ਪੀੜਤਾਂ ਦੇ ਵਕੀਲ ਸ਼ਹਿਸ਼ਾਦ ਪਠਾਨ ਨੇ ਕਿਹਾ ਕਿ ਬਰੀ ਕਰਨ ਦੇ ਹੁਕਮਾਂ ਨੂੰ ਗੁਜਰਾਤ ਹਾਈ ਕੋਰਟ 'ਚ ਚੁਣੌਤੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇੰਜ ਜਾਪਦਾ ਹੈ ਕਿ ਪੀੜਤਾਂ ਨੂੰ ਇਨਸਾਫ਼ ਤੋਂ ਮਹਿਰੂਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ,"ਸਵਾਲ ਅਜੇ ਵੀ ਇਹੋ ਹੈ ਕਿ ਪੁਲੀਸ ਕਰਮੀਆਂ ਦੀ ਮੌਜੂਦਗੀ 'ਚ 11 ਵਿਅਕਤੀਆਂ ਨੂੰ ਕਿਸੇ ਨੇ ਸਾੜਿਆ ਸੀ?"




2002 ਦੇ ਨਰੋਦਾ ਗਾਮ ਕਤਲੇਆਮ ਦੇ ਦੋਸ਼ੀ ਲੋਕ ਸੈਸ਼ਨ ਅਦਾਲਤ ਤੋਂ ਬਰੀ ਹੋਣ ਤੋਂ ਬਾਅਦ ਖੁਸ਼ੀ ਮਨਾਉਂਦੇ ਹੋਏ।

# ਅਤੀਕ ਅਹਿਮਦ ਦਾ ਬੇਟਾ ਤੇ ਇਕ ਹੋਰ ਸ਼ੂਟਰ ਮੁਕਾਬਲੇ 'ਚ ਹਲਾਕ





ਲਖਨਊ/ਝਾਂਸੀ : ਗੈਂਗਸਟਰ ਤੋਂ ਰਾਜ ਨੇਤਾ ਬਣੇ ਅਤੀਕ ਅਹਿਮਦ ਦੇ ਬੇਟੇ ਅਸਦ ਅਹਿਮਦ ਨੂੰ ਯੂ.ਪੀ. ਐਸ.ਟੀ.ਐਫ. ਦੀ ਟੀਮ ਨੇ ਮੁਕਾਬਲੇ ਦੌਰਾਨ ਮਾਰ ਸੁੱਟਿਆ। ਅਸਦ ਨਾਲ ਇਕ ਹੋਰ ਗੈਂਗਸਟਰ ਗੁਲਾਮ ਨੂੰ ਵੀ ਮਾਰ ਦਿੱਤਾ ਗਿਆ। ਉਕਤ ਦੋਵੇਂ ਗੈਂਗਸਟਰ ਉਮੇਸ਼ ਪਾਲ ਹੱਤਿਆ ਕਾਂਡ ਵਿਚ ਅਤਿ ਲੋੜੀਂਦੇ ਸਨ ਅਤੇ ਦੋਵਾਂ ਦੇ ਸਿਰ 'ਤੇ 5-5 ਲੱਖ ਰੁਪਏ ਦਾ ਇਨਾਮ ਸੀ। ਜਾਣਕਾਰੀ ਅਨੁਸਾਰ ਐਸ.ਟੀ.ਐਫ. ਨੇ ਇਨ੍ਹਾਂ ਦੀ ਝਾਂਸੀ ਵਿਖੇ ਘੇਰਾਬੰਦੀ ਕੀਤੀ ਅਤੇ ਇਸੇ ਦੌਰਾਨ ਅਸਦ ਅਤੇ ਗੁਲਾਮ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਵਾਬੀ ਕਾਰਵਾਈ ਵਿਚ ਦੋਵੇਂ ਗੈਂਗਸਟਰ ਮਾਰੇ ਗਏ। ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਦੋਵੇਂ ਜਣੇ ਮੋਟਰਸਾਈਕਲ 'ਤੇ ਸਵਾਰ ਸਨ। ਅਧਿਕਾਰੀਆਂ ਨੇ ਦੱਸਿਆ ਕਿ ਦੋਵਾਂ ਦੇ ਕਬਜ਼ੇ 'ਚੋਂ ਵਿਦੇਸ਼ੀ ਪਿਸਤੌਲ ਬਰਾਮਦ ਹੋਏ ਹਨ। ਦੱਸਣਯੋਗ ਹੈ ਕਿ ਉਮੇਸ਼ ਪਾਲ 2005 ਵਿਚ ਬਸਪਾ ਦੇ ਵਿਧਾਇਕ ਰਾਜੂ ਪਾਲ ਅਤੇ ਉਸ ਦੇ ਦੋ ਸੁਰੱਖਿਆ ਕਰਮੀਆਂ ਦੀ ਹੱਤਿਆ ਮਾਮਲੇ ਦਾ ਮੁੱਖ ਗਵਾਹ ਸੀ ਅਤੇ ਉਮੇਸ਼ ਨੂੰ ਇਸੇ ਸਾਲ 24 ਫਰਵਰੀ ਨੂੰ ਉਸ ਦੇ ਘਰ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਅਸਦ ਅਤੇ ਗੁਲਾਮ 24 ਫਰਵਰੀ ਤੋਂ ਪੁਲਿਸ ਕੋਲੋਂ ਭੱਜ ਰਹੇ ਸਨ ਅਤੇ ਐਸ.ਟੀ.ਐਫ. ਦੀਆਂ ਟੀਮਾਂ ਲਗਾਤਾਰ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਸਨ। ਉਮੇਸ਼ ਪਾਲ ਦੀ ਪਤਨੀ ਜਯਾ ਪਾਲ ਦੀ ਸ਼ਿਕਾਇਤ ਦੇ ਆਧਾਰ 'ਤੇ ਅਤੀਕ ਅਹਿਮਦ, ਉਸ ਦੇ ਭਰਾ ਅਸ਼ਰਫ, ਅਸਦ, ਗੁਲਾਮ ਅਤੇ ਹੋਰਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਅਸਦ ਦੇ ਮੁਕਾਬਲੇ ਦੀ ਖ਼ਬਰ ਸਾਹਮਣੇ ਆਉਣ ਤੋਂ ਬਾਅਦ ਉਮੇਸ਼ ਦੀ ਪਤਨੀ ਜਯਾ ਪਾਲ ਨੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੋ ਵੀ ਅੱਜ ਹੋਇਆ, ਉਹ ਬਿਲਕੁਲ ਸਹੀ ਹੈ।

**ਅਤੀਕ ਅਤੇ ਅਸ਼ਰਫ 14 ਦਿਨ ਦੀ ਨਿਆਂਇਕ ਹਿਰਾਸਤ 'ਚ :** ਪ੍ਰਯਾਗਰਾਜ-ਮਾਫੀਆ ਅਤੇ ਸਾਬਕਾ ਸੰਸਦ ਮੈਂਬਰ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਨੂੰ ਉਮੇਸ਼ ਪਾਲ ਦੀ ਹੱਤਿਆ ਦੇ ਮਾਮਲੇ ਵਿਚ ਵੀਰਵਾਰ ਨੂੰ ਅਦਾਲਤ ਵਿਚ ਭਾਰੀ ਸੁਰੱਖਿਆ ਹੇਠ ਪੇਸ਼ ਕੀਤਾ ਗਿਆ, ਜਿੱਥੇ ਦੋਵਾਂ ਨੂੰ 14 ਦਿਨ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਇਸ ਦੇ ਨਾਲ ਹੀ ਅਦਾਲਤ ਨੇ ਦੋਵਾਂ ਦੇ 5 ਦਿਨ ਦਾ ਪੁਲਿਸ ਰਿਮਾਂਡ ਵੀ ਦਿੱਤਾ। ਅਤੀਕ ਨੂੰ ਬੁੱਧਵਾਰ ਸ਼ਾਮ ਲਗਪਗ 6 ਵਜੇ ਇੱਥੇ ਲਿਆਂਦਾ ਗਿਆ ਸੀ ਅਤੇ ਦੇਰੀ ਹੋ ਜਾਣ ਕਾਰਨ ਉਸ ਨੂੰ ਬੁੱਧਵਾਰ ਨੂੰ ਪੇਸ਼ ਨਹੀਂ ਕੀਤਾ ਜਾ ਸਕਿਆ ਸੀ। ਬਰੇਲੀ ਜੇਲ੍ਹ ਤੋਂ ਨੈਨੀ ਜੇਲ੍ਹ ਵਿਚ ਲਿਆਂਦਾ ਗਿਆ ਅਤੀਕ ਦਾ ਭਰਾ ਵੀ ਇਸੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਦੋਵਾਂ ਭਰਾਵਾਂ ਨੂੰ 26 ਅਪ੍ਰੈਲ ਤੱਕ ਨੈਨੀ ਜੇਲ੍ਹ ਵਿਚ ਰੱਖਿਆ ਜਾਵੇਗਾ।

# ਈਦ-ਉੱਲ-ਫਿਤਰ ਦਾ ਤਿਉਹਾਰ ਮਨਾਇਆ, ਮਸਜਿਦਾਂ 'ਚ ਲੱਗੀਆਂ ਰਹੀਆਂ ਰੌਣਕਾਂ





ਜੰਮੂ : ਰਮਜ਼ਾਨ ਦਾ ਪਵਿੱਤਰ ਮਹੀਨਾ ਪੂਰਾ ਹੋਣ ਮਗਰੋਂ ਅੱਜ ਈਦ-ਉੱਲ-ਫਿਤਰ ਦਾ ਤਿਉਹਾਰ ਦੇਸ਼ ਭਰ ਵਿਚ ਮਨਇਆ ਜਾ ਰਿਹਾ ਹੈ। ਈਦ ਮੌਕੇ ਦੇਸ਼ ਭਰ ਦੀਆਂ ਮਸਜਿਦਾਂ 'ਚ ਰੌਣਕਾਂ ਲੱਗੀਆਂ ਹਨ। ਜੰਮੂ ਵਿਚ ਵੀ ਈਦ-ਉੱਲ-ਫਿਤਰ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਨਮਾਜ਼ ਅਦਾ ਕਰਨ ਲਈ ਜੰਮੂ ਸਥਿਤ ਮਸਜ਼ਿਦਾਂ ਵਿਚ ਵੀ ਲੋਕਾਂ ਦੀ ਵੱਡੀ ਭੀੜ ਵੇਖਣ ਨੂੰ ਮਿਲੀ। ਈਦ ਦੇ ਮੁਬਾਰਕ ਮੌਕੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਨਮਾਜ਼ ਅਦਾ ਕੀਤੀ ਅਤੇ ਇਸ ਤੋਂ ਬਾਅਦ ਇਕ-ਦੂਜੇ ਨੂੰ ਗਲੇ ਲਾ ਕੇ ਈਦ ਮੁਬਾਰਕ ਕਿਹਾ।

ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਈਦ-ਉੱਲ-ਫ਼ਿਤਰ ਦੇ ਪਵਿੱਤਰ ਮੌਕੇ 'ਤੇ ਜਲੰਧਰ ਦੇ ਗੁਲਾਬ ਦੇਵੀ ਰੋਡ ਦਰਗਾਹ ਵਿਖੇ ਪੁੱਜੇ ਸਨ। ਇਸ ਮੌਕੇ ਉਨ੍ਹਾਂ ਵੱਲੋਂ ਮੁਸਲਮਾਨ ਭਾਈਚਾਰੇ ਨੂੰ ਵਧਾਈ ਦਿੱਤੀ ਗਈ। ਮੁੱਖ ਮੰਤਰੀ ਮਾਨ ਦੇ ਨਾਲ ਸੁਸ਼ੀਲ ਰਿੰਕੂ, ਬਲਕਾਰ ਸਿੰਘ ਅਤੇ ਹੋਰਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਰਕਰ ਵੀ ਵੱਡੀ ਗਿਣਤੀ 'ਚ ਹਾਜ਼ਰ ਰਹੇ। ਮੁੱਖ ਮੰਤਰੀ ਮਾਨ ਵੱਲੋਂ ਈਦ-ਉੱਲ-ਫ਼ਿਤਰ ਦੇ ਪਵਿੱਤਰ ਮੌਕੇ ਦੇਸ਼-ਵਿਦੇਸ਼ਾਂ 'ਚ ਵੱਸਦੇ ਸਮੂਹ ਮੁਸਲਿਮ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ ਗਈ ਹੈ। ਇਸ ਮੌਕੇ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸਾਡੇ ਤਿਉਹਾਰਾਂ ਦੇ ਨਾਵਾਂ 'ਚ ਵੀ ਇਕ-ਦੂਜੇ ਦੇ ਦੇਵਤਿਆਂ ਦੇ ਨਾਂ ਹਨ ਤਾਂ ਫਿਰ ਪਰਮਾਤਮਾ ਨੂੰ ਕਿਵੇਂ ਵੰਡਿਆ ਜਾ ਸਕਦਾ ਹੈ ਅਤੇ ਸਾਰੇ ਆਪਣੇ ਹੀ ਹਨ। ਕੋਈ ਵੀ ਧਰਮ ਵੱਖ ਹੋਣ ਦਾ ਸੁਨੇਹਾ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਮੁਸਲਮਾਨਾਂ ਦੀ ਨਮਾਜ਼ 'ਚ ਲੋਕਾਂ ਲਈ ਦੁਆਵਾਂ ਹਨ ਅਤੇ ਹਿੰਦੂ ਧਰਮ ਦੀ ਆਰਤੀ 'ਚ ਵੀ ਲੋਕਾਂ ਲਈ ਅਰਦਾਸ ਹੈ। ਉਨ੍ਹਾਂ ਕਿਹਾ ਕਿ ਤਿਉਹਾਰ ਤਾਂ ਸਿਰਫ਼ ਲੋਕਾਂ ਨੇ ਹੀ ਬਚਾ ਰੱਖੇ ਹਨ, ਜੇਕਰ ਇਹ ਲੀਡਰਾਂ ਦੇ ਵੱਸ ਪੈ ਜਾਂਦੇ ਤਾਂ ਉਨ੍ਹਾਂ ਨੇ ਤਕਰਾਰ ਦੀਆਂ ਹੋਰ ਵੀ ਗੂੜ੍ਹੀਆਂ ਲਾਈਨਾਂ ਖਿੱਚ ਦੇਣੀਆਂ ਸੀ। ਦੱਸਣਯੋਗ ਹੈ ਕਿ ਇਸਲਾਮਿਕ ਕਲੰਡਰ ਮੁਤਾਬਕ ਰਮਜ਼ਾਨ ਦਾ ਪਵਿੱਤਰ ਮਹੀਨਾ ਖ਼ਤਮ ਹੋਣ ਮਗਰੋਂ ਈਦ-ਉੱਲ-ਫਿਤਰ ਦਾ ਤਿਉਹਾਰ ਮਨਾਇਆ ਜਾਂਦਾ ਹੈ। ਜਿਸ ਦੀ ਸ਼ੁਰੂਆਤ ਸਵੇਰੇ ਨਮਾਜ਼ ਨਾਲ ਹੋ ਜਾਂਦੀ ਹੈ। ਸਵੇਰੇ-ਸਵੇਰੇ ਹੀ ਨਮਾਜ਼ ਅਦਾ ਕਰਨ ਲਈ ਮਸਜ਼ਿਦਾਂ ਵਿਚ ਲੋਕਾਂ ਦੀ ਭੀੜ ਉਮੜੀ। ਰਮਜ਼ਾਨ ਦੀ ਸ਼ੁਰੂਆਤ ਪਿਛਲੇ ਮਹੀਨੇ 24 ਮਾਰਚ ਨੂੰ ਹੋਈ ਸੀ। 24 ਮਾਰਚ ਤੋਂ ਸ਼ੁਰੂ ਹੋਏ ਰਮਜ਼ਾਨ ਮਹੀਨੇ ਦਾ ਆਖ਼ਰੀ ਜੁਮਾ 21 ਅਪ੍ਰੈਲ ਨੂੰ ਸੀ। ਜੁਮੇ ਦੇ ਦਿਨ ਅਲਵਿਦਾ ਦੀ ਨਮਾਜ਼ ਅਦਾ ਕੀਤੀ ਜਾਂਦੀ ਹੈ।

# ਅਸਾਮ 'ਚ ਵੱਡੇ ਪੱਧਰ ਤੇ ਮਨਾਇਆ ਬਿਹੂ, ਹਜ਼ਾਰਾਂ ਢੋਲੀਆਂ ਤੇ ਨਚਾਰਾਂ ਨੇ ਬਣਾਇਆ ਗਿਨੀਜ਼ ਵਰਲਡ ਰਿਕਾਰਡ





ਗੁਵਾਹਾਟੀ : ਅਸਾਮ ਨੇ 11,304 ਨਚਾਰਾਂ ਤੇ ਢੋਲੀਆਂ ਦੇ ਨਾਲ ਇਕ ਹੀ ਜਗ੍ਹਾ 'ਤੇ 'ਬਿਹੂ' ਡਾਂਸ ਕਰਨ ਤੇ ਢੋਲ ਬਜਾਉਣ ਦੇ ਨਾਲ ਵੀਰਵਾਰ ਨੂੰ ਗਿੰਨੀਜ਼ ਵਰਲਡ ਰਿਕਾਰਡ ਵਿਚ ਆਪਣਾ ਨਾਂ ਦਰਜ ਕਰਵਾ ਲਿਆ। ਸੂਬੇ ਦੇ ਮੁੱਖ ਮੰਤਰੀ ਹਿਮੰਤ ਵਿਸ਼ਵ ਸ਼ਰਮਾ ਨੇ ਇਹ ਜਾਣਕਾਰੀ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਲੋਕਨਾਚ ਦਾ ਸਭ ਤੋਂ ਵੱਡਾ ਆਯੋਜਨ ਸੀ। ਲੰਡਨ ਵਿਚ ਗਿਨੀਜ਼ ਵਰਲਡ ਰਿਕਾਰਡਜ਼ ਦੇ ਹੈੱਡਕੁਆਰਟਰ ਦੇ ਇਕ ਨਿਰਣਾਇਕ ਦੀ ਹਾਜ਼ਰੀ ਵਿਚ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਦਿੱਤੀ ਤੇ 'ਬਿਹੂ' ਡਾਂਸ ਤੇ ਢੋਲ ਦੇ ਲਈ ਇਹ ਵਿਸ਼ਵਕ ਪ੍ਰਾਪਤੀ ਹਾਸਲ ਕੀਤੀ।

ਹਿਮੰਤ ਵਿਸ਼ਵ ਸ਼ਰਮਾ ਨੇ ਇੱਥੇ ਇੰਦਰਾ ਗਾਂਧੀ ਐਥਲੈਟਿਕ ਸਟੇਡੀਅਮ ਵਿਚ ਕਿਹਾ, 'ਅਸੀਂ 11,304 ਨਚਾਰਾਂ ਤੇ ਢੋਲੀਆਂ ਦੇ ਨਾਲ ਪੇਸ਼ਕਾਰੀ ਦੇ ਕੇ ਬਿਹੂ ਨਾਚ ਤੇ ਬਿਹੂ ਢੋਲ, ਦੋਵਾਂ ਲਈ ਵਿਸ਼ਵ ਰਿਕਾਰਡ ਬਣਾਏ ਹਨ। ਇਹ ਇਕ ਹੀ ਜਗ ?ਹਾ 'ਤੇ ਸਭ ਤੋਂ ਵੱਡਾ ਬਿਹੂ ਨਾਚ ਤੇ ਬਿਹੂ ਢੋਲ ਪ੍ਰਦਰਸ਼ਨ ਹੈ।' ਗਿਨੀਜ਼ ਵਰਲਡ ਰਿਕਾਰਡਜ਼ ਵਿਚ ਬਿਹੂ ਦਰਜ ਕਰਨ ਦੀ ਪ੍ਰਕੀਰਿਆ ਅਸਾਮ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੀ।

# ਖਿਡਾਰੀਆਂ ਨੂੰ ਇਨਸਾਫ਼ ਨਾ ਮਿਲਣਾ ਸ਼ਰਮਨਾਕ: ਮਲਿਕ

ਨਵੀਂ ਦਿੱਲੀ : ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਨੇ ਕਿਹਾ ਕਿ ਸ਼ਰਮਨਾਕ ਹੈ ਕਿ ਦੇਸ਼ ਨੂੰ ਕੌਮਾਂਤਰੀ ਪੱਧਰ 'ਤੇ ਮਾਣ ਦਿਵਾਉਣ ਵਾਲੇ ਖਿਡਾਰੀ ਹੁਣ ਇਨਸਾਫ਼ ਲਈ ਸੜਕਾਂ 'ਤੇ ਹਨ। ਮਲਿਕ ਨੇ ਕਿਹਾ ਕਿ ਉਨ੍ਹਾਂ ਓਲੰਪਿਕ ਤਗ਼ਮਾ ਜੇਤੂ ਬਜਰੰਗ ਪੂਨੀਆਂ ਨਾਲ ਬੀਤੀ ਰਾਤ ਗੱਲ ਕੀਤੀ ਸੀ ਅਤੇ ਧਰਨੇ ਵਿੱਚ ਸ਼ਾਮਲ ਹੋਣ ਦਾ ਵਾਅਦਾ ਕੀਤਾ ਸੀ। ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਦੇਸ਼ ਦੇ ਚੋਟੀ ਦੇ ਪਹਿਲਵਾਨ ਐਤਵਾਰ ਤੋਂ ਇੱਥੇ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਹਨ। ਵ ?ਹੀਲਚੇਅਰ ਰਾਹੀਂ ਧਰਨੇ ਵਿੱਚ ਪੁੱਜੇ ਉੱਘੇ ਸਿਆਸਤਦਾਨ



ਮਲਿਕ ਨੇ ਕਿਹਾ, "ਜਦੋਂ ਸਾਡੀਆਂ ਧੀਆਂ ਤਗ਼ਮੇ ਜਿੱਤ ਕੇ ਤਿਰੰਗਾ ਲਹਿਰਾਉਂਦੀਆਂ ਹਨ ਤਾਂ ਅਸੀਂ ਬੜੀ ਬੇਸ਼ਰਮੀ ਨਾਲ ਸਤਿਕਾਰ ਦੇਣ ਅਤੇ ਤਸਵੀਰਾਂ ਖਿਚਵਾਉਣ ਲਈ ਉਨ੍ਹਾਂ ਨੂੰ ਚਾਹ 'ਤੇ ਬੁਲਾਉਂਦੇ ਹਾਂ। ਅੱਜ ਉਹ ਸੜਕਾਂ 'ਤੇ ਹਨ। ਸਾਨੂੰ ਸ਼ਰਮ ਨਾਲ ਡੁੱਬ ਜਾਣਾ ਚਾਹੀਦਾ ਹੈ।" ਮਲਿਕ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਤੁਹਾਨੂੰ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਜਿੱਤ ਤੱਕ ਉਨ੍ਹਾਂ ਦੀ ਡੱਟ ਕੇ ਹਮਾਇਤ ਕਰੋ ਅਤੇ ਇਹ ਇਕੱਠ ਹੋਰ ਵਿਸ਼ਾਲ ਹੋਣਾ ਚਾਹੀਦਾ ਹੈ।" ਉਨ੍ਹਾਂ ਕਿਹਾ, "ਇਹ ਸਿਰਫ਼ ਤੁਹਾਡੀ ਲੜਾਈ ਨਹੀਂ ਹੈ, ਇਹ ਸਾਡੀਆਂ ਧੀਆਂ ਦੇ ਮਾਣ-ਇੱਜ਼ਤ ਦੀ ਲੜਾਈ ਹੈ।" 76 ਸਾਲਾ ਮਲਿਕ ਨੇ ਕਿਹਾ, "ਪੁਲੀਸ ਨੂੰ ਬਿਨਾਂ ਸਮਾਂ ਗੁਆਏ (ਬ੍ਰਿਜ ਭੂਸ਼ਨ ਖ਼ਿਲਾਫ਼) ਕੇਸ ਦਰਜ ਕਰਨਾ ਚਾਹੀਦਾ ਹੈ। ਜਿੱਤ ਤੁਹਾਡੀ (ਪਹਿਲਵਾਨਾਂ ਦੀ) ਹੋਵੇਗੀ। ਪੂਰਾ ਮੁਲਕ ਤੁਹਾਡੇ ਨਾਲ ਹੈ।"

# ਆਬਕਾਰੀ ਨੀਤੀ: ਸਿਸੋਦੀਆ ਤੇ ਹੋਰਨਾਂ ਖਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਦਾਖਲ

ਨਵੀਂ ਦਿੱਲੀ : ਸੀਬੀਆਈ ਨੇ ਆਬਕਾਰੀ ਨੀਤੀ ਕੇਸ ਵਿੱਚ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਹੋਰਨਾਂ ਖਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਦਾਖਲ ਕੀਤੀ ਹੈ। ਵਿਸ਼ੇਸ਼ ਜੱਜ ਐੱਮ. ਕੇ. ਨਾਗਪਾਲ ਨੇ ਚਾਰਜਸ਼ੀਟ 'ਤੇ ਗੌਰ ਕਰਨ ਲਈ 12 ਮਈ ਦੀ ਤਰੀਕ ਨਿਰਧਾਰਿਤ ਕੀਤੀ ਹੈ। ਏਜੰਸੀ ਨੇ ਸੀਬੀਆਈ ਕੋਰਟ ਨੂੰ ਦੱਸਿਆ ਕਿ ਸਿਸੋਦੀਆ ਖਿਲਾਫ਼ ਮੁਕੱਦਮਾ ਚਲਾਉਣ ਲਈ ਸਮਰੱਥ ਅਥਾਰਿਟੀਜ਼ ਤੋਂ ਲੋੜੀਂਦੀ ਪ੍ਰਵਾਨਗੀ ਪਹਿਲਾਂ ਹੀ ਲੈ ਲਈ ਗਈ ਹੈ। ਸੀਬੀਆਈ ਨੇ ਸਿਸੋਦੀਆ ਨੂੰ 26 ਫਰਵਰੀ ਨੂੰ ਗ੍ਰਿਫ਼ਤਾਰ



ਕੀਤਾ ਸੀ ਤੇ ਜਾਂਚ ਏਜੰਸੀ ਨੇ 58ਵੇਂ ਦਿਨ ਦੋਸ਼ਪੱਤਰ ਦਾਖਲ ਕੀਤਾ ਹੈ, ਜਿਸ ਨਾਲ 'ਆਪ' ਆਗੂ ਨੂੰ ਸ਼ਾਇਦ ਡਿਫਾਲਟ ਜ਼ਮਾਨਤ ਦਾ ਮੌਕਾ ਨਾ ਮਿਲੇ। ਏਜੰਸੀ ਨੇ ਚਾਰਜਸ਼ੀਟ ਵਿੱਚ ਹੈਦਰਾਬਾਦ ਅਧਾਰਿਤ ਸੀਏ ਬੂਚੀ ਬਾਬੂ ਗੋਰਾਂਟਲਾ, ਸ਼ਰਾਬ ਕਾਰੋਬਾਰੀ ਅਮਨਦੀਪ ਸਿੰਘ ਢੱਲ ਤੇ ਨਿੱਜੀ ਵਿਅਕਤੀ ਅਰਜੁਨ ਪਾਂਡੇ ਨੂੰ ਵੀ ਨਾਮਜ਼ਦ ਕੀਤਾ ਹੈ। ਦੋਸ਼ਪੱਤਰ ਵਿੱਚ ਏਜੰਸੀ ਨੇ ਕਿਹਾ ਕਿ ਇਸ ਕੇਸ ਵਿੱਚ ਹੋਰਨਾਂ ਮੁਲਜ਼ਮਾਂ ਦੀ ਭੂਮਿਕਾ ਤੇ ਵਡੇਰੀ ਸਾਜ਼ਿਸ਼ ਦੇ ਪੱਖ ਤੋਂ ਜਾਂਚ ਨੂੰ ਅਜੇ ਮੋਕਲਾ ਰੱਖਿਆ ਗਿਆ ਹੈ।

# Kings Sports Club Sacramento
# 8th World ਕਬੱਡੀ ਕੱਪ




KINGS SPORTS CULTURE CLUB of SACRAMENTO
EST. 2010
KINGS OF KABADDI

**ਸਮੂਹ ਸੰਗਤ ਨੂੰ**
**27 ਮਈ 2023 ਦਿਨ ਸ਼ਨੀਵਾਰ**
**ਨੂੰ ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ**
**ਸੈਕਰਾਮੈਂਟੋ ਵਿਖੇ 8th World ਕਬੱਡੀ ਕੱਪ**
**ਦੇਖਣ ਲਈ ਪਹੁੰਚਣ ਦੀ ਬੇਨਤੀ**

8th World Kabbddi Cup - Saturday May 27th 2023
**Kings sports Club-Sacramento**
Gurdwara Dashmesh Darbar Sahib
7733 ELK Grove Florin Rd. Sacramento 95829

ਗੁਰੂ ਘਰ ਦੀ ਗਰਾਊਂਡ ਵਿਚ ਹਥਿਆਰ ਲੈ ਕੇ ਆਉਣਾ, ਕਿਸੇ ਵੀ ਕਿਸਮ ਦਾ ਨਸ਼ਾ ਕਰਕੇ ਜਾਂ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ।

ਬੀਬੀਆਂ ਅਤੇ ਪਰਿਵਾਰ ਦੇ ਬੈਠਣ ਲਈ ਖਾਸ ਪ੍ਰਬੰਧ ਕੀਤਾ ਗਿਆ।
• ਗੁਰੂ ਕੇ ਲੰਗਰ ਅਤੁੱਟ ਵਰਤਣਗੇ। • ਸਕਿਊਰਿਟੀ ਦਾ ਖਾਸ ਪ੍ਰਬੰਧ ਹੈ।

**ਇਸ ਵਾਰ ਕਬੱਡੀ ਦੀ ਗਰਾਊਂਡ ਦੇ ਵਿਚ ਸ਼ਾਨਦਾਰ ਘਾਹ ਲੱਗੇ ਹੋਏ ਹਨ**



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਸਾਰੀ ਜ਼ਿੰਦਗੀ ਕੰਮ ਕਰਨ ਵਾਲੇ ਪੰਥਕ ਯਾਦਗਾਰ ਬਣਾਉਣ ਵਾਲੇ ਦੇਸ਼ ਦੀ ਏਕਤਾ, ਅਖੰਡਤਾ, ਆਪਸੀ ਭਾਈਚਾਰੇ ਦੀ ਏਕਤਾ ਦੇ ਪ੍ਰਤੀਕ ਪੰਜਾਬ ਦੇ ਵਾਹਿਦ ਆਗੂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ, ਪੰਜਾਬ ਦੇ 5 ਵਾਰ ਮੁੱਖ ਮੰਤਰੀ ਰਹੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਚਲੇ ਜਾਣ ਨਾਲ ਪੰਥ, ਪੰਜਾਬ ਅਤੇ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਅਕਾਲ ਪੁਰਖ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਥਾਂ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਸਮਰੱਥਾ ਬਖਸ਼ੇ



8 ਦਸੰਬਰ 1927 - 25 ਅਪਰੈਲ 2023







## ਜਥੇਦਾਰ ਪਰਤਾਪ ਸਿੰਘ ਤਰਨ ਤਾਰਨ

**Woodbridge VA**

**ਪ੍ਰਧਾਨ ਸ਼ਰੋਮਣੀ ਅਕਾਲੀ ਦਲ ਕਿਸਾਨ ਵਿੰਗ USA**

APCA is excited to announce its

**9TH ANNUAL BUYER'S TRADE SHOW IN MODESTO**

on Thursday, April 27th, 2023
From 12:30pm to 5:30pm
at Modesto Centre Plaza 1010, L Street, Modesto, CA 95354

**FREE ADMISSION**

*Special Vendor Deals + New Items*

- 90+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

10 YEARS ANNIVERSARY

APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

**April 27th, From 12:30pm to 5:30pm**
**at Modesto Centre Plaza 1010, L Street, Modesto, CA 95354**

**ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ**

**੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ**

**27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ**

**ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ ੯ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।






*Live Performance*
**Malkit Singh**
*Venue:*
*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS: $50 Each

*For More Information*

PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006
JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023

Copyright @ Punjab Mail USA

# ਗੁਰਧਾਮ ਪੱਕੇ ਤੇ ਸਿੱਖ ਕੱਚੇ ਕਿਉਂ ?

## ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਗੁਰਦੁਆਰਿਆਂ ਦੀ ਮਰਿਆਦਾ ਤੇ ਸੁਰੱਖਿਆ ਪ੍ਰਤੀ ਚੇਤੰਨ ਹੋਣ ਦੀ ਲੋੜ

ਤਲਵਿੰਦਰ ਸਿੰਘ ਬੁੱਟਰ

ਕਈ ਸਾਲ ਪਹਿਲਾਂ ਲਹਿੰਦੇ ਪੰਜਾਬ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਗਏ ਇਕ ਸਿੱਖ ਵਿਦਵਾਨ ਨੇ ਉੱਥੇ ਇਕ ਬਜ਼ੁਰਗ ਨੂੰ ਪੁੱਛਿਆ ਕਿ ਇੱਥੇ ਗੁਰਦੁਆਰਿਆਂ ਦੇ ਨਾਂ ਹਜ਼ਾਰਾਂ ਏਕੜ ਜ਼ਮੀਨਾਂ ਹੋਣ ਦੇ ਬਾਵਜੂਦ ਗੁਰਦੁਆਰੇ ਬਹੁਤ ਛੋਟੇ-ਛੋਟੇ ਕਿਉਂ ਹਨ? ਅੱਗੋਂ ਬਜ਼ੁਰਗ ਕਹਿਣ ਲੱਗਾ, "ਗੁਰਦੁਆਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਕਰਨ ਲਈ ਬਣਵਾਏ ਸਨ ਅਤੇ ਸੰਗਤ ਲਈ ਤਾਂ ਏਨੀ ਕੁ ਜਗ੍ਹਾ ਹੀ ਕਾਫ਼ੀ ਹੁੰਦੀ ਹੈ।" ਇੱਧਰ ਸਾਡੇ ਚੜ੍ਹਦੇ ਪੰਜਾਬ 'ਚ ਸਥਿਤੀ ਬਿਲਕੁਲ ਇਸ ਦੇ ਉਲਟ ਹੈ। ਪਿਛਲੇ ਅਰਸੇ ਦੌਰਾਨ ਅਸੀਂ ਇਤਿਹਾਸਕ ਗੁਰਦੁਆਰਿਆਂ ਦੀਆਂ ਗੁਰੂ-ਕਾਲ ਜਾਂ ਸਿੱਖ ਰਾਜ ਵੇਲੇ ਦੀਆਂ ਬਣੀਆਂ ਇਤਿਹਾਸਕ ਇਮਾਰਤਾਂ ਨੂੰ ਢਾਹ ਕੇ ਉੱਥੇ ਵੱਡੇ-ਵੱਡੇ ਤੇ ਆਲੀਸ਼ਾਨ ਗੁਰਦੁਆਰੇ ਉਸਾਰ ਦਿੱਤੇ ਹਨ।

ਇਸੇ ਕਾਰਨ ਉਨ੍ਹਾਂ ਪੁਰਾਤਨ ਇਮਾਰਤਾਂ 'ਚੋਂ ਰੂਪਮਾਨ ਹੁੰਦੇ ਸੰਗਤੀ ਸੰਕਲਪ, ਸਿੱਖ ਭਵਨ ਨਿਰਮਾਣ ਕਲਾ ਤੇ ਵਾਸਤੂ ਸ਼ਾਸਤਰ ਆਦਿ ਵੀ ਗੁਆਚਦੇ ਜਾ ਰਹੇ ਹਨ। ਇਕ ਸਮਾਂ ਸੀ ਜਦੋਂ ਗੁਰਧਾਮ ਕੱਚੇ ਤੇ ਸਿੱਖ ਪੱਕੇ ਹੁੰਦੇ ਸਨ। ਹੁਣ ਸਾਡੀ ਹਾਲਤ ਇਹ ਬਣ ਗਈ ਹੈ ਕਿ ਗੁਰਦੁਆਰੇ ਪੱਕੇ ਹੋ ਗਏ ਪਰ ਸਿੱਖ ਕੱਚੇ ਹੋ ਗਏ ਜਾਪਦੇ ਹਨ। ਜ਼ਿਆਦਾਤਰ ਗੁਰਦੁਆਰਿਆਂ ਦੇ ਵੱਡੇ-ਵੱਡੇ ਦਰਬਾਰਾਂ ਵਿਚ ਕੀਰਤਨ, ਕਥਾ ਜਾਂ ਗੁਰਬਾਣੀ ਸੁਣਨ ਲਈ ਬੈਠੇ ਸਰੋਤਿਆਂ ਦੀ ਗਿਣਤੀ ਨਾਮਾਤਰ ਹੁੰਦੀ ਹੈ। ਗੁਰਦੁਆਰੇ ਦਾ ਅਰਥ ਹੈ ਗੁਰੂ ਦੇ ਜ਼ਰੀਏ, ਗੁਰੂ ਦੀ ਮਾਰਫਤ। ਗੁਰਦੁਆਰਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ 'ਧਰਮਸਾਲ' ਕਿਹਾ ਜਾਂਦਾ ਰਿਹਾ ਹੈ। ਇਹ ਅਸਥਾਨ ਦਸ ਗੁਰੂ ਸਾਹਿਬਾਨ ਨੇ ਧਰਮ ਪ੍ਰਚਾਰ ਲਈ ਬਣਾਏ ਸਨ। ਇਨ੍ਹਾਂ ਨੂੰ ਸਿੱਖਾਂ ਦੀ ਇਬਾਦਤਗਾਹ ਕਿਹਾ ਜਾ ਸਕਦਾ ਹੈ। ਪਰ ਪਿਛਲੇ ਅਰਸੇ ਦੌਰਾਨ ਸਿੱਖਾਂ ਦੇ 'ਕੇਂਦਰੀ ਅਸਥਾਨ' ਸ੍ਰੀ ਹਰਿਮੰਦਰ ਸਾਹਿਬ ਤੋਂ ਲੈ ਕੇ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ 'ਚ ਸੁੰਦਰੀਕਰਨ ਦੇ ਨਾਂ 'ਤੇ ਅਜਿਹੀਆਂ ਬੁਨਿਆਦੀ ਤਬਦੀਲੀਆਂ ਕਰ ਦਿੱਤੀਆਂ ਗਈਆਂ ਜੋ ਇਨ੍ਹਾਂ ਅਸਥਾਨਾਂ ਦੀ ਰੂਹਾਨੀ ਮਹੱਤਤਾ ਨੂੰ ਘਟਾ ਰਹੀਆਂ ਹਨ।

ਪੰਜਾਬ 'ਚ ਤਕਰੀਬਨ ਸਾਢੇ 12 ਹਜ਼ਾਰ ਪਿੰਡ ਹਨ ਜਦਕਿ ਗੁਰਦੁਆਰਿਆਂ ਦੀ ਗਿਣਤੀ 37 ਹਜ਼ਾਰ ਤੋਂ ਵੀ ਵੱਧ ਹੈ। ਹਰ ਪਿੰਡ 'ਚ ਔਸਤਨ ਤਿੰਨ ਗੁਰਦੁਆਰੇ ਹਨ। ਪਿੱਛੇ ਜਿਹੇ 'ਇੰਸਟੀਚਿਊਟ ਆਫ ਸਿੱਖ ਸਟੱਡੀਜ਼' ਵੱਲੋਂ ਪੰਜਾਬ 'ਚ ਗੁਰਦੁਆਰਿਆਂ ਸਬੰਧੀ ਕੀਤੀ ਖੋਜ 'ਚ ਖ਼ੁਲਾਸਾ ਕੀਤਾ ਗਿਆ ਸੀ ਕਿ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਅੰਦਰ ਲੋਕਾਂ ਨੇ ਜਾਤ-ਪਾਤ ਆਧਾਰਤ ਗੁਰਦੁਆਰਿਆਂ ਦੇ ਨਾਲ-ਨਾਲ ਆਪਣੇ ਨਿੱਜੀ ਗੁਰਦੁਆਰੇ ਵੀ ਉਸਾਰ ਲਏ ਹਨ। ਹੁਣ ਇਹੋ ਜਿਹੇ ਹਾਲਾਤ 'ਚ ਗੁਰਦੁਆਰਾ ਸੰਸਥਾ ਨੂੰ ਉਸ ਮੂਲ ਮਨੋਰਥ ਦੇ ਮੁਖਾਤਬ ਕਿੰਜ ਕੀਤਾ ਜਾ ਸਕਦਾ ਹੈ ਜਿਨ੍ਹਾਂ ਕੁਰੀਤੀਆਂ ਨੂੰ ਦੂਰ ਕਰਨ ਲਈ ਗੁਰੂ ਸਾਹਿਬਾਨ ਨੇ ਸਾਨੂੰ ਸੰਗਤ ਕਰਨ ਲਈ ਗੁਰਦੁਆਰੇ ਬਖ਼ਸ਼ੇ ਸਨ?

ਗੁਰਮਤਿ ਦਾ ਮੂਲ ਸਿਧਾਂਤ ਹੀ ਜਾਤ-ਪਾਤ, ਰੰਗ-ਨਸਲ ਅਤੇ ਭਿੰਨ-ਭੇਦ ਨੂੰ ਦੂਰ ਕਰਨਾ ਸੀ ਪਰ ਇਨ੍ਹਾਂ ਵਿਤਕਰਿਆਂ ਦੇ ਆਧਾਰ 'ਤੇ ਹੀ ਅਸੀਂ ਅੱਜ ਗੁਰਦੁਆਰੇ ਉਸਾਰ ਕੇ ਬੈਠ ਗਏ ਹਾਂ। ਪਿੰਡਾਂ 'ਚ ਜਾਤਾਂ ਜਾਂ ਧੜੇਬੰਦੀਆਂ 'ਤੇ ਆਧਾਰਤ ਧੜਾਧੜ ਗੁਰਦੁਆਰਿਆਂ ਦੀ ਉਸਾਰੀ ਹੀ ਅੱਜ ਬੇਅਦਬੀਆਂ ਵਰਗੇ ਬੇਰੋਕ ਹਿਰਦੇਵੇਦਕ ਵਰਤਾਰੇ ਦਾ ਕਾਰਨ ਬਣ ਰਹੀ ਹੈ। 'ਸਤਿਕਾਰ ਕਮੇਟੀ ਯੂਕੇ' ਵੱਲੋਂ ਸਾਲ 2018-19 ਵਿਚ ਲਗਪਗ ਦੋ ਸਾਲ ਲਗਾ ਕੇ ਸਿਰਫ਼ ਗੁਰਦਾਸਪੁਰ ਜ਼ਿਲ੍ਹੇ ਵਿਚ ਗੁਰਦੁਆਰਿਆਂ ਦਾ ਸਰਵੇਖਣ ਕੀਤਾ ਗਿਆ ਸੀ ਜਿਸ ਅਨੁਸਾਰ ਜ਼ਿਲ੍ਹੇ ਦੇ 1401 ਪਿੰਡਾਂ ਦੇ ਮੁਕਾਬਲੇ ਗੁਰਦੁਆਰਿਆਂ ਦੀ ਗਿਣਤੀ 2140 ਪਾਈ ਗਈ। ਇੱਥੇ ਹੀ ਬਸ ਨਹੀਂ, 800 ਦੇ ਲਗਪਗ ਗੁਰਦੁਆਰੇ ਬਿਨਾਂ ਗ੍ਰੰਥੀ ਸਿੰਘਾਂ ਤੋਂ ਪਾਏ ਗਏ। ਵਿਡੰਬਣਾ ਇਹ ਹੈ ਕਿ ਇਸ ਸਰਵੇਖਣ ਅਨੁਸਾਰ 1322 ਗੁਰਦੁਆਰਿਆਂ ਦੀ ਪ੍ਰਬੰਧਕੀ ਕਮੇਟੀ ਦਾ ਇਕ ਵੀ ਮੈਂਬਰ ਅੰਮ੍ਰਿਤਧਾਰੀ ਨਹੀਂ ਸੀ। ਜਦੋਂ ਹਾਲਾਤ ਇਹ ਹਨ ਤਾਂ ਅਸੀਂ ਬੇਅਦਬੀਆਂ ਕਿੰਜ ਰੋਕ ਲਵਾਂਗੇ? ਬਹੁਤ ਸਾਰੇ ਪਿੰਡਾਂ ਦੇ ਗੁਰਦੁਆਰੇ ਬਾਹਰਵਾਰ ਜਾਂ ਸੁੰਨਸਾਨ ਥਾਵਾਂ 'ਤੇ ਹੁੰਦੇ ਹਨ। ਬਹੁਤੇ ਗੁਰੂ-ਘਰਾਂ ਦੇ ਗ੍ਰੰਥੀ ਸਿੰਘਾਂ ਨੂੰ ਸੇਵਾ ਫ਼ਲ ਬਹੁਤ ਘੱਟ ਮਿਲਦਾ ਹੋਣ ਕਾਰਨ ਉਹ ਸਵੇਰੇ-ਸ਼ਾਮ ਨਿੱਤਨੇਮ ਕਰਨ ਤੋਂ ਬਾਅਦ ਜਿੰਦਰਾ ਲਾ ਕੇ ਹੋਰ ਕੰਮਾਂ-ਕਾਰਾਂ ਲਈ ਚਲੇ ਜਾਂਦੇ ਹਨ।

ਮਗਰੋਂ ਗੁਰੂ-ਘਰ ਦੀ ਕੋਈ ਪਹਿਰੇਦਾਰੀ ਨਹੀਂ ਰਹਿ ਜਾਂਦੀ। ਅਜਿਹੇ ਵਿਚ ਸ਼ਰਾਰਤੀ ਅਨਸਰ ਜਿੰਦਰਾ ਭੰਨ ਕੇ ਗੁਰਦੁਆਰਿਆਂ ਦੀ ਬੇਅਦਬੀ ਕਰ ਜਾਂਦੇ ਹਨ। ਮਗਰੋਂ ਜੋ ਵੀ ਹੁੰਦਾ ਰਹੇ ਪਰ ਅੱਜ ਤਕ ਬੇਅਦਬੀਆਂ ਦੇ ਅਸਲ ਕਾਰਨਾਂ ਨੂੰ ਮੁਖਾਤਬ ਹੋਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾ ਰਹੀ। ਸਾਡੇ ਗੁਰਦੁਆਰਿਆਂ ਅੰਦਰ ਹਰ ਤੀਜੇ ਦਿਨ ਬੇਅਦਬੀਆਂ ਦੀਆਂ ਘਟਨਾਵਾਂ ਹੋਣ ਦੇ ਬਾਵਜੂਦ ਅਸੀਂ ਗੁਰਦੁਆਰਿਆਂ ਦੀ ਮਰਿਆਦਾ ਤੇ ਸੁਰੱਖਿਆ ਨੂੰ ਕਾਇਮ ਰੱਖਣ ਲਈ ਚੇਤੰਨ ਨਹੀਂ ਹੋ ਰਹੇ। ਪੁਰਾਤਨ ਸਮਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਹੱਥ ਲਿਖਤ ਅਤੇ ਲੜੀਵਾਰ ਹੁੰਦੇ ਸਨ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ੀ ਸੀ ਤਾਂ ਉਹ ਪਾਵਨ ਸਰੂਪ ਹੱਥ ਲਿਖਤ ਤੇ ਲੜੀਵਾਰ ਸੀ। ਪੂਰੇ ਪੰਥ ਵਿਚ ਪਾਵਨ ਸਰੂਪ ਗਿਣਤੀ ਦੇ ਹੀ ਹੁੰਦੇ ਸਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ ਅਥਾਹ ਹੁੰਦਾ ਸੀ। ਗੁਰੂ ਲਈ ਮਰ ਮਿਟਣ ਦੀ ਭਾਵਨਾ ਪ੍ਰਚੰਡ ਹੁੰਦੀ ਸੀ। ਵੀਹਵੀਂ ਸਦੀ ਦੇ ਆਰੰਭ 'ਚ ਜਦੋਂ ਛਾਪੇਖਾਨਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਆਰੰਭ ਹੋਈ ਤਾਂ ਉਸ ਵੇਲੇ ਵੀ ਕਈ ਜਾਗਰੂਕ ਗੁਰਸਿੱਖਾਂ ਨੇ ਇਸ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦਾ ਅਨਰਥ ਅਤੇ ਬੇਅਦਬੀ ਹੋਵੇਗੀ।

ਉਸ ਤੋਂ ਬਾਅਦ ਜਦੋਂ ਲੜੀਵਾਰ ਗੁਰਬਾਣੀ ਦੇ ਸ਼ਬਦ ਜੋੜਾਂ ਨੂੰ ਨਿਖੇੜ ਕੇ ਪਦ-ਛੇਦ ਸਰੂਪ ਛਾਪਣ ਦੀ ਆਰੰਭਤਾ ਹੋਈ ਤਾਂ ਉਸ ਵੇਲੇ ਵੀ ਇਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ ਖ਼ਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਨੇ ਵਿਰੋਧ ਕੀਤਾ ਸੀ। ਪਰ ਹੌਲੀ-ਹੌਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਮਤਿਆਂ ਦੀ ਮਨਸ਼ਾ ਦੇ ਉਲਟ ਜਾ ਕੇ ਪਦ-ਛੇਦ ਸਰੂਪ ਛਾਪਣੇ ਸ਼ੁਰੂ ਕਰ ਦਿੱਤੇ। ਛਾਪੇਖਾਨਿਆਂ ਵਿਚ ਪਾਵਨ ਸਰੂਪਾਂ ਦੀ ਛਪਾਈ ਦਾ ਕੋਈ ਰਿਕਾਰਡ ਨਾ ਹੋਣ ਕਾਰਨ ਪੰਥ ਦੋਖੀਆਂ ਲਈ ਬੇਅਦਬੀਆਂ ਕਰਨੀਆਂ ਆਸਾਨ ਹੋ ਗਈਆਂ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੇਖਾਨਿਆਂ ਵਿਚ ਬੇਲੋੜੀ ਛਪਾਈ ਵੀ ਬੇਅਦਬੀਆਂ ਦਾ ਇਕ ਵੱਡਾ ਤੇ ਅਹਿਮ ਕਾਰਨ ਹੈ। ਪੁਰਾਤਨ ਸਮਿਆਂ ਵਿਚ ਸਿੱਖ ਸੰਪਰਦਾਵਾਂ ਦੀ ਇਕ ਮਰਿਆਦਾ ਹੁੰਦੀ ਸੀ ਕਿ ਕਿਤੇ ਵੀ ਸ੍ਰੀ ਅਖੰਡ ਪਾਠ ਸਾਹਿਬ ਰੱਖਣ ਲਈ ਘੱਟੋ-ਘੱਟ 25 ਸਿੰਘਾਂ ਦੀ ਮੌਜੂਦਗੀ ਹੋਵੇ। ਤਰਤੀਬਵਾਰ ਹਰ ਵੇਲੇ ਘੱਟੋ-ਘੱਟ ਪੰਜ ਸਿੰਘ ਹਾਜ਼ਰ ਰਹਿਣੇ ਲਾਜ਼ਮੀ ਹੁੰਦੇ ਸਨ। ਪਰ ਅੱਜ ਅਖੰਡ ਪਾਠ ਸਾਹਿਬ ਤਾਂ ਛੱਡੋ, ਗੁਰਦੁਆਰਿਆਂ ਵਿਚ ਅਸੀਂ ਹਰ ਵੇਲੇ ਘੱਟੋ-ਘੱਟ ਇਕ ਪਹਿਰੇਦਾਰ ਦੀ ਹਾਜ਼ਰੀ ਵੀ ਯਕੀਨੀ ਨਹੀਂ ਬਣਾ ਸਕਦੇ। ਬੇਅਦਬੀਆਂ ਦਾ ਵੱਡਾ ਕਾਰਨ ਅਜਿਹਾ ਅਵੇਸਲਾਪਣ ਹੀ ਹੈ। ਇਤਿਹਾਸਕ ਗੁਰਦੁਆਰਿਆਂ 'ਚ ਵੀ ਲੋੜ ਤੋਂ ਵੱਧ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰ ਦਿੱਤੇ ਗਏ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਪੁਰਾਣੇ ਵਸਨੀਕ ਦੱਸਦੇ ਹਨ ਕਿ ਇੱਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਿਲ੍ਹਾ ਅਨੰਦਗੜ੍ਹ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਇਲਾਵਾ ਹੋਰ ਕਿਸੇ ਗੁਰਦੁਆਰਾ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ ਸੀ। ਹੁਣ ਹਰ ਗੁਰਦੁਆਰੇ ਅੰਦਰ ਕਈ-ਕਈ ਥਾਵਾਂ 'ਤੇ ਪ੍ਰਕਾਸ਼ ਹੈ ਪਰ ਸੇਵਾ-ਸੰਭਾਲ ਲਈ ਸੇਵਾਦਾਰ ਨਹੀਂ ਹਨ।

ਪਹਿਲੇ ਸਮਿਆਂ 'ਚ ਬਹੁਤੇ ਇਤਿਹਾਸਕ ਅਸਥਾਨਾਂ 'ਤੇ ਜੇ ਸੇਵਾ-ਸੰਭਾਲ ਲਈ ਯੋਗ ਪ੍ਰਬੰਧ ਨਹੀਂ ਹੋ ਸਕਦੇ ਸਨ ਤਾਂ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਬਜਾਏ ਕੇਵਲ ਥੜ੍ਹਾ ਸਾਹਿਬ ਹੀ ਹੁੰਦੇ ਸਨ। ਕੁਝ ਇਤਿਹਾਸਕ ਗੁਰਦੁਆਰਿਆਂ ਵਿਚ ਕਈ ਵਾਰ ਵੇਖਣ ਵਿਚ ਮਿਲਦਾ ਹੈ ਕਿ ਇਕ-ਇਕ ਗ੍ਰੰਥੀ ਸਿੰਘ ਹੀ ਵਾਰੋ-ਵਾਰੀ ਤਿੰਨ-ਤਿੰਨ ਥਾਵਾਂ 'ਤੇ ਪ੍ਰਕਾਸ਼ ਅਤੇ ਸੁਖਆਸਨ ਕਰਦਾ ਹੈ। ਅਜਿਹੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਤੇ ਸੁਰੱਖਿਆ ਨੂੰ ਬਹਾਲ ਰੱਖਣ ਬਾਰੇ ਕਿਵੇਂ ਸੋਚਿਆ ਜਾ ਸਕਦਾ ਹੈ? ਦੁਸ਼ਮਣ ਨੂੰ ਦੋਸ਼ ਦੇਣ ਤੋਂ ਪਹਿਲਾਂ ਆਪਣੇ ਘਰ ਦੀ ਪਹਿਰੇਦਾਰੀ ਮਜ਼ਬੂਤ ਕੀਤੀ ਜਾਵੇ। ਹਰ ਪਿੰਡ ਵਿਚ ਇਕ ਹੀ ਗੁਰਦੁਆਰਾ ਸਾਹਿਬ ਹੋਵੇ ਤੇ ਉਹ ਵੀ ਸਹੀ ਰੂਪ 'ਚ ਆਪਣੇ ਮੂਲ ਉਦੇਸ਼ਾਂ ਵੱਲ ਸੇਧਿਤ ਹੋਵੇ। ਗੁਰਦੁਆਰਿਆਂ ਦੇ ਵੱਡੇ-ਵੱਡੇ ਦਰਬਾਰ ਹਾਲ ਉਸਾਰਨ ਦੀ ਥਾਂ 'ਸੰਗਤ' ਦੀ ਉਸ ਪਰੰਪਰਾ ਨੂੰ ਪ੍ਰਫੁੱਲਿਤ ਕੀਤਾ ਜਾਵੇ ਜਿਹੜੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ ਲੈ ਕੇ 'ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥" ਦੇ ਉਦੇਸ਼ ਲਈ ਖੜ੍ਹੀ ਕੀਤੀ ਸੀ।



# ਹਵਸ ਦੇ ਲਾਲਚੀ ਬਣੇ ਇਨਸਾਨ

ਗੌਰਵ ਧੀਮਾਨ

ਦੋ ਚਾਰ ਮਹੀਨੇ ਤੋਂ ਮੈ ਇੱਕ ਰਾਹ ਤੋਂ ਰੋਜ਼ ਤੁਰ ਕੇ ਘਰ ਵਾਪਿਸ ਆਉਂਦਾ ਰਿਹਾ। ਜਦੋਂ ਵੀ ਰਾਤ ਦੱਸ ਵਜੇ ਦੇ ਇੱਕ ਮੋੜ ਤੋਂ ਲੰਘਣਾ ਤਾਂ ਉੱਥੇ ਪੰਜ ਤੋਂ ਛੇ ਕਿੰਨਰ ਦਾ ਇਕੱਠ ਦਿਖਾਈ ਦੇਣਾ ਤੇ ਉਹਨਾਂ ਦੇ ਆਸੇ ਪਾਸੇ ਪੰਜ ਸੱਤ ਨੌਜਵਾਨ ਤੇ ਮਰਦਾਂ ਦਾ ਖੜ੍ਹਨਾ। ਬੜਾ ਅਜੀਬ ਲੱਗਦਾ ਹੈ ਜਦੋਂ ਸਮਾਜ ਵਿੱਚ ਸ਼ਰ੍ਹੇਆਮ ਗੰਦਗੀ ਦਿਖਾਈ ਦਵੇ ਤੇ ਉਸ ਗੰਦਗੀ ਦਾ ਇੱਕ ਹਿੱਸਾ ਇਨਸਾਨ ਹੀ ਹੈ। ਉਹ ਥਾਂ ਕੋਈ ਸੁੰਨੀ ਥਾਂ ਨਹੀਂ ਹੈ ਜਿੱਥੇ ਇਹ ਸਬ ਨਹੀਂ ਦਿਖਾਈ ਦਿੰਦਾ, ਉਹ ਸੜਕ ਕਿਨਾਰੇ ਦੇ ਮੋੜ ਉੱਤੇ ਹੈ ਜਿੱਥੇ ਉਹਨਾਂ ਦਾ ਦਿਖਣਾ ਤੇ ਖੜ੍ਹਨਾ ਪੱਕਾ ਹੈ। ਚੱਲਦੇ ਵਾਹਨਾਂ ਦਾ ਅਚਾਨਕ ਰੁੱਕਣਾ ਤੇ ਕਾਫ਼ੀ ਦੇਰ ਇੰਤਜ਼ਾਰ ਕਰਨਾ.. ਕੀ ਇਹ ਇੱਕ ਹਵਸ ਦਾ ਲਾਲਚ ਨਹੀਂ

ਵੀਹ ਸਾਲ ਦੇ ਨੌਜਵਾਨ ਇਹਨਾਂ ਦੇ ਸ਼ਿਕਾਰ ਆਮ ਹੁੰਦੇ ਹਨ ਤੇ ਮਰਦਾਂ ਦਾ ਤਾਂ ਕੋਈ ਮੁਕਾਬਲਾ ਹੀ ਨਹੀਂ ਰਿਹਾ। ਆਮ ਜਿੰਦਗੀ ਨੂੰ ਅਸੀ ਖ਼ੁਦ ਮੁਸ਼ਕਿਲ ਬਣਾਉਂਦੇ ਹਨ। ਇਸਤੋਂ ਸਾਫ਼ ਝਲਕਦਾ ਹੈ ਕਿ ਜਿੰਦਗੀ ਕਿੰਨੀ ਵਿਕਾਊ ਤੇ ਸਸਤੀ ਹੈ। ਉਸ ਮੋੜ ਦੇ ਇੱਕ ਪਾਸੇ ਖਾਲੀ ਪਲਾਟ ਹੈ ਜਿੱਥੇ ਇਹ ਸਬ ਆਮ ਹੁੰਦਾ ਹੈ। ਇਹ ਆਮ ਕਿੰਨਰ ਵਾਂਗ ਬਿਲਕੁੱਲ ਨਜਰੀ ਨਹੀਂ ਆਉਂਦੇ ਹਨ। ਇਹਨਾਂ ਦੇ ਕੋਲ? ਇੱਕ ਵੱਡੀ ਗੱਡੀ ਹੈ ਜਿਸ ਦੀ ਮਾਰਕੀਟ ਕੀਮਤ ਪੰਜਾਹ ਲੱਖ ਦੇ ਨੇੜੇ ਹੈ। ਇਹਨਾਂ ਦੇ ਨਾਲ ਇੱਕ ਆਦਮੀ ਹੈ ਜੋ ਗੱਡੀ ਦਾ ਚਾਲਕ ਜਾਂ ਡਰਾਈਵਰ ਲੱਗਦਾ ਹੈ। ਇਹਨਾਂ ਦਾ ਇੱਕ ਸਮੂਹ ਹੈ ਜੋ ਕਿ ਸਿਰਫ਼ ਰਾਤ ਵੇਲ ਹੀ ਬਾਹਰ ਨਿਕਲਦੇ ਹਨ। ਰੋਜ਼ ਹੀ ਇਹ ਵਿੱਤਕਰਾ ਦਿਖਾਈ ਦਿੰਦਾ ਹੈ।

ਇੱਕ ਨੌਜਵਾਨ ਖਾਲੀ ਪਲਾਟ ਜਾਂਦਾ ਹੈ ਤੇ ਮਗਰੋਂ ਹੀ ਇੱਕ ਕਿੰਨਰ ਤੁਰ ਪੈਂਦੀ ਹੈ। ਥੋੜ੍ਹੀ ਦੇਰ ਲੰਘ ਜਾਣ ਮਗਰੋਂ ਵਾਰੋ ਵਾਰੀ ਸਬ ਦਾ ਨੰਬਰ ਆਉਂਦਾ ਹੈ। ਇਸ ਤਰ੍ਹਾਂ ਹਵਸ ਦਾ ਲਾਲਚ ਵਧੇਰੇ ਵੱਧਦਾ ਦਿਖਾਈ ਦਿੰਦਾ ਹੈ। ਮੈ ਇਸ ਗੱਲ ਤੋਂ ਜਾਣੂ ਨਹੀਂ ਕਿ ਇਹ ਸਬ ਹੋਣਾ ਠੀਕ ਹੈ ਜਾਂ ਗਲਤ ਪਰ ਇਹ ਜਰੂਰ ਕਾਵਾਂਗਾ ਕਿ ਇਹ ਸਮਾਜ ਨੂੰ ਗੰਦਾ ਕਰਨਾ ਹੈ। ਇਸ ਨਾਲ ਵਧੇਰੇ ਘਰ ਤਬਾਹ ਵੀ ਹਨ। ਨਸ਼ੇ ਦੀ ਹਾਲਤ ਵਿੱਚ ਕੁਝ ਚਾਲਕ ਵੀ ਦਿਖਾਈ ਦਿੰਦੇ ਹਨ ਜਿਹੜੇ ਡਰ ਦਾ ਖ਼ੌਫ਼ ਬਿਲਕੁੱਲ ਨਹੀਂ ਰੱਖਦੇ ਹਨ। ਅੱਜ ਦੇ ਸਮੇਂ ਵਿੱਚ ਸਮਾਂ ਕਿਸੇ ਕੋਲ? ਨਹੀਂ ਹੈ। ਸਾਰੇ ਹੀ ਆਪਣੇ ਕੰਮੋ ਕਾਰ ਵਿੱਚ ਵਿਅਸਥ ਹਨ।

ਜਿੰਦਗੀ ਦਾ ਇੱਕ ਮੋੜ ਜਰੂਰ ਹੁੰਦਾ ਹੈ ਜਿਸਤੋਂ ਜਿੰਦਗੀ ਹੀ ਇੱਕ ਸਬਕ ਦਿੰਦੀ ਹੈ। ਜੋ ਇਨਸਾਨ ਇਸ ਵਿਤਕਰੇ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ ਉਹਨਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ, ਇਸ ਤਰ੍ਹਾਂ ਦੇ ਖੇਡ ਨਾ ਖੇਡਣ ਜਿਸ ਨਾਲ ਜਿੰਦਗੀ ਵੀ ਤੁਹਾਡੇ ਨਾਲ ਖੇਡ ਖੇਡਣ ਦੀ ਕੋਸ਼ਿਸ਼ ਕਰੇ।' ਰੋਜ਼ ਦੇ ਗਾਹਕ ਬਣ ਕੇ ਆਉਣ ਵਾਲੇ ਸਮੇਂ ਸਿਰ ਆ ਖੜ੍ਹਦੇ ਹਨ ਤੇ ਇਸ ਤਰ੍ਹਾਂ ਹਵਸ ਦੇ ਲਾਲਚੀ ਇਨਸਾਨ ਬਣਦੇ ਹਨ। ਸਮਾਜ ਨੂੰ ਸਾਫ਼ ਰੱਖਣ ਲਈ ਆਪਣੇ ਆਪ ਦਾ ਸਾਫ਼ ਹੋਣਾ ਬਹੁਤ ਜਰੂਰੀ ਹੈ। ਜਿੰਦਗੀ ਨੂੰ ਕੋਈ ਖੇਡ ਤਮਾਸ਼ਾ ਪਸੰਦ ਨਹੀਂ ਤੇ ਨਾ ਹੀ ਜਿੰਦਗੀ ਨੂੰ ਗੰਦਗੀ। ਜਿਸ ਹਿਸਾਬ ਨਾਲ ਰੋਜ਼ ਕਿੰਨਰਾਂ ਦਾ ਇਕੱਠ ਦਿਖਾਈ ਦੇ ਰਿਹਾ ਹੈ ਇਹ ਇੱਕ ਆਵਾਜ਼ ਹੈ ਤੇ ਇਸ ਦਾ ਮਤਲਬ ਹੈ ਜਿੰਦਗੀ ਤੋਂ ਹੱਥ ਧੋਣਾ।

ਇੱਕ ਘਰ ਦਾ ਦੀਵਾ ਜੱਗਦਾ ਹੈ। ਮਗਰੋਂ ਇੱਕ ਦੋਸਤ ਤੁਹਾਡੇ ਘਰ ਆਉਣ ਬਹਿ ਜਾਵੇ ਤੇ ਰੋਜ ਤੁਹਾਡੀ ਘਰਵਾਲੀ ਉੱਤੇ ਅੱਖ ਰੱਖੇ ਤਾਂ ਫਿਰ ਕਿੰਝ ਮਹਿਸੂਸ ਹੋਵੇਗਾ। ਸਮੇਂ ਸਿਰ ਘਰ ਪਰਤ ਆਉਣਾ ਵੀ ਇੱਕ ਸਿਆਣਪ ਹੈ। ਜਿੰਦਗੀ ਨੂੰ ਮਜਾਕ ਬਣਾ ਕੇ ਜਿੰਦਗੀ ਨਾ ਖਰਾਬ ਕਰੋ। ਕੁਝ ਘਰ ਅਜਿਹੇ ਹਨ ਜਿਨ੍ਹਾਂ ਦਾ ਚੁੱਲ੍ਹਾ ਚੌਂਕਾ 'ਤੇ ਹੋ ਜਾਂਦਾ ਹੈ ਪਰ ਆਪਣੇ ਘਰਵਾਲੇ ਦੀ ਉਡੀਕ ਵਿੱਚ ਹੀ ਰਹਿ ਜਾਂਦੀ ਹੈ। ਰੋਜ਼ ਸਮੇਂ ਦੀ ਸੂਈ ਨੂੰ ਘੁੰਮਦੇ ਵੇਖਣਾ ਤੇ ਰੋਜ ਆਪਣੇ ਬੱਚਿਆ ਨੂੰ ਜਾਗ ਖੁੱਲ੍ਹੀ ' ਤੇ ਫਿਰ ਸਵਾਉਣਾ, ਇੱਕ ਮਾਂ ਦਾ ਦਿਲ ਹੀ ਹੈ ਜੋ ਰਾਜੀ ਰਹਿ ਕੇ ਦੁੱਖ ਨੂੰ ਜੜ੍ਹ ਲੈਂਦਾ ਹੈ। ਅੱਜ ਕੱਲ੍ਹ ਦੇ ਮੌਸਮ ਨੂੰ ਧਿਆਨ ਨਾਲ ਦੇਖੋ..ਇੱਥੇ ਸਬ ਮਤਲਬੀ ਹਨ। ਦੋਸਤ ਕੁਝ ਪਲ? ਲਈ ਖ਼ਾਸ ਹੁੰਦਾ ਹੈ ਤੇ ਜਦੋਂ ਗੱਲ ਆਪਣੇ ਘਰ ਵੱਲ ਹੋਣ ਦੀ ਹੋਵੇ ਤਾਂ ਉਸਦਾ ਖ਼ਾਸ ਦਿਖਣਾ ਵੀ ਸ਼ੱਕ ਹੀ ਅਖਵਾਉਂਦਾ ਹੈ।

ਸਮਾਜ ਨੂੰ ਹਵਸ ਦੇ ਲਾਲਚੀ ਬਣੇ ਇਨਸਾਨ ਨੂੰ ਸਾਫ਼ ਰਹਿਣ ਦਾ ਉਪਦੇਸ਼ ਦੇਣਾ ਚਾਹੀਦਾ ਹੈ ਜਿਸ ਨਾਲ ਕੋਈ ਵੀ ਘਰ ਉਜਾੜ ਨਾ ਹੋਵੇ ਤੇ ਨਾ ਕੋਈ ਹਵਸ ਦੇ ਰਾਹ ਜਾਵੇ। ਕਿੰਨਰ ਦੇ ਇਸ ਪਹਿਰਾਵੇ ਨੂੰ ਸਮਾਜ ਕੀ ਨਾਂ ਦਿੰਦਾ ਹੈ ਮੈ ਸੱਚ ਨਹੀਂ ਜਾਣਦਾ ਪਰ ਇਹਨਾਂ ਦਾ ਇਹ ਰਾਤ ਦਾ ਵਿੱਤਕਰਾ ਨਾ ਦਿਖਾਈ ਦਵੇ। ਸਮਾਜ ਇਹਨਾਂ ਦੀ ਮਨਾਹੀ ਇਸ ਲਈ ਨਹੀਂ ਕਰਦਾ ਹੈ ਕਿਉਕਿ ਇਹ ਸੱਚ ਦੇ ਧਨੀ ਤੇ ਰੱਬ ਦੇ ਬੰਦੇ ਹਨ ਪਰ ਜੋ ਇਹਨਾਂ ਦੇ ਇਸ ਪਹਿਰਾਵੇ ਨੂੰ ਖਰਾਬ ਕਰ ਰਹੇ ਹਨ ਜਾਂ ਕਰਦੇ ਹਨ ਉਹਨਾਂ ਨੂੰ ਇਹ ਸਬ ਹੋਣ ਤੋਂ ਰੋਕਿਆ ਜਾਵੇ।



# ਪਤਾ ਨਹੀਂ ਕਿਧਰੇ ਗੁਆਚ ਗਏ ਪੰਜਾਬ ਦੇ ਉਹ ਪਿੰਡ

## ਰੰਗਲੇ ਪੰਜਾਬ ਨੂੰ ਲੱਗ ਗਈ ਕਿਸੇ ਦੀ ਚੰਦਰੀ ਨਜ਼ਰ

-ਮਨਪ੍ਰੀਤ ਕੌਰ

*ਹੁਣ ਪਿੰਡ ਦਾਇਰਿਆਂ ਵਿਚ ਸੁੰਗੜ ਗਏ ਹਨ। ਉਨ੍ਹਾਂ ਵਿਚ ਧੜੇਬੰਦੀਆਂ ਬਣ ਗਈਆਂ ਹਨ। ਧਰਮ, ਜਾਤ-ਪਾਤ, ਰਾਜਨੀਤੀ ਹੁਣ ਪਿੰਡਾਂ ਵਿਚ ਵੀ ਘਰ ਕਰ ਗਈ ਹੈ। ਇਸ ਨੇ ਭਾਈਚਾਰਕ ਸਾਂਝ ਨੂੰ ਤੋੜ ਕੇ ਰੱਖ ਦਿੱਤਾ ਹੈ। ਹੁਣ ਭਰਾ-ਭਰਾ ਹੀ ਇਕ-ਦੂਜੇ ਨੂੰ ਨੀਵਾਂ ਦਿਖਾਉਣ ਤੇ ਇਕ-ਦੂਜੇ ਨੂੰ ਖ਼ਤਮ ਕਰਨ ਲੱਗ ਪਏ ਹਨ। ਉਹ ਭੁੱਲ ਗਏ ਕਿ ਉਨ੍ਹਾਂ ਦਾ ਆਪਸ ਵਿਚ ਖ਼ੂਨ ਦਾ ਰਿਸ਼ਤਾ ਹੈ। ਜ਼ਮੀਨਾਂ ਦੇ ਰੌਲੇ ਇੰਨੇ ਵਧ ਗਏ ਹਨ ਕਿ ਆਪਣਿਆਂ ਨੂੰ ਮਾਰਨ 'ਚ ਵੀ ਕੋਈ ਗੁਰੇਜ਼ ਨਹੀਂ ਕਰਦਾ। ਸਰਬੱਤ ਦਾ ਭਲਾ ਮੰਗਣ ਵਾਲੇ ਹੁਣ ਕੁਰਾਹੇ ਪੈ ਗਏ ਹਨ।*



ਮੇਰੇ ਖਿਆਲਾਂ ਵਿਚ ਵਸਦਾ ਮੇਰਾ ਸੋਹਣਾ ਪੰਜਾਬ ਤੇ ਇਸ ਦੇ ਸੋਹਣੇ ਪਿੰਡ, ਪਤਾ ਨਹੀਂ ਕਿੱਥੇ ਗੁਆਚ ਗਏ ਹਨ। ਜਿੱਥੇ ਮੇਰਾ ਬਚਪਨ ਗੁਜ਼ਰਿਆ, ਮੇਰੇ ਪਿੰਡ ਦੇ ਉਹ ਭੋਲੇ-ਭਾਲੇ ਲੋਕ, ਗੁਆਂਢ 'ਚੋਂ ਲੱਗਦੀਆ ਚਾਚੀਆਂ-ਤਾਈਆਂ ਤੇ ਵੱਡੀ ਬੇਬੇ ਵਰਗੇ ਅਨੇਕਾਂ ਰਿਸ਼ਤੇ ਜੋ ਕਦੇ ਅਸੀਸਾਂ ਦਿੰਦੇ ਨਹੀਂ ਥੱਕਦੇ ਸਨ, ਪਤਾ ਨਹੀ ਉਹ ਰੂਹਾਂ ਕਿੱਥੇ ਤੁਰ ਗਈਆਂ ਨੇ। ਪਤਾ ਨਹੀਂ ਕੀਹਦੀ ਚੰਦਰੀ ਨਜ਼ਰ ਮੇਰੇ ਸੋਨੇ ਰੰਗੇ ਪੰਜਾਬ ਨੂੰ ਲੱਗ ਗਈ ਏ। ਪਤਾ ਨਹੀਂ ਕਿੱਥੇ ਗੁਆਚ ਗਏ ਉਹ ਸਮੇਂ ਜਦੋਂ ਸਾਰੇ ਇਕ-ਦੂਜੇ ਨਾਲ ਮਿਲ ਕੇ ਰਹਿੰਦੇ ਸਨ ਤੇ ਦੁੱਖ-ਸੁੱਖ ਸਭ ਦਾ ਸਾਂਝਾ ਹੁੰਦਾ ਸੀ। ਕਿਸੇ ਗੱਭਰੂ ਦੀ ਮੌਤ 'ਤੇ ਸਾਰਾ ਪਿੰਡ ਸੋਗ ਵਿਚ ਡੁੱਬ ਜਾਂਦਾ ਤੇ ਕਿਸੇ ਘਰ ਵੀ ਚੁੱਲ੍ਹਾ ਨਾ ਬਲਦਾ। ਕਿੰਨਾ ਚੰਗਾ ਸਮਾਂ ਸੀ ਉਹ।

ਮੇਰੇ ਪਿੰਡ ਦੇ ਭੋਲੇ-ਭਾਲੇ ਲੋਕ ਜੋ ਕੁਦਰਤ ਦੇ ਰੰਗਾਂ ਵਿਚ ਵੀ ਰਾਜ਼ੀ-ਖ਼ੁਸ਼ੀ ਰਹਿੰਦੇ ਸਨ ਹੁਣ ਉਹ ਆਪ-ਮੱਤੇ ਹੋ ਗਏ ਨੇ। ਪਿੰਡਾਂ ਵਿਚ ਭਾਈਚਾਰਕ ਸਾਂਝ ਨਾਲ ਰਹਿਣ ਵਾਲੇ ਲੋਕਾਂ ਦੇ ਰਿਸ਼ਤੇ ਹੁਣ ਸ਼ਰੀਕਿਆਂ-ਕਬੀਲਿਆਂ 'ਚ ਬਦਲ ਗਏ ਹਨ। ਇਹ ਕਿਹੋ ਜਿਹਾ ਸਮਾਂ ਆ ਗਿਆ। ਪਹਿਲਾਂ ਪਿੰਡ ਦੀ ਧੀ-ਭੈਣ ਸਭ ਦੀ ਸਾਂਝੀ ਹੁੰਦੀ ਸੀ ਤੇ ਹੁਣ ਪਿੰਡ ਦੀ ਧੀ ਮਸ਼ੂਕ, ਪਤਨੀ ਬਣਨ 'ਚ ਵੀ ਦੇਰ ਨਹੀਂ ਲੱਗਦੀ। ਹੁਣ ਜ਼ਿਆਦਾਤਰ ਲੋਕ ਕਿਸੇ ਦੇ ਬੱਚਿਆਂ ਨੂੰ ਗ਼ਲਤ ਸੰਗਤ 'ਚ ਪਾ ਕੇ ਉਨ੍ਹਾਂ ਦਾ ਘਰ-ਜ਼ਮੀਨ ਵਿਕਾਉਣ 'ਚ ਵੀ ਢਿੱਲ ਨਹੀਂ ਕਰਦੇ। ਉਹ ਦੂਜੇ ਦੇ ਘਰ ਨੂੰ ਉਜਾੜ ਕੇ ਆਪ ਖ਼ੁਸ਼ ਹੁੰਦੇ ਹਨ। ਕਈ ਤਾਂ ਲੋਕਾਂ ਦੇ ਘਰਾਂ ਦੇ ਚਿਰਾਗ ਬੁਝਾ ਰਹੇ ਨੇ ਸਿਰਫ਼ ਆਪਣੇ ਚਿਰਾਗ ਨੂੰ ਜਗਦਾ ਰੱਖਣ ਲਈ। ਇਹ ਲੋਕ ਪਤਾ ਨਹੀਂ ਕਿਹੜੇ ਰਾਹੇ ਤੁਰ ਪਏ ਨੇ। ਹਰ ਤਿੱਥ-ਤਿਉਹਾਰ ਜਿਨ੍ਹਾਂ ਦਾ ਸਾਂਝਾ ਹੁੰਦਾ ਸੀ, ਹੁਣ ਆਪਣੇ ਘਰਦੇ ਵਿਹੜੇ ਤਕ ਹੀ ਸਿਮਟ ਕੇ ਰਹਿ ਗਏ ਹਨ। ਇਕ ਉਹ ਵੇਲਾ ਸੀ ਜਦੋਂ ਘਰਾਂ ਵਿਚ ਇਕੱਠੇ ਖੇਡਣਾ ਤੇ ਉੱਥੇ ਹੀ ਜੋ ਬਣਿਆ ਹੋਣਾ, ਕਹਿਣਾ ਲਿਆ ਤਾਈ, ਲਿਆ ਚਾਚੀ ਖਾ ਲਈਏ। ਬਚਪਨ ਵਿਚ ਕਿਸੇ ਦੇ ਘਰ ਜਾਮਣਾਂ ਤੋੜਨੀਆਂ ਤੇ ਕਿਸੇ ਦੇ ਅਮਰੂਦ। ਬੇਰੀਆਂ 'ਤੇ ਵੱਟੇ ਮਾਰ-ਮਾਰ ਬੇਰ ਝਾੜਨੇ।

ਹੁਣ ਉਹ ਦਿਨ ਕਿੱਥੇ ਰਹਿ ਗਏ ਕਿਉਂਕਿ ਹੁਣ ਬਚਪਨ ਮੋਬਾਈਲ ਫੋਨਾਂ ਨੇ ਖੋਹ ਲਿਆ ਹੈ। ਬੇਰੀਆਂ ਦੇ ਬੇਰ ਵੀ ਆਪ ਹੀ ਪੱਕ ਕੇ ਡਿੱਗ ਰਹੇ ਨੇ। ਇਨ੍ਹਾਂ ਨੂੰ ਖਾਣ ਵਾਲਾ ਉਹ ਮਾਸੂਮ ਬਚਪਨ ਮੋਬਾਈਲਾਂ 'ਚ ਰੁੱਝ ਗਿਆ ਹੈ। ਹੁਣ ਤਾਂ ਸਾਡੇ ਲਈ ਰਿਸ਼ਤਿਆਂ ਨਾਲੋਂ ਵੀ ਜ਼ਰੂਰੀ ਮੋਬਾਈਲ ਹੋ ਗਿਆ ਹੈ। ਇਹ ਸਾਡੀ ਆਖ਼ਰੀ ਪੀੜ੍ਹੀ ਹੈ ਜਿਨ੍ਹਾਂ ਨੇ ਗਲੀਆਂ 'ਚੋਂ ਟਾਇਰ ਭਜਾਏ, ਬੇਰੀਆਂ ਦੇ ਬੇਰ ਖਾਧੇ, ਲੁਕਣ-ਮੀਟੀਆਂ ਖੇਡੀਆਂ। ਉਹ ਸਮਾਂ ਹੁਣ ਕਦੇ ਵਾਪਸ ਨਹੀਂ ਆਉਣਾ। ਨਾ ਸਾਡਾ ਉਹ ਬਚਪਨ ਮੁੜਨਾ ਹੈ, ਨਾ ਹੀ ਸਾਡੀਆਂ ਇਨ੍ਹਾਂ ਭੋਲੀਆਂ-ਭਾਲੀਆਂ ਮਾਵਾਂ ਨੇ।

ਹੁਣ ਪਿੰਡ ਦਾਇਰਿਆਂ ਵਿਚ ਸੁੰਗੜ ਗਏ ਹਨ। ਉਨ੍ਹਾਂ ਵਿਚ ਧੜੇਬੰਦੀਆਂ ਬਣ ਗਈਆਂ ਹਨ। ਧਰਮ, ਜਾਤ-ਪਾਤ, ਰਾਜਨੀਤੀ ਹੁਣ ਪਿੰਡਾਂ ਵਿਚ ਵੀ ਘਰ ਕਰ ਗਈ ਹੈ। ਇਸ ਨੇ ਭਾਈਚਾਰਕ ਸਾਂਝ ਨੂੰ ਤੋੜ ਕੇ ਰੱਖ ਦਿੱਤਾ ਹੈ। ਹੁਣ ਭਰਾ-ਭਰਾ ਹੀ ਇਕ-ਦੂਜੇ ਨੂੰ ਨੀਵਾਂ ਦਿਖਾਉਣ ਤੇ ਇਕ-ਦੂਜੇ ਨੂੰ ਖ਼ਤਮ ਕਰਨ ਲੱਗ ਪਏ ਹਨ। ਉਹ ਭੁੱਲ ਗਏ ਕਿ ਉਨ੍ਹਾਂ ਦਾ ਆਪਸ ਵਿਚ ਖ਼ੂਨ ਦਾ ਰਿਸ਼ਤਾ ਹੈ। ਜ਼ਮੀਨਾਂ ਦੇ ਰੌਲੇ ਇੰਨੇ ਵਧ ਗਏ ਹਨ ਕਿ ਆਪਣਿਆਂ ਨੂੰ ਮਾਰਨ 'ਚ ਵੀ ਕੋਈ ਗੁਰੇਜ਼ ਨਹੀਂ ਕਰਦਾ। ਸਰਬੱਤ ਦਾ ਭਲਾ ਮੰਗਣ ਵਾਲੇ ਹੁਣ ਕੁਰਾਹੇ ਪੈ ਗਏ ਹਨ।

ਮੇਰੀ ਰੂਹ ਵਿਚ ਵਸਦਾ ਉਹ ਪਿੰਡ ਪਤਾ ਨਹੀਂ ਕਿੱਥੇ ਲੋਪ ਹੋ ਗਿਆ ਜਿਹਦੇ ਵਿਚ ਕੋਈ ਬੇਗਾਨਾ ਨਹੀਂ ਸੀ, ਸਭ ਆਪਣੇ ਸਨ। ਜੇ ਕਿਸੇ ਗੱਲ 'ਤੇ ਕੋਈ ਝਿੜਕ ਵੀ ਦਿੰਦਾ ਤਾਂ ਗੁੱਸਾ ਨਹੀਂ ਕੀਤਾ ਜਾਂਦਾ ਸਗੋਂ ਇਹ ਕਿਹਾ ਜਾਂਦਾ, "ਕੋਈ ਨੀ ਪੁੱਤ, ਤੇਰੇ ਵੱਡੇ ਨੇ।" ਜੇ ਕੋਈ ਬੱਚਾ ਉਚੇਰੀ ਪੜ੍ਹਾਈ ਕਰਨ ਜਾਂਦਾ ਤਾਂ ਸਾਰਾ ਪਿੰਡ ਉਹਦੇ ਲਈ ਅਰਦਾਸਾਂ ਕਰਦਾ ਤੇ ਉਹਦੀ ਪ੍ਰਾਪਤੀ 'ਤੇ ਸਾਰੇ ਪਿੰਡ ਨੂੰ ਮਾਣ ਹੁੰਦਾ। ਸਾਰੇ ਇਕ-ਦੂਜੇ ਦੀ ਖ਼ੁਸ਼ੀ 'ਚ ਵਧ-ਚੜ੍ਹ ਕੇ ਸ਼ਾਮਲ ਹੁੰਦੇ। ਪਰ ਹੁਣ ਇਕ-ਦੂਜੇ ਦੀਆਂ ਖ਼ੁਸ਼ੀਆਂ ਹੀ ਬਰਦਾਸ਼ਤ ਨਹੀਂ ਹੁੰਦੀਆਂ। ਹੁਣ ਜੁਆਕਾਂ ਦੇ ਹੱਥ ਫੋਨ ਆ ਗਏ ਹਨ। ਇਸੇ ਲਈ ਕੋਈ ਕਿਸੇ ਨੂੰ ਬੁਲਾ ਕੇ ਖ਼ੁਸ਼ ਨਹੀਂ ਤੇ ਆਪਣੇ ਵੱਡਿਆਂ ਨੂੰ ਚਾਚਾ, ਤਾਇਆ, ਬਾਬਾ ਕਹਿ ਸਤਿਕਾਰ ਦੇਣਾ ਹੀ ਭੁੱਲ ਗਏ ਹਨ। ਨੌਜਵਾਨਾਂ ਨੂੰ ਉਡੀਕਦੇ ਖੇਤ ਵਿਕਦੇ ਜਾ ਰਹੇ ਹਨ ਤੇ ਕੋਈ ਇਨ੍ਹਾਂ ਨੂੰ ਆਪ ਵੇਚ ਕੇ ਵਿਦੇਸ਼ਾਂ 'ਚ ਵਸ ਗਏ। ਜ਼ਿਆਦਾ ਪੜ੍ਹੇ-ਲਿਖੇ ਨੌਕਰੀਪੇਸ਼ਾ ਲੋਕ ਪਿੰਡ ਰਹਿਣਾ ਮੁਨਾਸਿਬ ਨਹੀਂ ਸਮਝਦੇ। ਉਹ ਆਪਣੇ ਪਰਿਵਾਰ ਲੈ ਕੇ ਸ਼ਹਿਰਾਂ 'ਚ ਜਾ ਵਸੇ।

ਉਹ ਸਾਫ਼ ਦਿਲ, ਸੱਚੇ-ਸੁੱਚੇ ਬੰਦੇ ਕਿਧਰੇ ਗੁਆਚ ਗਏ ਹਨ। ਜਿਵੇਂ-ਜਿਵੇਂ ਮਕਾਨ-ਕੋਠੀਆਂ ਵੱਡੀਆਂ ਹੁੰਦੀਆਂ ਜਾ ਰਹੀਆਂ ਹਨ, ਸਾਡੀ ਸੋਚ ਛੋਟੀ ਤੇ ਸੌੜੀ ਹੁੰਦੀ ਜਾ ਰਹੀ ਹੈ। ਆਪਣੇ-ਆਪ ਨੂੰ ਮਾਡਰਨ ਬਣਾਉਣ ਦੇ ਚੱਕਰ 'ਚ ਅਸੀਂ ਆਪਣੀ ਵਿਰਾਸਤ, ਸੱਭਿਆਚਾਰ, ਪਹਿਰਾਵੇ, ਰਹਿਣ-ਸਹਿਣ ਤੇ ਖਾਣ-ਪੀਣ ਤੋਂ ਦੂਰ ਹੁੰਦੇ ਜਾ ਰਹੇ ਹਾਂ। ਕਿੱਥੇ ਸਾਡੇ ਘਰਾਂ 'ਚੋਂ ਦੁੱਧ ਦੀਆਂ ਕਾੜ੍ਹਨੀਆਂ, ਖੇਤਾਂ ਵਿਚ ਕਮਾਦ, ਨਰਮੇ-ਕਪਾਹਾਂ, ਚਾਟੀ ਦੀ ਲੱਸੀ, ਸਰੋ ?ਹਂ ਦਾ ਸਾਗ, ਮੱਕੀ ਦੀਆਂ ਰੋਟੀਆਂ ਤੇ ਘਰੇ ਬਣਾਏ ਗੁੜ, ਸ਼ੱਕਰ ਤੇ ਦੇਸੀ ਘਿਓ ਹੁੰਦੇ ਸਨ ਜਿਨ੍ਹਾਂ ਨੂੰ ਅਸੀਂ ਸਾਰੇ ਚਾਅ ਨਾਲ ਖਾਂਦੇ ਸਾਂ ਤੇ ਹੁਣ ਇਹ ਮਾਡਰਨ ਲੋਕਾਂ ਦੇ ਹੱਥਾਂ 'ਚ ਬਰਗਰ, ਪੀਜ਼ੇ, ਨੂਡਲਜ਼, ਮੈਗੀ, ਰੇਹਾਂ-ਸਪਰੇਆਂ ਵਾਲਾ ਅਨਾਜ ਹੈ ਜਿਨ੍ਹਾਂ ਨੇ ਸਾਡੇ ਸਰੀਰ ਨੂੰ ਕਮਜ਼ੋਰ ਕਰ ਦਿੱਤਾ ਹੈ। ਇਨ੍ਹਾਂ ਕਾਰਨ ਹੀ ਹਰ ਮਨੁੱਖ ਹੁਣ ਕਈ-ਕਈ ਬਿਮਾਰੀਆਂ ਨਾਲ ਘਿਰ ਚੁੱਕਿਆ ਹੈ। ਕੀ ਕਰਨਾ ਇਹੋ ਜਿਹੀ ਤਬਦੀਲੀ ਨੂੰ ਜਿਸ ਵਿਚ ਅਸੀ ਆਪਣੀ ਹੋਂਦ ਹੀ ਖ਼ਤਮ ਕਰ ਚੁੱਕੇ ਹਾਂ।

ਰੱਬ ਦੀ ਰਜ਼ਾ 'ਚ ਰਹਿਣ ਵਾਲੇ ਲੋਕ ਅੱਜ ਆਪਣੇ-ਆਪ ਨੂੰ ਹੀ ਰੱਬ ਸਮਝਣ ਲੱਗ ਪਏ ਹਨ। ਹੁਣ ਤਾਂ ਮਨੁੱਖ ਹੀ ਮਨੁੱਖ ਦਾ ਕਾਤਲ ਬਣ ਗਿਆ ਹੈ ਤੇ ਉਹ ਸਮੇਂ ਵੀ ਸਨ ਜਦ ਲੋਕ ਪੈਰੇ ਥੱਲੇ ਕੀੜੀ ਆ ਕੇ ਮਰਨ ਨੂੰ ਵੀ ਪਾਪ ਸਮਝਦੇ ਸਨ। ਮੰਨਿਆ ਉਹ ਲੰਘੇ ਸਮੇਂ ਤਾਂ ਕੋਈ ਵਾਪਸ ਨਹੀਂ ਲਿਆ ਸਕਦਾ ਪਰ ਕਿਉਂ ਨਾ ਆਪਾਂ ਇਸ ਛੋਟੀ ਜ਼ਿੰਦਗੀ ਨੂੰ ਵੱਡੀ ਬਣਾ ਲਈਏ। ਹਰ ਕਿਸੇ ਨਾਲ ਭਾਈਚਾਰਕ ਸਾਂਝ ਰੱਖੀਏ। ਮਨਾਂ ਵਿੱਚੋਂ ਖੋਟ, ਮੈਲ, ਈਰਖਾ ਕੱਢ ਕੇ ਪਿਆਰ-ਮੁਹੱਬਤ ਨਾਲ ਰਹੀਏ। ਇਸ ਬਦਲਦੇ ਯੁੱਗ ਨੇ ਤਾਂ ਸਾਡਾ ਆਪਣਾਪਣ ਸਭ ਸਾਥੋਂ ਖੋਹ ਲਿਆ ਹੈ। ਕਿਉਂ ਅਸੀਂ ਆਪਣੇ ਲਈ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ, ਕੁਦਰਤ ਦੀਆਂ ਦਿੱਤੀਆ ਨਿਆਮਤਾਂ ਨੂੰ ਖ਼ਤਮ ਕਰਨ 'ਚ ਲੱਗੇ ਹੋਏ ਹਾਂ। ਖੇਤਾਂ ਵਿਚ ਵੀ ਹੁਣ ਖ਼ੁਸ਼ਹਾਲੀ ਨਹੀਂ। ਸੋਨੇ ਰੰਗੀ ਧਰਤੀ ਹੁਣ ਫ਼ਸਲਾਂ ਪੈਦਾ ਨਹੀਂ ਕਰ ਰਹੀ ਸਗੋਂ ਖ਼ੁਦਕੁਸ਼ੀਆਂ ਨੂੰ ਪਾਲ ਰਹੀ ਹੈ। ਪਰਿੰਦੇ ਵੀ ਅੱਜ-ਕੱਲ੍ਹ ਚਹਿਚਹਾ ਨਹੀਂ ਰਹੇ ਸਗੋਂ ਉਦਾਸ-ਉਦਾਸ ਨਜ਼ਰ ਆ ਰਹੇ ਹਨ ਕਿਉਂਕਿ ਮਨੁੱਖ ਨੇ ਆਪਣੇ ਫ਼ਾਇਦੇ ਲਈ ਉਨ੍ਹਾਂ ਦੇ ਰੈਣ-ਬਸੇਰੇ ਮੁਕਾ ਦਿੱਤੇ ਹਨ। ਉਹ ਹੁਣ ਕਿੱਥੇ ਜਾਣ। ਜੀਵਨ ਦੇਣ ਵਾਲੀਆਂ ਨਿਆਮਤਾਂ ਹਵਾ, ਧਰਤੀ, ਪਾਣੀ ਵੀ ਹੁਣ ਸਾਡੀ ਤਲੀ 'ਤੇ ਮੌਤ ਖੁਣ ਰਹੀਆਂ ਹਨ ਕਿਉਂਕਿ ਮਨੁੱਖ ਇੰਨਾ ਲਾਲਚੀ ਹੋ ਗਿਆ ਹੈ ਕਿ ਉਸ ਨੇ ਇਨ੍ਹਾਂ ਸਭ ਵਿਚ ਜ਼ਹਿਰਾਂ ਘੋਲ ਦਿੱਤੀਆਂ ਹਨ।

ਹੁਣ ਮਕਾਨ-ਕੋਠੀਆਂ ਤਾਂ ਵੱਡੀਆਂ ਹੋ ਗਈਆਂ ਹਨ ਪਰ ਜ਼ਿੰਦਗੀ ਬਹੁਤ ਛੋਟੀ ਹੋ ਗਈ। ਅੱਖ ਝਪਕਦੇ ਕੀ ਹੋ ਜਾਣਾ, ਕੋਈ ਨਹੀਂ ਜਾਣਦਾ। ਨਹਿਰਾਂ, ਦਰਿਆਵਾਂ 'ਚ ਵਗਦੇ ਪਾਣੀ ਵੀ ਸੋਗ ਦੇ ਗੀਤ ਗਾ ਰਹੇ ਨੇ। ਕਈ ਲੋਕਾਂ ਨੇ ਧੋਖਾਧੜੀਆਂ, ਬੇਈਮਾਨੀਆਂ ਨੂੰ ਆਪਣਾ ਈਮਾਨ ਬਣਾ ਲਿਆ ਹੈ। ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਪਤਾ ਨਹੀਂ ਮੇਰੇ ਪਿੰਡ ਨੂੰ ਕਿਹੜਾ ਦੁੱਖ ਅੰਦਰੋ-ਅੰਦਰੀ ਘੁਣ ਵਾਂਗ ਖਾ ਰਿਹਾ ਏ। ਜਦੋਂ ਦੇਖਾਂ ਤਾਂ ਇੰਜ ਲੱਗਦਾ ਹੈ ਜਿਵੇਂ ਉਹ ਕਹਿ ਰਿਹਾ ਹੋਵੇ ਕਿ ਕੋਈ ਫਰਿਸ਼ਤਾ ਆਵੇ ਤੇ ਮੈਨੂੰ ਡੁੱਬਣੋਂ ਬਚਾ ਲਵੇ। ਜਿਹੜੇ ਪਿੰਡ ਮੇਰਾ ਬਚਪਨ ਬੀਤਿਆ ਉਹ ਤਾਂ ਕਦੇ ਦਾ ਗੁਆਚ ਗਿਆ ਹੈ। ਉਸ ਨੂੰ ਮੈਂ ਕਿੱਥੋਂ ਲੱਭਾਂ। ਮੈਂ ਤਾਂ ਆਪਣੇ ਚੇਤਿਆਂ 'ਚ ਵਸੇ ਆਪਣੇ ਪਿੰਡ ਨੂੰ ਅੱਜ ਵੀ ਸਿਜਦਾ ਕਰਦੀ ਹਾਂ।


Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

# ਈ-ਰੁਪਏ ਵਿਚ ਲੈਣ-ਦੇਣ ਬਹੁਤਾ ਪ੍ਰਚੱਲਿਤ ਕਿਉਂ ਨਹੀਂ ਹੋਇਆ ?




**ਸੰਜੈ ਸ਼੍ਰੀਵਾਸਤਵ**

ਭਾਰਤੀ ਰਿਜ਼ਰਵ ਬੈਂਕ ਨੇ ਬੜੇ ਉਤਸ਼ਾਹ ਨਾਲ ਈ-ਰੁਪਈਆ ਨੂੰ ਦੇਸ਼ ਦੀ ਮੁਦਰਾ ਦੇ ਕ੍ਰਮਬੱਧ ਵਿਕਾਸ ਦੇ ਮਹੱਤਵਪੂਰਨ ਪੜਾਅ ਦੇ ਰੂਪ ’ਚ ਜਾਰੀ ਕੀਤਾ ਸੀ। ਇਕ ਨਵੰਬਰ 2022 ਨੂੰ ਥੋਕ ਅਤੇ ਇਕ ਦਸੰਬਰ 2022 ਨੂੰ ਖੁਦਰਾ ਖੇਤਰ ’ਚ ਸ਼ੁਰੂਆਤੀ ਤੌਰ ’ਤੇ ਚਾਰ ਸ਼ਹਿਰਾਂ ਅਤੇ ਚਾਰ ਬੈਂਕਾਂ ਦੇ ਨਾਲ ਈ-ਰੁਪਈਆ ਦਾ ਪਾਇਲਟ ਪ੍ਰਾਜੈਕਟ ਆਰੰਭ ਕੀਤਾ ਗਿਆ। ਜਿਨ੍ਹਾਂ ਦੀ ਗਿਣਤੀ ਹੁਣ 9 ਬੈਂਕਾਂ ਅਤੇ 9 ਸ਼ਹਿਰਾਂ ਤੱਕ ਪਹੁੰਚ ਚੁੱਕੀ ਹੈ। ਬੇਸ਼ੱਕ ਇਸ ਮਾਮਲੇ ’ਚ ਜਿਵੇਂ ਤੈਅ ਕੀਤਾ ਗਿਆ ਅਤੇ ਜਿੰਨਾ ਸੋਚਿਆ ਗਿਆ ਸੀ, ਉਨਾ ਹੀ ਇਸ ਸੰਬੰਧੀ ਵਿਕਾਸ ਹੋਇਆ। ਬੈਂਕ ਵੀ ਵਧੇ ਅਤੇ ਸ਼ਹਿਰਾਂ ਦੀ ਗਿਣਤੀ ਵੀ ਪਰ ਈ-ਰੁਪਏ ਰਾਹੀਂ ਲੈਣ-ਦੇਣ ਕਰਨ ਵਾਲਿਆਂ ਦੀ ਗਿਣਤੀ ’ਚ ਤਰੱਕੀ ਨਾ ਹੋਣਾ ਬਹੁਤ ਨਿਰਾਸ਼ਾਜਨਕ ਹੈ। ਕਈ ਮਹੀਨਿਆਂ ਬਾਅਦ ਵੀ ਜ਼ਿਆਦਾਤਰ ਲੋਕ ਇਸ ਦੀ ਵਰਤੋਂ ਨਹੀਂ ਕਰ ਰਹੇ ਹਨ। ਖੁਦਰਾ ਖੇਤਰ ਵਾਲੇ ਪਾਇਲਟ ਪ੍ਰਾਜੈਕਟ ਦੀ ਸ਼ੁਰੂਆਤ ਦੇ ਸਮੇਂ ਇਹ ਦਾਅਵਾ ਕੀਤਾ ਗਿਆ ਕਿ ਇਹ ਤੇਜ਼ੀ ਨਾਲ ਹਰਮਨ ਪਿਆਰਾ ਹੋਵੇਗਾ। ਤਿੰਨ ਮਹੀਨਿਆਂ ਦੇ ਅੰਦਰ ਹੀ ਇਸ ਦੀ ਸਮੀਖਿਆ ਕਰ ਕੇ ਇਸ ਨੂੰ ਸਮੁੱਚੇ ਦੇਸ਼ ’ਚ ਵੱਡੇ ਪੱਧਰ ’ਤੇ ਲਾਗੂ ਕੀਤਾ ਜਾਵੇਗਾ। ਲੈਣ-ਦੇਣ ਦੇ ਬਹੁਤ ਸਾਰੇ ਮਾਮਲਿਆਂ ਨੂੰ ਈ-ਰੁਪਈਏ ’ਤੇ ਨਿਰਭਰ ਬਣਾ ਦਿੱਤਾ ਜਾਵੇਗਾ।

ਪਰ ਸਰਕਾਰੀ ਅੰਕੜਿਆਂ ਮੁਤਾਬਿਕ ਅਜੇ ਤੱਕ ਸਿਰਫ਼ 131 ਕਰੋੜ ਦੇ ਮੁੱਲ ਦਾ ਈ-ਰੁਪਈਆ ਹੀ ਚਲਨ ਵਿਚ ਹੈ। ਇਸ ’ਚ ਖੁਦਰਾ ਖੇਤਰ ’ਚ ਕੁੱਲ ਲਗਭਗ ਸਾਢੇ ਚਾਰ ਕਰੋੜ ਰੁਪਏ ਅਤੇ ਥੋਕ ’ਚ ਕੁੱਲ ਸਾਢੇ 126 ਕਰੋੜ ਰੁਪਏ ਹਨ। ਕੁੱਲ ਈ-ਰੁਪਈਆ ਦੇ ਚਲਨ ’ਚ ਥੋਕ ਦੀ ਗਿਣਤੀ ਜੇਕਰ 96 ਫ਼ੀਸਦੀ ਤੋਂ ਜ਼ਿਆਦਾ ਹੈ ਤਾਂ ਜ਼ਾਹਰ ਹੈ ਕਿ ਇਸ ’ਚ 9 ਬੈਂਕਾਂ ਦਾ ਜਿਨ੍ਹਾਂ ’ਚ ਭਾਰਤੀ ਸਟੇਟ ਬੈਂਕ, ਬੈਂਕ ਆਫ਼ ਬੜੌਦਾ, ਯੂਨੀਅਨ ਬੈਂਕ ਆਫ਼ ਇੰਡੀਆ, ਐੱਚ.ਡੀ.ਐੱਫ.ਸੀ. ਬੈਂਕ, ਆਈ.ਸੀ.ਆਈ.ਸੀ.ਆਈ. ਬੈਂਕ, ਕੋਟਕ ਮਹਿੰਦਰਾ ਬੈਂਕ, ਯੈੱਸ ਬੈਂਕ, ਆਈ.ਡੀ.ਐੱਫ.ਸੀ. ਫਸਟ ਬੈਂਕ ਅਤੇ ਐੱਚ.ਐਸ.ਬੀ.ਸੀ. ਵਰਗੇ ਵੱਡੇ ਬੈਂਕਾਂ ਦਾ ਮਹੱਤਵਪੂਰਨ ਯੋਗਦਾਨ ਹੈ। ਬੈਂਕਾਂ ਵਲੋਂ 127 ਕਰੋੜ ਦੇ ਆਸਪਾਸ ਦਾ ਇਹ ਲੈਣ-ਦੇਣ ਅਧਿਕਾਰਤ ਤੌਰ ’ਤੇ ਇਸ ਚਲਨ ਨੂੰ ਸੁਰੱਖਿਅਤ ਅਤੇ ਸਫਲ ਦਰਸਾਉਣ ਦੀ ਕਵਾਇਦ ਹੋ ਸਕਦੀ ਹੈ। 9 ਬੈਂਕਾਂ ਦੇ ਇਸ ਪ੍ਰਾਜੈਕਟ ਨਾਲ ਜੁੜਨ ਤੋਂ ਬਾਅਦ ਜੇਕਰ ਇਹ ਅੰਕੜਾ ਮਹਿਜ਼ 127 ਕਰੋੜ ਦਾ ਹੀ ਹੈ ਤਾਂ ਇਹ ਬਹੁਤ ਦੁਖਦਾਈ ਗੱਲ ਹੈ। ਉਹ ਵੀ ਪ੍ਰਯੋਗਿਕ ਪ੍ਰੀਖਿਆ (ਐਕਸਪੈਰੀਮੈਂਟਲ ਟੈਸਟ) ਦੇ ਨਾਂਅ ’ਤੇ ਇਕ ਮਹੀਨੇ ਬਾਅਦ ਸ਼ੁਰੂ ਹੋਏ ਖੁਦਰਾ ਚਲਨ ’ਚ ਸਵਾ ਚਾਰ ਫ਼ੀਸਦੀ ਤੋਂ ਘੱਟ ਦਾ ਹਿੱਸਾ ਦਿਖਾਉਂਦਾ ਹੈ ਕਿ ਲੋਕ ਇਸ ਤੋਂ ਬਿਲਕੁੱਲ ਬੇਮੁੱਖ ਰਹੇ। ਉਨ੍ਹਾਂ ਨੇ ਇਸ ਨਵੀਂ ਮੁਦਰਾ ’ਚ ਥੋੜ੍ਹੀ-ਬਹੁਤ ਵੀ ਦਿਲਚਸਪੀ ਨਾ ਵਿਖਾਈ।

ਲੋਕਾਂ ਨੇ ਡਿਜੀਟਲ ਭੁਗਤਾਨ ਖ਼ੂਬ ਕੀਤਾ ਪਰ ਈ-ਰੁਪਈਆ ਨੂੰ ਨਹੀਂ ਅਪਣਾਇਆ, ਇੱਥੋਂ ਤੱਕ ਕਿ ਪੇਅ.ਟੀ.ਐਮ. ਅਤੇ ਗੂਗਲ ਪੇਅ ਦੇ ਮੁਕਾਬਲੇ ਈ-ਰੁਪਏ ਨਾਲ ਭੁਗਤਾਨ ਇਕ ਫ਼ੀਸਦੀ ਵੀ ਨਹੀਂ ਰਿਹਾ। ਜ਼ਾਹਰ ਹੈ ਆਖ਼ਰ ਕੇਂਦਰੀ ਬੈਂਕ ਡਿਜੀਟਲ ਮੁਦਰਾ ਭਾਵ ਸੀ.ਬੀ.ਡੀ.ਸੀ. ਦਾ ਇਹ ਪ੍ਰਾਜੈਕਟ ਇੰਨੀ ਬੁਰੀ ਤਰ੍ਹਾਂ ਅਸਫਲ ਕਿਉਂ ਦਿਖਾਈ ਦੇ ਰਿਹਾ ਹੈ। 45 ਸਾਲਾ ਇਕ ਫਲ ਵਿਕਰੇਤਾ ਦੇ ਹੱਥੋਂ ਹੋਈ ਬੋਹਣੀ ਲੈਣ-ਦੇਣ ਦੇ ਸੰਦਰਭ ’ਚ ਖ਼ਾਸ ਫਲਦਾਇਕ ਸਾਬਤ ਨਾ ਹੋਈ। ਪੇਅ.ਟੀ.ਐਮ., ਯੂ.ਪੀ.ਆਈ. ਅਤੇ ਦੂਜੀਆਂ ਡਿਜੀਟਲ ਮੁਦਰਾ ਅਪਣਾਉਣ ਵਾਲੇ ਲੋਕ ਆਖ਼ਰ ਈ-ਰੁਪਏ ਤੋਂ ਦੂਰ ਕਿਉਂ ਹਨ? ਬਿਨਾਂ ਪਾਰਦਰਸ਼ਤਾ ਅਤੇ ਨਾਗਰਿਕਾਂ ਦੀ ਭਾਗੀਦਾਰੀ ਦੇ ਵਿਕਸਤ ਕੀਤੇ ਗਏ ਸੀ.ਬੀ.ਡੀ.ਸੀ. ਜਾਂ ਈ-ਰੁਪਈਆ ਤੋਂ ਭਵਿੱਖ ’ਚ ਕਿੰਨੀ ਕੁ ਉਮੀਦ ਰੱਖੀ ਜਾਵੇ। ਸੱਚ ਇਹ ਹੈ ਕਿ ਜ਼ਿਆਦਾਤਰ ਲੋਕ ਨਹੀਂ ਜਾਣਦੇ ਕਿ ਈ-ਰੁਪਈਆ ਕੀ ਬਲਾ ਹੈ, ਖੁਦਰਾ ਲੈਣ-ਦੇਣ ’ਚ ਇਸ ਨੂੰ ਕਿਵੇਂ ਵਰਤਿਆ ਜਾਣਾ ਹੈ, ਇਹ ਕਿਸ ਕਦਰ ਸੁਰੱਖਿਅਤ ਹੈ ਅਤੇ ਇਸ ਦੇ ਫ਼ਾਇਦੇ ਕੀ ਹਨ? ਕਿਹੜੇ-ਕਿਹੜੇ ਬੈਂਕ ਇਸ ਨਾਲ ਸੰਬੰਧਿਤ ਹਨ। ਲੋਕਾਂ ’ਚ ਜਾਗਰੂਕਤਾ ਦੀ ਵੱਡੀ ਘਾਟ ਹੈ। ਸਰਕਾਰ ਲੋਕਾਂ ਨੂੰ ਇਹ ਦੱਸ ਨਹੀਂ ਸਕੀ ਕਿ ਈ-ਰੁਪਈਆ ਇਕ ਡਿਜੀਟਲ ਟੋਕਨ, ਇਕ ਲੀਗਲ ਟੈਂਡਰ ਹੈ, ਇਹ ਭਰੋਸੇਮੰਦ ਅਤੇ ਪੂਰੀ ਤਰ੍ਹਾਂ ਕਾਨੂੰਨੀ (ਵੈਧ) ਹੈ। ਇਹ ਉਸੇ ਮੁੱਲ ਵਰਗ ’ਚ ਜਾਰੀ ਨੋਟ ਅਤੇ ਸਿੱਕਿਆ ਦਾ ਡਿਜੀਟਲ ਜਾਂ ਇਲੈਕਟ੍ਰਾਨਿਕ ਰੂਪ ਹੈ, ਜਿਸ ’ਚ ਵਰਤਮਾਨ ਵਿਚ ਕਾਗਜ਼ੀ ਮੁਦਰਾ ਅਤੇ ਸਿੱਕੇ ਪ੍ਰਚਲਿਤ ਹਨ। ਇਹ ਵਿੱਤੀ ਵਿਚੋਲਿਆਂ ਭਾਵ ਬੈਂਕਾਂ ਦੇ ਮਾਧਿਅਮ ਨਾਲ ਆਪਣਾ ਡਿਜੀਟਲ ਵੈਲਟ (ਬਟੂਆ) ਲੈ ਕੇ ਕੋਈ ਵੀ ਈ-ਰੁਪਈਏ ਦਾ ਲੈਣ-ਦੇਣ ਕਿਸੇ ਵਿਅਕਤੀ ਜਾਂ ਦੁਕਾਨ ਵਗੈਰਾ ਵਿਚ ਠੀਕ ਉਸੇ ਤਰ੍ਹਾਂ ਨਾਲ ਕਰ ਸਕਦਾ ਹੈ, ਜਿਵੇਂ ਆਪਣੇ ਬੈਂਕ ’ਚੋਂ ਪੈਸੇ ਦੀ ਜਮ੍ਹਾਂ ਜਾਂ ਨਿਕਾਸੀ ਕਰਦਾ ਹੈ। ਉਹ ਇਸ ਨੂੰ ਮੋਬਾਈਲ ਫ਼ੋਨ ਜਾਂ ਦੂਜੇ ਉਪਕਰਨਾਂ ’ਤੇ ਰੱਖ ਸਕਦਾ ਹੈ। ਇਸ ਨੂੰ ਰੱਖਣ ’ਤੇ ਕੈਸ਼ ਨੂੰ ਲੈ ਕੇ ਨਿਰਭਰਤਾ ਘੱਟ ਹੋ ਜਾਵੇਗੀ। ਇਸ ਨੂੰ ਇੰਟਰਨੈੱਟ ਵੀ ਨਹੀਂ ਚਾਹੀਦਾ। ਵਿੱਤੀ ਲੈਣ-ਦੇਣ ’ਚ ਇਹ ਸੁਧਾਰਾਤਮਿਕ ਪ੍ਰਯੋਗ ਬਲਾਕਚੇਨ ਤਕਨੀਕ ’ਤੇ ਆਧਾਰਿਤ ਹੈ, ਜਿਸ ਦੇ ਚੱਲਦਿਆਂ ਇਹ ਬਹੁਤ ਸੁਰੱਖਿਅਤ ਅਤੇ ਆਸਾਨ ਹੈ।

ਆਰ.ਬੀ.ਆਈ. ਵਲੋਂ ਸੰਚਾਲਿਤ ਕਰੰਸੀ ਦੇ ਇਲੈੱਕਟਰਾਨਿਕ ਲੈਣ-ਦੇਣ ’ਚ ਕੋਈ ਵਿਅਕਤੀਗਤ, ਸੰਸਥਾਗਤ ਹੈਂਡਲਰ ਸ਼ਾਮਿਲ ਨਹੀਂ ਹੁੰਦਾ ਹੈ, ਜਿਵੇਂ ਕਿ ਯੂ.ਪੀ.ਆਈ. ਲੈਣ-ਦੇਣ ਦੇ ਮਾਮਲੇ ’ਚ ਹੁੰਦਾ ਹੈ। ਸਰਕਾਰ ਇਹ ਵੀ ਦੱਸ ਸਕਦੀ ਸੀ ਕਿ ਸਰਕਾਰ ਨੂੰ ਰੁਪਏ ਛਾਪਣ ਅਤੇ ਉਸ ਦੇ ਰੱਖ-ਰਖਾਅ ’ਤੇ ਹਰ ਸਾਲ ਜੋ 6000 ਕਰੋੜ ਰੁਪਏ ਖ਼ਰਚ ਕਰਨੇ ਪੈਂਦੇ ਹਨ, ਈ-ਰੁਪਈਆ ਲਾਗੂ ਹੋਣ ’ਤੇ ਇਹ ਖ਼ਰਚ ਬਹੁਤ ਹੱਦ ਤੱਕ ਬਚ ਜਾਵੇਗਾ ਅਤੇ ਸਾਰਾ ਪੈਸਾ ਵਿਕਾਸ ’ਚ ਲੱਗੇਗਾ। ਡਿਜੀਟਲ ਰੁਪਏ ਤੋਂ ਨਕਲੀ ਕਰੰਸੀ ’ਤੇ ਰੋਕ ਲਗਾਉਣ ’ਚ ਮਦਦ ਮਿਲੇਗੀ, ਰੁਪਏ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਦਾ ਖ਼ਰਚਾ ਵੀ ਘੱਟ ਹੋਵੇਗਾ। ਬੇਸ਼ੱਕ, ਡਿਜੀਟਲ ਰੁਪਏ ਨਾਲ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਸਕੇਗਾ ਪਰ ਸਰਕਾਰ ਸੰਭਾਵਿਤ ਇਹ ਸਭ ਕੁਝ ਸਮਝਾਉਣ ’ਚ ਅਸਫਲ ਰਹੀ। ਇਸ ਵਿਸ਼ੇ ’ਚ ਲੋਕਾਂ ’ਚ ਜਾਗਰੂਕਤਾ ਦੀ ਘਾਟ ਤਾਂ ਸਾਫ਼ ਦਿਖਾਈ ਦਿੰਦੀ ਹੈ, ਬਹੁਤ ਸਾਰੇ ਬੈਂਕਰਾਂ ਨੇ ਵੀ ਅੱਗੇ ਆ ਕੇ ਕਿਹਾ ਹੈ ਕਿ ਫਿਲਹਾਲ ਉਨ੍ਹਾਂ ਨੂੰ ਵੀ ਯੂਨੀਫਾਈਡ ਪੇਮੈਂਟ ਸਿਸਟਮ ਯੂ.ਪੀ.ਆਈ. ਵਗੈਰਾ ਦੇ ਮੁਕਾਬਲੇ ਇਸ ’ਚ ਕੋਈ ਜ਼ਿਆਦਾ ਲਾਭ ਦਿਖਾਈ ਨਹੀਂ ਦੇ ਰਿਹਾ। ਸਿੱਟੇ ਵਜੋਂ ਆਮ ਲੋਕ ਅੱਜ ਈ-ਰੁਪਈਏ ਬਾਰੇ ਜ਼ਿਆਦਾ ਕੁਝ ਨਹੀਂ ਜਾਣਦੇ ਅਤੇ ਉੱਪਰੋਂ ਬੈਂਕਾਂ ਦੇ ਨਿਰਉਤਸਾਹਿਤ ਕਰਨ ਦੇ ਚੱਲਦਿਆਂ ਈ-ਰੁਪਇਆ ਕੁਝ ਖ਼ਾਸ ਪ੍ਰਚਲਿਤ ਵੀ ਨਾ ਹੋ ਸਕਿਆ।

ਵਿਸ਼ਵ ਪੱਧਰ ’ਤੇ ਨਕਦੀ ਦੀ ਵਰਤੋਂ ਘਟ ਰਹੀ ਹੈ। ਡਿਜੀਟਲ ਪੇਮੈਂਟ, ਈ-ਵੈਲੇਟ, ਸੈਂਟਰਲ ਬੈਂਕ ਕਰੰਸੀ ਜਿਹੇ ਬਦਲ ਵਧ ਰਹੇ ਹਨ। ਵਿਸ਼ਵ ਭਰ ਦੇ ਲਗਭਗ ਦੋ ਅਰਬ ਨੌਜਵਾਨ ਬੈਂਕ ਦਾ ਖ਼ਾਤਾ ਨਹੀਂ ਰੱਖਦੇ। ਇਹ ਉੱਚਿਤ ਮੌਕਾ ਹੈ ਸੀ.ਬੀ.ਡੀ.ਸੀ. ਨੂੰ ਪ੍ਰਚਲਨ ’ਚ ਲਿਆਉਣ ਦਾ। ਪਰ ਇਹ ਬਦਲ ਮੂਲ ਰੂਪ ’ਚ ਉਨ੍ਹਾਂ ਨੂੰ ਆਕਰਸ਼ਿਤ ਕਰਨ ਵਾਲਾ ਹੋਣਾ ਚਾਹੀਦਾ ਹੈ, ਜੋ ਅੱਜ ਵੀ ਨਕਦ ਖ਼ਰਚਣ ਦੇ ਆਦੀ ਹਨ, ਉਹ ਮਹੀਨੇ ਭਰ ਦੇ ਲਈ ਟੈਕਸ ਮੁਕਤ ਪੈਸਾ ਕਢਵਾ ਕੇ ਉਸ ਸੀਮਤ ਧਨ ਨੂੰ ਆਪਣੇ ਤਰੀਕੇ ਨਾਲ ਨਕਦ ਖ਼ਰਚ ਕਰਦੇ ਹਨ ਤਾਂ ਕਿ ਹੱਦ ਤੋਂ ਜ਼ਿਆਦਾ ਖ਼ਰਚ ਨਾ ਹੋ ਜਾਵੇ। ਨਕਦ ਖ਼ਰਚਣ ਵਾਲੇ ਮੱਧ ਵਰਗੀ ਸਮਾਜ ਲਈ ਆਪਣੇ ਪੈਸੇ ਅਤੇ ਉਸ ਦੀ ਭੁਗਤਾਨ ਪ੍ਰਕਿਰਿਆ ’ਚ ਸੁਰੱਖਿਆ ਅਤੇ ਸੌਖ ਸਭ ਤੋਂ ਉੱਪਰ ਹੁੰਦੀ ਹੈ। ਦੋਵਾਂ ਖ਼ੂਬੀਆਂ ਦੇ ਬਾਵਜੂਦ ਸਰਕਾਰ ਇਸ ਵਰਗ ’ਚ ਇਸ ਬਾਰੇ ਠੋਸ ਭਰੋਸਾ ਨਹੀਂ ਜਗਾ ਸਕੀ।

ਸਰਕਾਰ ’ਤੇ ਭਰੋਸਾ ਹੋਣਾ ਹੋਰ ਗੱਲ ਹੈ ਅਤੇ ਆਪਣੇ ਪੈਸਿਆਂ ਦੇ ਮਾਮਲੇ ’ਚ ਵਿਸ਼ਵਾਸ ਰੱਖਣਾ ਉਹ ਵੀ ਉਦੋਂ, ਜਦੋਂ ਵਿਵਸਥਾ ਤਹਿਤ ਅਰਬਾਂ ਦੇ ਆਰਥਿਕ, ਵਿੱਤੀ ਘੁਟਾਲਿਆਂ ਦੀਆਂ ਖ਼ਬਰਾਂ ਆਮ ਹੋਣ, ਥੋੜ੍ਹਾ ਜਿਹਾ ਔਖਾ ਹੈ। ਦੂਜਾ ਰਿਜ਼ਰਵ ਬੈਂਕ ਨੇ ਕਈ ਵਾਰ ਇਹ ਦਾਅਵਾ ਕੀਤਾ ਕਿ ਈ-ਰੁਪਏ ਨਾਲ ਲੈਣ-ਦੇਣ ’ਚ ਨਿੱਜਤਾ ਹਰ ਕੀਮਤ ’ਤੇ ਅਤੇ ਪੂਰੀ ਤਰ੍ਹਾਂ ਸੁਰੱਖਿਅਤ ਰਹੇਗੀ। ਪਰ ਕਿਵੇਂ? ਇਹ ਉਹ ਕਦੇ ਵੀ ਦੱਸ ਨਹੀਂ ਸਕੇ। ਅਸਲ ’ਚ ਕੋਈ ਵੀ ਭੁਗਤਾਨ ਗੁਮਨਾਮ ਨਹੀਂ ਰਹਿੰਦਾ, ਆਪਣੇ ਨਿਸ਼ਾਨ ਜ਼ਰੂਰ ਛੱਡਦਾ ਹੈ, ਬੱਸ ਨਕਦੀ ਨਾਲ ਅਜਿਹਾ ਕੀਤਾ ਜਾ ਸਕਦਾ ਹੈ। ਸੀ.ਬੀ.ਡੀ.ਸੀ. ਲਈ ਆਈ.ਡੀ. ਚਾਹੀਦੀ ਹੀ ਚਾਹੀਦੀ ਹੈ। ਖ਼ੁਦ ਰਿਜ਼ਰਵ ਬੈਂਕ ਨੇ ਕਿਹਾ ਸੀ ਕਿ ਈ-ਰੁਪਏ ਜ਼ਰੀਏ ਸਰਕਾਰ ਵਿੱਤੀ ਤੰਤਰ ’ਤੇ ਨਜ਼ਰ ਰੱਖ ਸਕੇਗੀ ਭਾਵ ਡਿਜੀਟਲ ਰੁਪਏ, ਉਸ ਦੇ ਲੈਣ-ਦੇਣ ਦੀ ‘ਟਰੈਕਿੰਗ’ ਹੋਵੇਗੀ। ਭਾਰਤ ’ਚ ਪ੍ਰਸਤਾਵਿਤ ਡਾਟਾ ਪ੍ਰੋਟੈਕਸ਼ਨ ਲਾਅ ਲਾਗੂ ਹੋਵੇਗਾ ਤਾਂ ਸਰਕਾਰ ਦੇ ਕੋਲ ਸਾਰੇ ਅੰਕੜੇ ਉਜਾਗਰ ਰਹਿਣਗੇ।

ਸਾਈਬਰ ਸਿਕਿਓਰਿਟੀ ਦੇ ਮਾਮਲੇ ’ਚ ਅਸੀਂ ਕੋਈ ਮਜ਼ਬੂਤ ਕਿਲ੍ਹਾ ਖੜ੍ਹਾ ਨਹੀਂ ਕਰ ਸਕੇ, ਇਸ ਦੇ ਸ਼ਿਕਾਰਾਂ ਨੂੰ ਨਿਆਂ ਦਿਵਾਉਣ ’ਚ ਸਾਡੀ ਤਤਪਰਤਾ ਬਹੁਤੀ ਜ਼ਿਕਰਯੋਗ ਨਹੀਂ ਹੈ। ਇਹ ਗ਼ਲਤ ਨਹੀਂ ਕਿ ਈ-ਰੁਪਏ ਮਨੀ ਲਾਂਡਰਿੰਗ ਤੇ ਹੋਰ ਆਰਥਿਕ ਅਪਰਾਧਾਂ ’ਤੇ ਲਗ਼ਾਮ ਲਗਾ ਕੇ ਦੇਸ਼ ਦੀ ਡਿਜੀਟਲ ਇਕਾਨਮੀ ਨੂੰ ਮਜ਼ਬੂਤ ਕਰੇਗਾ ਅਤੇ ਭੁਗਤਾਨ ਤੰਤਰ ਨੂੰ ਜ਼ਿਆਦਾ ਕੁਸ਼ਲ ਬਣਾਏਗਾ। ਕ੍ਰਿਪਟੋਕਰੰਸੀ ਦੀ ਵਧਦੀ ਹਰਮਨਪਿਆਰਤਾ ਅਤੇ ਖ਼ਤਰਿਆਂ ਨੂੰ ਵੀ ਸੀ.ਬੀ.ਡੀ.ਸੀ. ਨਾਲ ਰੋਕਿਆ ਜਾ ਸਕਦਾ ਹੈ। ਬਿਨਾਂ ਸ਼ੱਕ ਭਵਿੱਖ ’ਚ ਇਹ ‘ਗੇਮਚੇਂਜਰ’ (ਰੁਝਾਨ ਬਦਲਣ ਵਾਲਾ) ਸਾਬਤ ਹੋ ਸਕਦਾ ਹੈ ਜੇਕਰ ਇਸ ਦਾ ਭਵਿੱਖ ਕੁਝ ਸਾਫ਼ ਨਜ਼ਰ ਆਏ।

# ਬੇਈਮਾਨੀ ਦੇ ਨਗਾਰਖਾਨੇ ਵਿੱਚ ਇਮਾਨਦਾਰੀ ਦੀ ਤੂਤੀ ?

**ਤਰਲੋਚਨ ਸਿੰਘ ‘ਦੁਪਾਲ ਪੁਰ’**
001-408-915-1268

ਇਸੇ ਅਪਰੈਲ ਦੇ ਦੂਸਰੇ ਹਫਤੇ ਅਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਏ। ਦਰਸ਼ਨੀਂ ਡਿਉੜ੍ਹੀ ਤੋਂ ਬਾਹਰ ਜਮ੍ਹਾਂ ਸੰਗਤ ਦੀ ਸੰਘਣੀ ਭੀੜ ਵਿੱਚ ਖੜ੍ਹ ਖੜ੍ਹ ਕੇ ਚੱਲਦੇ ਹੋਏ ਅਸੀਂ ਢਾਈ ਘੰਟਿਆਂ ਬਾਅਦ ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋਏ! ਅਮਰੀਕਨ ਜੰਮਪਲ ਸਾਡਾ ਦੋਹਤਾ ਕਈ ਵਾਰ ਬਹਿ ਬਹਿ ਕੇ ਅਰਾਮ ਕਰਦਾ ਰਿਹਾ।

ਚਲੋ ਖੈਰ, ਦਰਸ਼ਨ ਇਸ਼ਨਾਨ ਉਪਰੰਤ ਵਾਪਸੀ ’ਤੇ ਚੌਂਕ ਘੰਟਾ ਘਰ ਤੋਂ ਲੈ ਕੇ ਕਾਰ ਪਾਰਕਿੰਗ ਤੱਕ ਜਾਂਦਿਆਂ ਸਾਨੂੰ ਮੰਗਤੇ ਮੰਗਤੀਆਂ ਅਤੇ ਖੁਸਰਿਆਂ ਜਿਹਾਂ ਨੇ ਕਣਤਾਅ ਮਾਰਿਆ! ਮੱਲੋ ਮੱਲੀ ਅਸੀਸਾਂ ਦੇ ਢੇਰ ਲਾ ਲਾ ਸਾਥੋਂ ਪੈਸੇ ਮੰਗੀ ਜਾਣ! ਚੁੱਭਵੀਂ ਧੁੱਪ ਕਾਰਨ ਅਸੀਂ ਬੌਂਦਲੇ ਹੋਏ ਕਾਰ ਪਾਰਕਿੰਗ ਦੇ ਗੇਟ ’ਤੇ ਜਾ ਪਹੁੰਚੇ। ਸਾਡੇ ਪਿੱਛੇ ਪਿੱਛੇ ਪੈੱਨਾਂ ਦਾ ਗੁੱਛਾ ਫੜੀ ਇੱਕ ਹੋਰ ਬਾਲੜੀ ‘ਮੇਰੇ ਸੇ ਪੈੱਨ ਲੇ ਲੋ ਜੀ!’ ਕਹਿੰਦੀ ਤੁਰੀ ਆਵੇ!

ਉਹ ਜਿਵੇਂ ਬਦੋ ਬਦੀ ਪੈੱਨ ਸਾਡੇ ਮੋਹਰੇ ਨੂੰ ਕਰੀ ਜਾ ਰਹੀ ਸੀ, ਮੈਨੂੰ ਉਹਦੇ ਵੱਲ੍ਹ ਦੇਖ ਕੇ ਖਿਝ ਵੀ ਆਵੇ ! ਕਿਉਂ ਕਿ ਮੈਂ ਅਮਰੀਕਾ ਤੋਂ ਹੋਰ ਗਿਫਟਾਂ ਗੁਫਟਾਂ ਦੀ ਬਜਾਏ ਪੈੱਨਾਂ ਦਾ ਝੋਲਾ ਜਰੂਰ ਭਰ ਲਿਆਉਂਦਾ ਹਾਂ ਜੋ ਕਿ ਪਾੜ੍ਹੇ ਬੱਚਿਆਂ ਅਤੇ ਘਰੇ ਆਏ ਦੋਸਤਾਂ ਮਿੱਤਰਾਂ ਨੂੰ ਦੇ ਦਿਆ ਕਰਦਾ ਹਾਂ। ਮੈਂ ਉਸ ਨਿੱਕੀ ਕੁੜੀ ਨੂੰ ਕਿਹਾ ਵੀ ਕਿ ਅਸੀਂ ਪੈੱਨ ਨਹੀਂ ਲੈਣੇ ਪਰ ਉਹਦੇ ਤਰਲੇ ਜਿਹੇ ਦੇਖ ਕੇ ਮੈਨੂੰ ਤਰਸ ਆ ਗਿਆ ਤੇ ਮੈਂ ਉਸਨੂੰ ਪੈੱਨ ਦਾ ਮੁੱਲ ਪੁੱਛ ਕੇ ਪੈਂਟ ਦੀ ਜੇਬ੍ਹ ’ਚੋਂ ਦਸ ਰੁਪਏ ਕੱਢ ਕੇ ਫੜਾ ਦਿੱਤੇ! ਖੁਸ਼ ਜਿਹੀ ਹੋ ਕੇ ਉਸਨੇ ਇੱਕ ਪੈੱਨ ਮੈਨੂੰ ਦੇ ਦਿੱਤਾ ਤੇ ਬਾਹਰ ਵੱਲ੍ਹ ਨੂੰ ਚਲੇ ਗਈ।

ਹਾਲੇ ਅਸੀਂ ਕਾਰ ’ਚ ਬਹਿ ਕੇ ਆਪਣਾ ਸਮਾਨ ਅਡਜਸਟ ਕਰ ਰਹੇ ਸਾਂ ਕਿ ਉਹ ਕੁੜੀ ਫਿਰ ਸਾਡੇ ਵੱਲ੍ਹ ਤੁਰੀ ਆਵੇ! ਖਿਝ ਕੇ ਮੈਂ ਕਿਹਾ ਕਿ ਹੁਣ ਕੀ ਹੋਇਆ?

ਆਪਣੀਆਂ ਉਂਗਲਾਂ ਵਿੱਚ ਦਸਾਂ ਦਸਾਂ ਦੇ ਦੋ ਨੋਟ ਮੈਨੂੰ ਦਿਖਾਉਂਦਿਆਂ ਉਸਨੇ ਗੁੱਛੇ ’ਚੋਂ ਇੱਕ ਪੈੱਨ ਹੋਰ ਕੱਢ ਕੇ ਮੈਨੂੰ ਫੜਾਇਆ ਤੇ ਬੋਲੀ-

“ਜੀ ਤੁਸੀਂ ਮੈਨੂੰ ਕਾਹਲੀ ਕਾਹਲੀ ਦਸ ਦੀ ਬਜਾਏ ਵੀਹ ਰੁਪਏ ਫੜਾ ਆਏ ਸੀ, ਆਹ ਲਉ ਇੱਕ ਪੈੱਨ ਹੋਰ ਲੈ ਲਵੋ !

ਮੈਂ ਠਠੰਬਰਿਆ ਹੋਇਆ ਉਸ ਗਰੀਬ ਬੱਚੀ ਨੂੰ ਸਿਰ ਤੋਂ ਪੈਰਾਂ ਤੱਕ ਦੇਖਦਾ ਰਹਿ ਗਿਆ!!

‘ਗਰੀਬ ਧੀਏ, ਤੂੰ ਬੇਈਮਾਨੀ ਦੇ ਇਸ ਨਗਾੜਖਾਨੇ ਵਿੱਚ ਵੀ ਇਮਾਨਦਾਰੀ ਦੀ ਤੂਤੀ ਵਜਾ ਰਹੀ ਐਂ, ਸ਼ਾਬਾਸ਼ ਬੱਚੀਏ!!’





ਇਹ ਦੇਖ ਕੇ ਮੈਂ ਹੋਰ ਵੀ ਹੈਰਾਨ ਰਹਿ ਗਿਆ ਕਿ ਜਦ ਮੈਂ ਇਨਾਮ ਵਜੋਂ ਉਸਨੂੰ ਸੌ ਰੁਪਏ ਦਿੱਤੇ ਤਾਂ ਉਸਨੇ ਹਿਚਕਚਾਉਂਦਿਆਂ ਬੜੀ ਲਾਚਾਰਗੀ ਜਿਹੀ ਨਾਲ ਨੋਟ ਫੜਿਆ ਮੈਥੋਂ!!

‘ਧਰਤੀ ਕਾਸੇ ਦੇ ਆਸਰੇ ਹੀ ਖੜ੍ਹੀ ਹੈ ਦੋਸਤੋ !’




Vaisakhi & Hola Mahalla

# Jorh Mela

Sikh Gurdwara San Jose



ਵਿਸਾਖੀ ਅਤੇ ਹੋਲਾ ਮਹੱਲਾ

# ਜੋੜ ਮੇਲਾ

April 30, 2023 | 10AM - 5 PM

- Dhadhi Vaars
- Keertan • Gatka
- Competitions Prizes
- Basketball • Races (Youth & Elders)
- Volleyball

• Horse Riding • Pony Rides • Indian Snacks & Chaat
• Fresh Sugarcane Juics • Corn-on-Cob • Shopping Stalls • & Much More....

**General Enquiries Sukhdev Singh (408) 421-9463**
**Langar Harjinder Singh 408-904-9158 Stall Reservations**

# ਆਪਣੇ ਕੈਰੀਅਰ ਵਿੱਚ ਛਾਲ ਮਾਰਨ ਲਈ ਸਹੀ ਮਾਰਗਦਰਸ਼ਨ ਪ੍ਰਾਪਤ ਕਰੋ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਕਰੀਅਰ ਗਾਈਡੈਂਸ ਇੱਕ ਕਾਉਂਸਲਿੰਗ ਪ੍ਰੋਗਰਾਮ ਹੈ ਜੋ ਵਿਦਿਆਰਥੀਆਂ ਨੂੰ ਉਹਨਾਂ ਦੇ ਵਿਦਿਅਕ ਅਤੇ ਪੇਸ਼ੇਵਰ ਵਿਕਲਪਾਂ ਦੇ ਅਧਾਰ ’ਤੇ ਸਹੀ ਕਰੀਅਰ ਮਾਰਗ ਚੁਣਨ ਵਿੱਚ ਮਦਦ ਕਰਦਾ ਹੈ। ਵਿਦਿਆਰਥੀ ਦੇ ਗਿਆਨ, ਹੁਨਰ, ਜਾਣਕਾਰੀ, ਅਤੇ ਅਨੁਭਵ ਦਾ ਗੁਣਾਤਮਕ ਅਤੇ ਮਾਤਰਾਤਮਕ ਮੁਲਾਂਕਣ ਇਹ ਪਛਾਣ ਕਰਦਾ ਹੈ ਕਿ ਕਿਹੜੇ ਕਰੀਅਰ ਵਿਕਲਪ ਉਪਲਬਧ ਹਨ। ਭਾਰਤ ਵਿੱਚ ਸਕੂਲ ਤੋਂ ਪਾਸ ਹੋਣ ਤੋਂ ਬਾਅਦ ਵਿਦਿਆਰਥੀਆਂ ਲਈ ਉਪਲਬਧ ਵੱਖ-ਵੱਖ ਕੈਰੀਅਰ ਵਿਕਲਪਾਂ ਬਾਰੇ ਜਾਗਰੂਕਤਾ ਅਤੇ ਜਾਣਕਾਰੀ ਦੀ ਘਾਟ ਹੈ। ਭਾਰਤ ਵਿੱਚ ਕਰੀਅਰ ਕਾਉਂਸਲਰ ਨੂੰ ਮਿਲਣ ਦਾ ਕੋਈ ਸੱਭਿਆਚਾਰ ਨਹੀਂ ਹੈ। ਹਾਲੀਆ ਸਰਵੇਖਣ ਦੱਸਦੇ ਹਨ ਕਿ 93 ਫੀਸਦੀ ਵਿਦਿਆਰਥੀ ਦਸ ਤੋਂ ਘੱਟ ਕਰੀਅਰ ਵਿਕਲਪਾਂ ਬਾਰੇ ਜਾਣੂ ਸਨ, ਮੁੱਖ ਤੌਰ ’ਤੇ ਇੰਜੀਨੀਅਰਿੰਗ, ਦਵਾਈ, ਕਾਨੂੰਨ, ਵਿੱਤ, ਆਈ.ਟੀ, ਆਦਿ ਵਰਗੇ ਬੁਨਿਆਦੀ ਵਿਸ਼ੇ, ਇਸ ਦੇ ਉਲਟ, ਅੱਜ 600 ਤੋਂ ਵੱਧ ਕਰੀਅਰ ਵਿਕਲਪ ਉਪਲਬਧ ਹਨ। ਇਸ ਲਈ, ਇੱਕ ਵਿਦਿਆਰਥੀ ਲਈ ਉਪਲਬਧ ਸਾਰੇ ਕੈਰੀਅਰ ਵਿਕਲਪਾਂ ਬਾਰੇ ਜਾਗਰੂਕਤਾ ਦੇ ਪੱਧਰ ਨੂੰ ਵਧਾਉਣ ਦੀ ਲੋੜ ਹੈ। ਇਸ ਬਾਰੇ ਚਰਚਾ ਕਰਨ ਤੋਂ ਬਾਅਦ, ਸਾਨੂੰ ਕਰੀਅਰ ਮਾਰਗਦਰਸ਼ਨ ਪ੍ਰੋਗਰਾਮਾਂ ਦੀ ਕਿਉਂ ਲੋੜ ਹੈ? ਅਸੀਂ ਲੰਬੇ ਸਮੇਂ ਤੋਂ ਬਜ਼ੁਰਗਾਂ, ਹਾਣੀਆਂ ਅਤੇ ਮਾਪਿਆਂ ਤੋਂ ਸੁਝਾਅ ਲੈ ਰਹੇ ਹਾਂ। ਹਰ ਕਿਸੇ ਦੀ ਇਸ ਗੱਲ ’ਤੇ ਵੱਖਰੀ ਰਾਏ ਹੁੰਦੀ ਹੈ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਜਦੋਂ ਕਿ ਇਹ ਪੂਰੀ ਤਰ੍ਹਾਂ ਗਲਤ ਨਹੀਂ ਹੈ, ਹੋ ਸਕਦਾ ਹੈ ਕਿ ਫੈਸਲਾ ਹਮੇਸ਼ਾ ਉਚਿਤ ਨਾ ਹੋਵੇ। ਇਸ ਤੋਂ ਬਚਣ ਲਈ ਕਿਸੇ ਨੂੰ ਕੈਰੀਅਰ ਗਾਈਡੈਂਸ ਪ੍ਰੋਗਰਾਮ ਵਿੱਚ ਜਾਣਾ ਚਾਹੀਦਾ ਹੈ ਜਾਂ ਸਲਾਹਕਾਰ ਨਾਲ ਇੱਕ ਮੁਲਾਕਾਤ ਤੈਅ ਕਰਨੀ ਚਾਹੀਦੀ ਹੈ। ਇਹ ਕਿਵੇਂ ਚਲਦਾ ਹੈ? ਕਰੀਅਰ ਮਾਰਗਦਰਸ਼ਨ ਆਮ ਤੌਰ ’ਤੇ ਕਿਸੇ ਵਿਅਕਤੀ ਦੇ ਹੁਨਰ, ਦਿਲਚਸਪੀਆਂ ਅਤੇ ਸ਼ਕਤੀਆਂ ਦੇ ਮੁਲਾਂਕਣ ਨਾਲ ਸ਼ੁਰੂ ਹੁੰਦਾ ਹੈ। ਇਹ ਜਾਣਕਾਰੀ ਫਿਰ ਸੰਭਾਵੀ ਕੈਰੀਅਰ ਮਾਰਗਾਂ ਦੀ ਪਛਾਣ ਕਰਨ ਲਈ ਵਰਤੀ ਜਾਂਦੀ ਹੈ ਜੋ ਕਿ ਇੱਕ ਵਧੀਆ ਫਿਟ ਹੋ ਸਕਦੇ ਹਨ। ਇੱਕ ਕਰੀਅਰ ਸਲਾਹਕਾਰ ਜਾਂ ਸਲਾਹਕਾਰ ਵੱਖ-ਵੱਖ ਕਿੱਤਿਆਂ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ, ਜਿਵੇਂ ਕਿ ਨੌਕਰੀ ਦੀਆਂ ਲੋੜਾਂ, ਵਿਕਾਸ ਦੀ ਸੰਭਾਵਨਾ, ਅਤੇ ਕਮਾਈ ਦੀ ਸੰਭਾਵਨਾ। ਉਹ ਵਿਅਕਤੀਆਂ ਦੀ ਸਿੱਖਿਆ ਅਤੇ ਸਿਖਲਾਈ ਦੇ ਵਿਕਲਪਾਂ ਦੀ ਪੜਚੋਲ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ, ਜਿਵੇਂ ਕਿ ਕਾਲਜ ਜਾਂ ਵੋਕੇਸ਼ਨਲ ਪ੍ਰੋਗਰਾਮ, ਅਤੇ ਸੰਬੰਧਿਤ ਕੰਮ ਦਾ ਤਜਰਬਾ ਕਿਵੇਂ ਹਾਸਲ ਕਰਨਾ ਹੈ ਬਾਰੇ ਸਲਾਹ ਦੇ ਸਕਦੇ ਹਨ। ਕਰੀਅਰ ਗਾਈਡੈਂਸ ਦੇ ਲਾਭ ਕਰੀਅਰ ਮਾਰਗਦਰਸ਼ਨ ਕਈ ਤਰੀਕਿਆਂ ਨਾਲ ਲਾਭਦਾਇਕ ਹੋ ਸਕਦਾ ਹੈ, ਜਿਸ ਵਿੱਚ ਸ਼ਾਮਲ ਹਨ: ਢੁਕਵੇਂ ਕਰੀਅਰ ਦੀ ਪਛਾਣ ਕਰਨਾ: ਕੈਰੀਅਰ ਮਾਰਗਦਰਸ਼ਨ ਵਿਅਕਤੀਆਂ ਨੂੰ ਉਨ੍ਹਾਂ ਦੇ ਹੁਨਰ, ਰੁਚੀਆਂ ਅਤੇ ਸ਼ਖਸੀਅਤ ਦੇ ਗੁਣਾਂ ਨਾਲ ਮੇਲ ਖਾਂਦਾ ਕਰੀਅਰ ਪਛਾਣਨ ਵਿੱਚ ਮਦਦ ਕਰ ਸਕਦਾ ਹੈ। ਇਹ ਪ੍ਰਕਿਰਿਆ ਲੋਕਾਂ ਨੂੰ ਆਪਣੇ ਕਰੀਅਰ ਦੇ ਮਾਰਗਾਂ ਬਾਰੇ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰ ਸਕਦੀ ਹੈ। ਸੂਚਿਤ ਕਰੀਅਰ ਵਿਕਲਪ ਬਣਾਉਣਾ: ਕੈਰੀਅਰ ਮਾਰਗਦਰਸ਼ਨ ਵਿਅਕਤੀਆਂ ਨੂੰ ਵੱਖ-ਵੱਖ ਕਰੀਅਰ ਵਿਕਲਪਾਂ, ਨੌਕਰੀ ਦੇ ਬਾਜ਼ਾਰ ਦੇ ਰੁਝਾਨਾਂ, ਅਤੇ ਵਿਦਿਅਕ ਲੋੜਾਂ ਬਾਰੇ ਸਹੀ ਅਤੇ ਨਵੀਨਤਮ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ। ਇਹ ਜਾਣਕਾਰੀ ਵਿਅਕਤੀਆਂ ਨੂੰ ਆਪਣੇ ਕਰੀਅਰ ਦੀਆਂ ਚੋਣਾਂ ਬਾਰੇ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰ ਸਕਦੀ ਹੈ। ਕਰੀਅਰ ਦੇ ਟੀਚਿਆਂ ਦਾ ਵਿਕਾਸ ਕਰਨਾ: ਕਰੀਅਰ ਮਾਰਗਦਰਸ਼ਨ ਵਿਅਕਤੀਆਂ ਨੂੰ ਸਪੱਸ਼ਟ ਅਤੇ ਪ੍ਰਾਪਤੀ ਯੋਗ ਕਰੀਅਰ ਟੀਚਿਆਂ ਨੂੰ ਵਿਕਸਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਇਹ ਪ੍ਰਕਿਰਿਆ ਲੋਕਾਂ ਨੂੰ ਫੋਕਸ ਅਤੇ ਪ੍ਰੇਰਿਤ ਰਹਿਣ ਵਿੱਚ ਮਦਦ ਕਰ ਸਕਦੀ ਹੈ ਕਿਉਂਕਿ ਉਹ ਆਪਣੇ ਕਰੀਅਰ ਦੇ ਉਦੇਸ਼ਾਂ ਲਈ ਕੰਮ ਕਰਦੇ ਹਨ। ਰੁਜ਼ਗਾਰਯੋਗਤਾ ਨੂੰ ਵਧਾਉਣਾ: ਕੈਰੀਅਰ ਮਾਰਗਦਰਸ਼ਨ ਵਿਅਕਤੀਆਂ ਨੂੰ ਆਪਣੇ ਚੁਣੇ ਹੋਏ ਕਰੀਅਰ ਵਿੱਚ ਕਾਮਯਾਬ ਹੋਣ ਲਈ ਲੋੜੀਂਦੇ ਹੁਨਰ, ਗਿਆਨ ਅਤੇ ਅਨੁਭਵ ਵਿਕਸਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਪ੍ਰਕਿਰਿਆ ਵਿੱਚ ਸਿਖਲਾਈ, ਸਿੱਖਿਆ, ਅਤੇ ਕੰਮ ਦੇ ਅਨੁਭਵ ਦੇ ਮੌਕੇ ਸ਼ਾਮਲ ਹੋ ਸਕਦੇ ਹਨ।

**ਕੈਰੀਅਰ ਦੀਆਂ ਰੁਕਾਵਟਾਂ ਨੂੰ ਦੂਰ ਕਰਨਾ:** ਕਰੀਅਰ ਮਾਰਗਦਰਸ਼ਨ ਵਿਅਕਤੀਆਂ ਨੂੰ ਕੈਰੀਅਰ ਨਾਲ ਸਬੰਧਤ ਰੁਕਾਵਟਾਂ ਜਿਵੇਂ ਕਿ ਬੇਰੁਜ਼ਗਾਰੀ, ਨੌਕਰੀ ਦੀ ਅਸੰਤੁਸ਼ਟੀ, ਜਾਂ ਕੈਰੀਅਰ ਦੀ ਤਰੱਕੀ ਦੇ ਮੌਕਿਆਂ ਦੀ ਘਾਟ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੀ ਹੈ। ਇਸ ਪ੍ਰਕਿਰਿਆ ਵਿੱਚ ਵਿਕਲਪਕ ਕੈਰੀਅਰ ਮਾਰਗਾਂ ਦੀ ਪਛਾਣ ਕਰਨਾ ਜਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਰਣਨੀਤੀਆਂ ਵਿਕਸਿਤ ਕਰਨਾ ਸ਼ਾਮਲ ਹੋ ਸਕਦਾ ਹੈ।

**ਨੌਕਰੀ ਦੀ ਸੰਤੁਸ਼ਟੀ ਵਿੱਚ ਸੁਧਾਰ ਕਰਨਾ:** ਕੈਰੀਅਰ ਮਾਰਗਦਰਸ਼ਨ ਵਿਅਕਤੀਆਂ ਨੂੰ ਉਨ੍ਹਾਂ ਦੇ ਨਿੱਜੀ ਮੁੱਲਾਂ ਅਤੇ ਰੁਚੀਆਂ ਨਾਲ ਮੇਲ ਖਾਂਦਾ ਸੰਪੂਰਨ ਅਤੇ ਅਰਥਪੂਰਨ ਕਰੀਅਰ ਲੱਭਣ ਵਿੱਚ ਮਦਦ ਕਰ ਸਕਦਾ ਹੈ। ਇਹ ਪ੍ਰਕਿਰਿਆ ਨੌਕਰੀ ਦੀ ਸੰਤੁਸ਼ਟੀ ਅਤੇ ਸਮੁੱਚੀ ਜੀਵਨ ਸੰਤੁਸ਼ਟੀ ਨੂੰ ਵਧਾ ਸਕਦੀ ਹੈ। ਹੁਣ ਜਦੋਂ ਅਸੀਂ ਕਰੀਅਰ ਗਾਈਡੈਂਸ ਦੇ ਲਾਭਾਂ ਅਤੇ ਤੱਤਾਂ ਨੂੰ ਦੇਖਿਆ ਹੈਪ੍ਰੋਗਰਾਮ, ਆਓ ਦੇਖੀਏ ਕਿ ਉਹਨਾਂ ਤੋਂ ਕੌਣ ਲਾਭ ਲੈ ਸਕਦਾ ਹੈ। ਵਿਦਿਆਰਥੀ: 10ਵੀਂ ਅਤੇ 12ਵੀਂ ਦੇ ਬੋਰਡਾਂ ਲਈ ਹਾਜ਼ਰ ਹੋਣ ਵਾਲੇ ਵਿਦਿਆਰਥੀਆਂ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਉਹ ਕਿੰਨੇ ਖੇਤਰਾਂ ਵਿੱਚੋਂ ਚੋਣ ਕਰ ਸਕਦੇ ਹਨ। ਨੌਕਰੀ ਭਾਲਣ ਵਾਲੇ: ਜਿਨ੍ਹਾਂ ਵਿਅਕਤੀਆਂ ਨੇ ਆਪਣੀ ਸਿੱਖਿਆ ਪੂਰੀ ਕਰ ਲਈ ਹੈ, ਉਹਨਾਂ ਨੂੰ ਉਹਨਾਂ ਖੇਤਰਾਂ ਬਾਰੇ ਹੋਰ ਜਾਣਨ ਦੀ ਲੋੜ ਹੁੰਦੀ ਹੈ ਜਿਨ੍ਹਾਂ ਵਿੱਚ ਉਹ ਉਹਨਾਂ ਸਟਰੀਮ ਤੋਂ ਕੰਮ ਕਰ ਸਕਦੇ ਹਨ ਜੋ ਉਹਨਾਂ ਨੇ ਚੁਣਿਆ ਹੈ। ਉਹ ਲੋਕ ਜਿਨ੍ਹਾਂ ਨੂੰ ਕਰੀਅਰ ਬਦਲਣ ਦੀ ਲੋੜ ਹੈ: ਉਹ ਲੋਕ ਜੋ ਕਰੀਅਰ ਬਦਲਣ ਦੀ ਤਲਾਸ਼ ਕਰ ਰਹੇ ਹਨ, ਉਹ ਕਰੀਅਰ ਮਾਰਗਦਰਸ਼ਨ ਪ੍ਰੋਗਰਾਮਾਂ ਦੀ ਮਦਦ ਨਾਲ ਬਹੁਤ ਸਾਰੇ ਵੱਖ-ਵੱਖ ਮੌਕਿਆਂ ਦਾ ਹਵਾਲਾ ਦੇ ਸਕਦੇ ਹਨ।

**ਜਿਹੜੇ ਲੋਕ ਆਪਣੀਆਂ ਨੌਕਰੀਆਂ ਗੁਆ ਚੁੱਕੇ ਹਨ:** ਕੈਰੀਅਰ ਗਾਈਡੈਂਸ ਪ੍ਰੋਗਰਾਮ ਉਹਨਾਂ ਲੋਕਾਂ ਦੀ ਮਦਦ ਕਰ ਸਕਦੇ ਹਨ ਜਿਨ੍ਹਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ ਅਤੇ ਅੱਗੇ ਕੀ ਕਰਨਾ ਹੈ ਅਤੇ ਉਹਨਾਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਵਿੱਚ ਮਦਦ ਕਰ ਸਕਦੇ ਹਨ। 10 ਕਾਰਨ ਕਿ ਕੈਰੀਅਰ ਗਾਈਡੈਂਸ ਵਿਦਿਆਰਥੀਆਂ ਲਈ ਮਹੱਤਵਪੂਰਨ ਕਿਉਂ ਹੈ ਭਾਰਤ ਵਿੱਚ ਸਿੱਖਿਅਕ ਵਿਦਿਅਕ ਖੇਤਰ ਵਿੱਚ ਸੁਧਾਰਾਂ ਨੂੰ ਪ੍ਰਾਪਤ ਕਰਨ ਲਈ ਵਿਆਪਕ ਤੌਰ ’ਤੇ ਕੰਮ ਕਰ ਰਹੇ ਹਨ। ਕੈਰੀਅਰ ਸਲਾਹਕਾਰ ਉਨ੍ਹਾਂ ਵਿੱਚੋਂ ਇੱਕ ਹਨ ਜੋ ਇੱਕ ਢੁਕਵੀਂ ਦਿਸ਼ਾ ਵਿੱਚ ਛੋਟੇ ਦਿਮਾਗਾਂ ਨੂੰ ਤਿਆਰ ਕਰਦੇ ਹਨ। ਜਦੋਂ ਸਕੂਲਾਂ, ਸੰਸਥਾਵਾਂ, ਜਾਂ ਇੱਥੋਂ ਤੱਕ ਕਿ ਮਾਪੇ ਵਿਦਿਆਰਥੀਆਂ ਨੂੰ ਸਹੀ ਮਾਰਗਦਰਸ਼ਨ ਦੇਣ ਦੀ ਕਮੀ ਕਰਦੇ ਹਨ, ਤਾਂ ਕਰੀਅਰ ਸਲਾਹਕਾਰ ਕਾਰਵਾਈ ਵਿੱਚ ਆਉਂਦੇ ਹਨ। ਲੋੜਵੰਦਾਂ ਲਈ ਉਪਲਬਧ ਸਾਰੇ ਕੈਰੀਅਰ ਮਾਰਗਾਂ ਨੂੰ ਦਿਖਾਉਣਾ ਅਤੇ ਜਾਣੂ ਹੋਣਾ ਕਾਉਂਸਲਰ ਦਾ ਸਭ ਤੋਂ ਵੱਡਾ ਖਾਤਾ ਹੈ। ਸਾਰੇ ਕੈਰੀਅਰ ਮਾਰਗਾਂ ’ਤੇ ਅਪਡੇਟ ਕੀਤਾ ਗਿਆ ਕਾਉਂਸਲਿੰਗ ਖੋਜ, ਮੁਹਾਰਤ ਦੇ ਪੱਧਰ, ਅਤੇ ਗਿਆਨ ਦੇ ਆਧਾਰ ’ਤੇ, ਕਰੀਅਰ ਸਲਾਹਕਾਰ ਵਿਦਿਆਰਥੀਆਂ ਨੂੰ ਨੌਕਰੀ ਦੇ ਮੌਕਿਆਂ ਅਤੇ ਮਾਰਕੀਟ ਦ੍ਰਿਸ਼ਾਂ ਨੂੰ ਸਮਝਣ ਵਿੱਚ ਸਹਾਇਤਾ ਕਰਦੇ ਹਨ। ਉਹ ਇੱਕ ਲੋੜੀਂਦੇ ਨਵੇਂ ਪਰ ਢੁਕਵੇਂ ਕੈਰੀਅਰ ਮਾਰਗ ਦੀ ਪੜਚੋਲ ਕਰਨ ਅਤੇ ਪੁੱਛਣ ਲਈ ਸਹੀ ਲੋਕ ਹਨ। ਕਰੀਅਰ ਸਲਾਹਕਾਰ ਲੋਕਾਂ ਨੂੰ ਵਿਹਾਰਕ ਮਾਰਗਦਰਸ਼ਨ ਅਤੇ ਪੂਰੀ ਖੋਜ ਨਾਲ ਸੂਚਿਤ ਫੈਸਲੇ ਲੈਣ ਦਿੰਦੇ ਹਨ। ਉਹ ਵਿਦਿਆਰਥੀਆਂ ਨੂੰ ਸਾਰੇ ਪ੍ਰਮੁੱਖ ਪਲੇਟਫਾਰਮਾਂ ਅਤੇ ਮਾਰਕੀਟ ਵਿੱਚ ਮੌਜੂਦਾ ਲੋੜਾਂ ਨਾਲ ਅਪਡੇਟ ਕਰਦੇ ਹਨ। ਉਦਾਹਰਨ ਲਈ, ਬਹੁਤ ਸਾਰੇ ਵਿਦਿਆਰਥੀ ਨੈਤਿਕ ਹੈਕਿੰਗ, ਖਗੋਲ ਭੌਤਿਕ ਵਿਗਿਆਨ, ਖੇਡ ਮਨੋਵਿਗਿਆਨ ਆਦਿ ਤੋਂ ਅਣਜਾਣ ਹਨ। ਜਦੋਂ ਉਹ ਆਪਣੇ ਕਰੀਅਰ ਦੇ ਖੇਤਰਾਂ ਦੀ ਚੋਣ ਕਰਨ ਬਾਰੇ ਦੁਬਿਧਾ ਵਿੱਚ ਹੁੰਦੇ ਹਨ ਤਾਂ ਉਹ ਉਹਨਾਂ ਤੋਂ ਮਦਦ ਲੈ ਸਕਦੇ ਹਨ। ਇਹ ਸਲਾਹਕਾਰ ਵਿਦਿਆਰਥੀਆਂ ਨੂੰ ਮਾਰਕੀਟ ਵਿੱਚ ਮੌਜੂਦ ਸਾਰੇ ਪ੍ਰਭਾਵਸ਼ਾਲੀ ਵਿਕਲਪਾਂ ਤੋਂ ਜਾਣੂ ਕਰਵਾ ਸਕਦੇ ਹਨ।

**ਕਰੀਅਰ ਦੇ ਹੁਨਰ ਦੀ ਪੜਚੋਲ ਕਰਨ ਲਈ ਵਿਆਪਕ ਦ੍ਰਿਸ਼ਟੀਕੋਣ ਦਾ ਪਾਲਣ ਕਰੋ:** ਤਕਨਾਲੋਜੀ ਦੇ ਵਿਕਾਸਸ਼ੀਲ ਸੰਸਾਰ ਵਿੱਚ, ਸਿਖਲਾਈ ਖੇਤਰ ਵਿੱਚ ਅਜਿਹੇ ਸਾਧਨ ਸ਼ਾਮਲ ਹੁੰਦੇ ਹਨ ਜੋ ਮਾਪਣਯੋਗ ਅਤੇ ਪਰਿਭਾਸ਼ਿਤ ਨਤੀਜੇ ਦੇ ਸਕਦੇ ਹਨ। ਇਸ ਤੋਂ ਇਲਾਵਾ, ਸਲਾਹਕਾਰ ਨਵੀਨਤਾਕਾਰੀ ਤਕਨੀਕੀ ਸਾਧਨਾਂ ਨੂੰ ਚਲਾਉਂਦੇ ਹਨ ਜਿਵੇਂ ਕਿ ਅੱਖਰ ਟੈਸਟ, ਯੋਗਤਾ ਟੈਸਟ, ਸ਼ਖਸੀਅਤ ਟੈਸਟ, ਅਤੇ ਹੋਰ ਜੋ ਦਿਲਚਸਪ ਵਿਕਲਪਾਂ ਨੂੰ ਨਿਰਧਾਰਤ ਕਰਨ ਵਿੱਚ ਮਦਦਗਾਰ ਸਾਬਤ ਹੋਏ ਹਨ। ਕਰੀਅਰ ਸਲਾਹਕਾਰ ਵਿਦਿਆਰਥੀਆਂ ਦੀਆਂ ਰੁਚੀਆਂ, ਸ਼ਖਸੀਅਤਾਂ, ਯੋਗਤਾਵਾਂ ਅਤੇ ਸਮਰੱਥਾਵਾਂ ਦਾ ਮੁਲਾਂਕਣ ਕਰਨ ਲਈ ਮਨੋਵਿਗਿਆਨਕ ਟੈਸਟਾਂ ਦੀ ਵਰਤੋਂ ਕਰਦੇ ਹਨ। ਇਹ ਉਹਨਾਂ ਨੂੰ ਇੱਕ ਮਾਹਰ ਦੇ ਦ੍ਰਿਸ਼ਟੀਕੋਣ ਤੋਂ ਗੁਪਤ ਯੋਗਤਾਵਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਅਤੇ ਉਹਨਾਂ ਨੂੰ ਉਹਨਾਂ ਦੀਆਂ ਮੁਲਾਂਕਣ ਰਿਪੋਰਟਾਂ ਦੇ ਅਨੁਸਾਰ ਸਭ ਤੋਂ ਢੁਕਵੀਂ ਨੌਕਰੀ ਨੂੰ ਫਿਲਟਰ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।

**ਇੱਕ ਸਪਸ਼ਟ ਕਰੀਅਰ ਰੋਡ-ਮੈਪ ਦਿੰਦਾ ਹੈ:** ਕੈਰੀਅਰ ਕੈਰੀਅਰ ਸਲਾਹਕਾਰ ਇੱਕ ਸਪਸ਼ਟ ਸੜਕ ਦੇ ਨਕਸ਼ੇ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਨੂੰ ਸਹੀ ਮਾਰਗ ਵੱਲ ਲੈ ਜਾਂਦੇ ਹਨ। ਇੱਕ ਵਧੀਆ ਕਰੀਅਰ ਦਾ ਨਕਸ਼ਾ ਵਿਦਿਆਰਥੀਆਂ ਨੂੰ ਟਰੈਕ ’ਤੇ ਰਹਿਣ ਅਤੇ ਲਾਹੇਵੰਦ ਨਤੀਜਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਦਾ ਹੈ। ਕਰੀਅਰ ਦੇ ਵਾਧੇ ਮਾਪੇ ਅਕਸਰ ਇਹ ਮੰਨਦੇ ਹਨ ਕਿ ਉਹ ਆਪਣੇ ਬੱਚਿਆਂ ਲਈ ਸਭ ਤੋਂ ਵਧੀਆ ਜਾਣਦੇ ਹਨ ਅਤੇ ਬਾਅਦ ਵਿੱਚ ਇਸ ਦੇ ਆਧਾਰ ’ਤੇ ਕਰੀਅਰ ਦੀ ਚੋਣ ਕਰਦੇ ਹਨ। ਬੱਚੇ ਕਦੇ-ਕਦਾਈਂ ਦਮ ਘੁੱਟਣ ਮਹਿਸੂਸ ਕਰਦੇ ਹਨ ਅਤੇ ਆਪਣੀ ਪੂਰੀ ਜ਼ਿੰਦਗੀ ਉਸ ਖਾਸ ਰੁਜ਼ਗਾਰ ਨਾਲ ਜੂਝਦੇ ਰਹਿੰਦੇ ਹਨ ਜਿਸ ਨੂੰ ਉਹ ਕਦੇ ਨਹੀਂ ਚਾਹੁੰਦੇ ਸਨ। ਇਹ ਹਾਲਾਤ ਮਾਤਾ-ਪਿਤਾ ਅਤੇ ਬੱਚੇ ਵਿਚਕਾਰ ਝੜਪਾਂ ਦਾ ਕਾਰਨ ਬਣਦੇ ਹਨ ਅਤੇ ਕਰੀਅਰ ਦੀ ਯੋਜਨਾਬੰਦੀ ਨੂੰ ਬਹੁਤ ਜ਼ਿਆਦਾ ਮੁਸ਼ਕਲ ਬਣਾਉਂਦੇ ਹਨ। ਕਰੀਅਰ ਸਲਾਹਕਾਰ ਬੱਚਿਆਂ ਅਤੇ ਮਾਪਿਆਂ ਦੇ ਦ੍ਰਿਸ਼ਟੀਕੋਣਾਂ ਦਾ ਆਦਰ ਕਰਦੇ ਹਨ ਅਤੇ ਸਮਝਦੇ ਹਨ ਅਤੇ, ਇਸਦੇ ਅਨੁਸਾਰ, ਇੱਕ ਆਦਰਸ਼ ਮੱਧ ਮਾਰਗ ਦੀ ਸਿਫ਼ਾਰਸ਼ ਕਰਦੇ ਹਨ। ਉਹ ਨਿਰਪੱਖ ਹੋਣ ਦੀ ਕੋਸ਼ਿਸ਼ ਕਰਦੇ ਹਨ ਅਤੇ ਦੋਵਾਂ ਧਿਰਾਂ ਨੂੰ ਕਰੀਅਰ ਵਿਕਲਪਾਂ ਦੇ ਵੇਰਵਿਆਂ ਨੂੰ ਸਮਝ ਕੇ ਸੰਤੁਲਿਤ ਰਾਏ ਪ੍ਰਦਾਨ ਕਰਦੇ ਹਨ। ਡੋਮੇਨ ਮਾਹਿਰਾਂ ਨਾਲ ਵਧ ਰਹੇ ਸਬੰਧਾਂ ਵਿੱਚ ਮਦਦ ਕਰਦਾ ਹੈ: ਇੱਕ ਕਰੀਅਰ ਕਾਉਂਸਲਰ ਕੋਈ ਹੈ। ਜਿਸਦਾ ਪ੍ਰੋਫਾਈਲ ਉਹਨਾਂ ਨੂੰ ਉਦਯੋਗ ਦੇ ਕਈ ਮਾਹਰਾਂ ਨਾਲ ਜੋੜਨ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ, ਉਹ ਇਕੱਲੇ ਤੱਤ ਨਹੀਂ ਹਨ ਪਰ ਇੱਕ ਵਿਸ਼ਾਲ ਨੈਟਵਰਕ ਨੂੰ ਜਾਣਨ ਦਾ ਇੱਕ ਗੇਟਵੇ ਹਨ। ਇਹਨਾਂ ਲਾਈਨਾਂ ਦੇ ਨਾਲ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਵਿਦਿਆਰਥੀਆਂ ਨੇ ਆਪਣੀ ਨੌਕਰੀ ਦੀਆਂ ਮੰਜ਼ਿਲਾਂ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਫੈਸਲਾ ਕੀਤਾ ਹੈ, ਕੈਰੀਅਰ ਦੇ ਸਲਾਹਕਾਰਾਂ ਨਾਲ ਗੱਲ ਕਰਨਾ ਨਵੇਂ ਚੈਨਲ ਅਤੇ ਮੌਕੇ ਖੋਲ੍ਹ ਸਕਦਾ ਹੈ। ਕਰੀਅਰ ਸਲਾਹਕਾਰ ਇੱਕ ਪ੍ਰਭਾਵਸ਼ਾਲੀ ਕੈਰੀਅਰ ਲਈ ਕਦਮ ਪੱਥਰ ਹੁੰਦੇ ਹਨ। ਉਹਨਾਂ ਦੀ ਮਦਦ ਨਾਲ, ਵਿਦਿਆਰਥੀ ਸਭ ਤੋਂ ਮਹੱਤਵਪੂਰਨ ਕੈਰੀਅਰ ਮਾਰਗ ਲੱਭਣ ਲਈ ਸੇਵਾਵਾਂ ਬਾਰੇ ਸੋਚ ਸਕਦੇ ਹਨ। ਉਹ ਵਿਦਿਆਰਥੀਆਂ ਨੂੰ ਜਾਣਕਾਰੀ ਭਰਪੂਰ ਅਤੇ ਉਪਲਬਧ ਰੂਟਾਂ ’ਤੇ ਵਿਚਾਰ ਕਰਨ ਲਈ ਪ੍ਰੇਰਦੇ ਹਨ।

**ਅੱਜ ਹਰ ਕਿਸੇ ਦੇ ਜੀਵਨ ਦਾ ਬਹੁਤ ਮਹੱਤਵਪੂਰਨ ਹਿੱਸਾ:** ਕੈਰੀਅਰ ਮਾਰਗਦਰਸ਼ਨ ਅੱਜ ਸਾਡੇ ਜੀਵਨ ਦਾ ਇੱਕ ਵਧੇਰੇ ਮਹੱਤਵਪੂਰਨ ਅਤੇ ਪ੍ਰਮੁੱਖ ਹਿੱਸਾ ਹੈ, ਅਤੇ ਕਰੀਅਰ ਦੀ ਯੋਜਨਾਬੰਦੀ ਦੇ ਸੰਬੰਧ ਵਿੱਚ ਲਿਆ ਗਿਆ ਕੋਈ ਵੀ ਫੈਸਲਾ ਪੂਰੀ ਸਾਵਧਾਨੀ ਅਤੇ ਧਿਆਨ ਨਾਲ ਕੀਤਾ ਜਾਣਾ ਚਾਹੀਦਾ ਹੈ। ਬਹੁਤ ਸਾਰੇ ਪ੍ਰਮਾਣੀਕਰਣਾਂ, ਕੋਰਸਾਂ, ਨੌਕਰੀ ਦੇ ਮੌਕੇ ਅਤੇ ਉਪਲਬਧ ਕਾਲਜਾਂ ਦੇ ਨਾਲ, ਸਹੀ ਕੈਰੀਅਰ ਮਾਰਗ ਦੀ ਚੋਣ ਕਰਨਾ ਵਿਦਿਆਰਥੀਆਂ ਲਈ ਅਰਾਜਕ ਹੋ ਸਕਦਾ ਹੈ। ਇੱਕ ਆਦਰਯੋਗ ਜੀਵਨ ਸ਼ੈਲੀ ਨੂੰ ਅਪਣਾਉਣ ਦੀ ਇਜਾਜ਼ਤ ਦਿੰਦਾ ਹੈ: ਇੱਕ ਚੰਗੀ ਕੈਰੀਅਰ ਦੀ ਚੋਣ ਤੁਹਾਨੂੰ ਇੱਕ ਵਧੀਆ ਕੈਰੀਅਰ ਦਾ ਮੌਕਾ ਪ੍ਰਦਾਨ ਕਰ ਸਕਦੀ ਹੈ ਅਤੇ ਵਿਦਿਆਰਥੀਆਂ ਨੂੰ ਇੱਕ ਆਦਰਯੋਗ ਅਤੇ ਸੰਤੋਸ਼ਜਨਕ ਜੀਵਨ ਸ਼ੈਲੀ ਦੀ ਪਾਲਣਾ ਕਰਨ ਦੀ ਆਗਿਆ ਦਿੰਦੀ ਹੈ। ਇਸ ਤੋਂ ਇਲਾਵਾ, ਲੋੜੀਂਦਾ ਕੈਰੀਅਰ ਮਾਰਗ ਵਿਦਿਆਰਥੀਆਂ ਨੂੰ ਉਹਨਾਂ ਨੂੰ ਵਧੇਰੇ ਆਤਮਵਿਸ਼ਵਾਸ, ਸੂਚਿਤ ਅਤੇ ਸਮਰਪਿਤ ਬਣਾਉਂਦਾ ਹੈ। ਇਸ ਲਈ, ਕਰੀਅਰ ਕਾਉਂਸਲਿੰਗ ਅਤੇ ਮਾਰਗਦਰਸ਼ਨ ਦੀ ਮਹੱਤਤਾ ਨੂੰ ਨਕਾਰਿਆ ਨਹੀਂ ਜਾ ਸਕਦਾ। ਕੈਰੀਅਰ ਦੀ ਤਰੱਕੀ ਦੇ ਸੰਬੰਧ ਵਿੱਚ ਇੱਕ ਸੂਝਵਾਨ ਫੈਸਲਾ ਲੈਂਦਾ ਹੈ: ਭਾਰਤ ਇੱਕ ਵਿਕਾਸਸ਼ੀਲ ਦੇਸ਼ ਹੈ, ਅਤੇ ਇਸਦੀ ਤਾਕਤ ਨੌਜਵਾਨ ਵਿਦਿਆਰਥੀਆਂ ਦੇ ਦਿਮਾਗ ਵਿੱਚ ਹੈ। ਉਹਨਾਂ ਨੂੰ ਆਪਣੇ ਕਰੀਅਰ ਵਿੱਚ ਉਹਨਾਂ ਦੀਆਂ ਤਰੱਕੀਆਂ ਬਾਰੇ ਇੱਕ ਸੂਝਵਾਨ ਫੈਸਲਾ ਲੈਣ ਲਈ ਕਰੀਅਰ ਮਾਰਗਦਰਸ਼ਨ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ। ਕੈਰੀਅਰ ਮਾਰਗਦਰਸ਼ਨ ਵਿਦਿਆਰਥੀਆਂ ਨੂੰ ਵੱਖ-ਵੱਖ ਕਰੀਅਰ ਵਿਕਲਪਾਂ ਦੀ ਪੜਚੋਲ ਕਰਨ ਦਿੰਦਾ ਹੈ: ਪੇਸ਼ਾਵਰ ਵੱਖ-ਵੱਖ ਕਰੀਅਰ ਵਿਕਲਪਾਂ ਦੀ ਪੜਚੋਲ ਕਰਦੇ ਹਨ, ਕਰੀਅਰ ਦੀਆਂ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਮੌਕਿਆਂ ਅਤੇ ਕਮਾਈ ਦੀ ਸੰਭਾਵਨਾ ਬਾਰੇ ਹੋਰ ਸਮਝਦੇ ਹਨ। ਵਿਧੀ ਵਿੱਚ ਇੱਕ ਸਰਵ-ਸੰਮਲਿਤ ਕਰੀਅਰ ਮੁਲਾਂਕਣ ਟੈਸਟ ਵੀ ਸ਼ਾਮਲ ਹੈ ਜੋ ਵਿਦਿਆਰਥੀ ਦੀਆਂ ਸ਼ਕਤੀਆਂ, ਰੁਚੀਆਂ, ਸ਼ਖਸੀਅਤਾਂ ਦੇ ਗੁਣਾਂ, ਯੋਗਤਾ, ਸਮਰੱਥਾਵਾਂ ਅਤੇ ਕਮਜ਼ੋਰੀਆਂ ਦਾ ਮੁਲਾਂਕਣ ਕਰਦਾ ਹੈ। ਵੱਖ-ਵੱਖ ਕੈਰੀਅਰ ਕਲੱਸਟਰਾਂ ਦੀਆਂ ਸੰਭਾਵਨਾਵਾਂ ਅਤੇ ਰੁਝਾਨਾਂ ਲਈ ਸਹੀ ਗਿਆਨ ਅਤੇ ਪਹੁੰਚ ਦਿੰਦਾ ਹੈ: ਕਰੀਅਰ ਕਾਉਂਸਲਿੰਗ ਅਜੇ ਵੀ ਮਾਪਿਆਂ ਅਤੇ ਵਿਦਿਆਰਥੀਆਂ ਲਈ ਇੱਕੋ ਜਿਹੇ ਪਸੰਦੀਦਾ ਵਿਕਲਪ ਨਹੀਂ ਹੈ। ਕਰੀਅਰ ਕਾਉਂਸਲਿੰਗ ਦੇ ਲਾਭਾਂ ਅਤੇ ਮਹੱਤਵ ਬਾਰੇ ਸਮਝ ਅਤੇ ਜਾਗਰੂਕਤਾ ਦੀ ਪੂਰੀ ਘਾਟ ਮੁੱਖ ਕਾਰਨਾਂ ਵਿੱਚੋਂ ਇੱਕ ਹੈ ਕਰੀਅਰ ਕਾਉਂਸਲਿੰਗ ਮਾਪਿਆਂ ਅਤੇ ਵਿਦਿਆਰਥੀਆਂ ਦੋਵਾਂ ਲਈ ਸ਼ੁਰੂਆਤੀ ਵਿਕਲਪ ਨਹੀਂ ਹੈ। ਸਹੀ ਕਰੀਅਰ ਦਾ ਮਾਰਗ ਵੱਖ-ਵੱਖ ਕੈਰੀਅਰ ਕਲੱਸਟਰਾਂ ਦੀਆਂ ਸੰਭਾਵਨਾਵਾਂ ਅਤੇ ਰੁਝਾਨਾਂ ਲਈ ਸਹੀ ਗਿਆਨ ਅਤੇ ਪਹੁੰਚ ਨਾਲ ਸ਼ੁਰੂ ਹੁੰਦਾ ਹੈ। ਇਸ ਲਈ, ਉੱਪਰ ਦੱਸੇ ਗਏ ਕੈਰੀਅਰ ਮਾਰਗਦਰਸ਼ਨ ਦੀ ਮਹੱਤਤਾ ਦੇ ਸਾਰੇ ਕਾਰਨ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸਥਿਤੀਆਂ ਅਤੇ ਹਾਲਾਤਾਂ ਦੇ ਅਨੁਸਾਰ ਸਪਸ਼ਟਤਾ ਪ੍ਰਾਪਤ ਕਰਨ ਅਤੇ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰਦੇ ਹਨ। ਕਰੀਅਰ ਕਾਉਂਸਲਿੰਗ ਅਤੇ ਮਾਰਗਦਰਸ਼ਨ ਪ੍ਰੋਗਰਾਮਾਂ ਦੇ ਮੁੱਖ ਭਾਗ: ਕਲਾ ਕੈਰੀਅਰ ਲਾਇਬ੍ਰੇਰੀ ਦੀ ਕਿਸਮ: ਤਕਨਾਲੋਜੀ ਵਿਦਿਆਰਥੀਆਂ ਨੂੰ ਵੱਖ-ਵੱਖ ਕਰੀਅਰ ਖੇਤਰਾਂ ਨੂੰ ਸਿੱਖਣ ਅਤੇ ਖੋਜਣ ਦੇ ਯੋਗ ਬਣਾਉਂਦੀ ਹੈ ਅਤੇ ਉਹਨਾਂ ਨੂੰ ਆਪਣੇ ਵਿਭਿੰਨ ਕੈਰੀਅਰ ਕਲੱਸਟਰਾਂ ਦੀ ਖੋਜ ਕਰਨ ਦੀ ਇਜਾਜ਼ਤ ਦਿੰਦੀ ਹੈ। ਕਰੀਅਰ ਲਾਇਬ੍ਰੇਰੀ ਵਿੱਚ ਵਿਸ਼ੇਸ਼ ਕਿੱਤਾਮੁਖੀ ਟਰੈਕਾਂ, ਕਰੀਅਰ, ਨੌਕਰੀ ਦੇ ਮੌਕੇ, ਕੰਮ ਦੇ ਪ੍ਰੋਫਾਈਲਾਂ, ਕਰੀਅਰ ਦੀਆਂ ਸੰਭਾਵਨਾਵਾਂ, ਅਤੇ ਕਮਾਈ ਦੀ ਸੰਭਾਵਨਾ ਬਾਰੇ ਵਿਸ਼ਾਲ ਜਾਣਕਾਰੀ ਹੋਣੀ ਚਾਹੀਦੀ ਹੈ। ਇੱਕ ਮਿਆਰੀ ਅਤੇ ਭਰੋਸੇਮੰਦ ਸਾਈਕੋਮੈਟ੍ਰਿਕ ਮੁਲਾਂਕਣ ਟੈਸਟ ਤੱਕ ਪਹੁੰਚ: ਵਿਦਿਆਰਥੀਆਂ ਦੇ ਅੰਤਰੀਵ/ਮੌਜੂਦਾ ਹੁਨਰਾਂ ਅਤੇ ਰੁਚੀਆਂ ਨੂੰ ਸਮਝਣ ਲਈ ਇੱਕ ਮਨੋਵਿਗਿਆਨਕ ਟੈਸਟ ਲਾਜ਼ਮੀ ਹੈ ਜੋ ਉਹਨਾਂ ਦੇ ਭਵਿੱਖ ਦੇ ਅਧਿਐਨ ਦੇ ਕੋਰਸ ਬਾਰੇ ਸੂਚਿਤ ਫੈਸਲੇ ਲੈਣ ਵਿੱਚ ਉਹਨਾਂ ਦੀ ਸਹਾਇਤਾ ਕਰਦੇ ਹਨ। ਇੱਕ ਕਰੀਅਰ ਮਾਰਗਦਰਸ਼ਨ ਪ੍ਰੋਗਰਾਮ ਵਿਅਕਤੀਆਂ ਨੂੰ ਉਹਨਾਂ ਦੇ ਮੁੱਖ ਹੁਨਰਾਂ ਅਤੇ ਯੋਗਤਾਵਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਇੱਕ ਭਰੋਸੇਯੋਗ ਅਤੇ ਮਿਆਰੀ ਕਰੀਅਰ ਮੁਲਾਂਕਣ ਟੈਸਟ ਦੀ ਪੇਸ਼ਕਸ਼ ਕਰੇਗਾ। ਮਲਟੀਪਲ ਸਿੱਖਣ ਦਾ ਮੌਕਾਵਿਕਲਪ: ਮਨੋਵਿਗਿਆਨਕ ਟੈਸਟ ਕੀਤੇ ਜਾਣ ’ਤੇ ਵਿਅਕਤੀਆਂ ਨੂੰ ਅੰਤਿਮ ਕੈਰੀਅਰ ਮਾਰਗ ਦੀ ਚੋਣ ਕਰਨ ਤੋਂ ਪਹਿਲਾਂ ਕਈ ਕੈਰੀਅਰ ਵਿਕਲਪਾਂ ਨੂੰ ਸਿੱਖਣ ਦਾ ਮੌਕਾ ਮਿਲਣਾ ਚਾਹੀਦਾ ਹੈ। ਇਹ ਟੈਸਟ ਰਿਪੋਰਟ ਵਿਅਕਤੀ ਦੇ ਸ਼ਖਸੀਅਤ ਦੇ ਗੁਣਾਂ ਅਤੇ ਰੁਚੀਆਂ ਦੇ ਆਧਾਰ ’ਤੇ ਕੁਝ ਕੈਰੀਅਰ ਕਲੱਸਟਰਾਂ ਦਾ ਸੁਝਾਅ ਦਿੰਦੀ ਹੈ। ਤਜਰਬੇਕਾਰ ਕਰੀਅਰ ਸਲਾਹਕਾਰਾਂ ਤੋਂ ਮਾਰਗਦਰਸ਼ਨ: ਸਹੀ ਕੈਰੀਅਰ ਮਾਰਗਦਰਸ਼ਨ ਅਤੇ ਸਲਾਹ-ਮਸ਼ਵਰੇ ਨੂੰ ਯੋਗ ਅਤੇ ਸਿਖਿਅਤ ਕੈਰੀਅਰ ਸਲਾਹਕਾਰਾਂ ਤੋਂ ਇਕ-ਤੋਂ-ਇਕ ਸਲਾਹ ਸੇਵਾਵਾਂ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ। ਉਹਨਾਂ ਨੂੰ ਵਿਦਿਆਰਥੀਆਂ ਨੂੰ ਉਚਿਤ ਮਾਰਗਦਰਸ਼ਨ ਦੇਣ ਲਈ ਇੱਕ ਕੰਮ ਵਾਲੀ ਥਾਂ ਦੀਆਂ ਚੁਣੌਤੀਆਂ ਦੀ ਇੱਕ ਫਰਮ ਅਤੇ ਲੇਬਰ ਮਾਰਕੀਟ ਤਬਦੀਲੀਆਂ ਦੀ ਸਮਝ ਅਤੇ ਗਿਆਨ ਹੋਣਾ ਚਾਹੀਦਾ ਹੈ। ਅੰਤ-ਤੋਂ-ਅੰਤ ਸਹਾਇਤਾ: ਅਹਿਮਦਾਬਾਦ ਦੀ ਪ੍ਰਕਿਰਿਆ ਵਿੱਚ ਕਰੀਅਰ ਕਾਉਂਸਲਿੰਗ ਵਿਅਕਤੀਆਂ ਨੂੰ ਸਹੀ ਚੋਣ ਲੱਭਣ ਵਿੱਚ ਸਹਾਇਤਾ ਕਰਨ ਦੇ ਨਾਲ ਖਤਮ ਹੁੰਦੀ ਹੈ ਅਤੇ ਵੀਡੀਓ ਕਾਲਿੰਗ ਅਤੇ ਔਨਲਾਈਨ ਚੈਟ ਸੇਵਾਵਾਂ ਰਾਹੀਂ ਸਲਾਹਕਾਰਾਂ ਨਾਲ ਅੰਤ ਤੋਂ ਅੰਤ ਤੱਕ ਸਹਾਇਤਾ ਸ਼ਾਮਲ ਹੁੰਦੀ ਹੈ। ਇੱਕ ਕੈਰੀਅਰ ਕਾਉਂਸਲਿੰਗ ਪ੍ਰੋਗਰਾਮ ਨੂੰ ਵਿਅਕਤੀਆਂ ਦਾ ਉਦੋਂ ਤੱਕ ਪਾਲਣ ਕਰਨਾ ਚਾਹੀਦਾ ਹੈ ਜਦੋਂ ਤੱਕ ਉਹਨਾਂ ਨੂੰ ਨਿਰਦੇਸ਼ਿਤ ਮਦਦ ਦੀ ਲੋੜ ਨਹੀਂ ਹੁੰਦੀ, ਵਿਦਿਆਰਥੀਆਂ ਨੂੰ ਸਹੀ ਕੈਰੀਅਰ ਲੱਭਣ ਵਿੱਚ ਸਹਾਇਤਾ ਕਰਨ ਤੋਂ ਲੈ ਕੇ ਉਹਨਾਂ ਨੂੰ ਉੱਨਤ ਦਾਖਲਾ ਪ੍ਰੀਖਿਆਵਾਂ ਅਤੇ ਕਾਲਜ ਐਪਲੀਕੇਸ਼ਨਾਂ ਨਾਲ ਅਪਡੇਟ ਰੱਖਣ ਤੱਕ। ਸਿੱਟਾ ਕੈਰੀਅਰ ਮਾਰਗਦਰਸ਼ਨ ਵਿਦਿਆਰਥੀਆਂ ਨੂੰ ਯਥਾਰਥਵਾਦੀ ਟੀਚਿਆਂ ਨੂੰ ਸਥਾਪਤ ਕਰਕੇ ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਵਿੱਚ ਮਦਦ ਕਰੇਗਾ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਕੈਰੀਅਰ ਦੀ ਚੋਣ ਵਿਦਿਆਰਥੀਆਂ ਨੂੰ ਉਹਨਾਂ ਦੇ ਸੁਪਨਿਆਂ ਦੀ ਨੌਕਰੀ ਪ੍ਰਦਾਨ ਕਰਕੇ ਅਤੇ ਉਹਨਾਂ ਨੂੰ ਨੌਕਰੀ ਦੀ ਸੰਤੁਸ਼ਟੀ ਦੇ ਨਾਲ ਇੱਕ ਵਧੀਆ ਚੀਜ਼ ਪ੍ਰਦਾਨ ਕਰਕੇ ਉਹਨਾਂ ਦੇ ਭਵਿੱਖ ਨੂੰ ਨਿਰਧਾਰਤ ਕਰੇਗੀ। ਇੱਕ ਮਾਹਰ ਸਲਾਹਕਾਰ ਦੇ ਨਾਲ ਕੈਰੀਅਰ ਮਾਰਗਦਰਸ਼ਨ ਭਵਿੱਖ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਇੱਕ ਸਪਸ਼ਟ ਰੋਡ ਮੈਪ ਤਿਆਰ ਕਰੇਗਾ। ਇੱਕ ਕੈਰੀਅਰ ਮਾਰਗਦਰਸ਼ਨ ਸਲਾਹਕਾਰ ਕੈਰੀਅਰ ਦੇ ਮੌਕਿਆਂ ਅਤੇ ਵਿਕਲਪਾਂ ਵਿੱਚ ਇੱਕ ਮਾਹਰ ਹੁੰਦਾ ਹੈ ਜੋ ਵਿਦਿਆਰਥੀਆਂ ਕੋਲ ਉਹਨਾਂ ਦੀਆਂ ਰੁਚੀਆਂ ਅਤੇ ਸਮਰੱਥਾ ਦੇ ਅਧਾਰ ਤੇ ਹੋਣੇ ਚਾਹੀਦੇ ਹਨ। ਇੱਕ ਸਲਾਹਕਾਰ ਮੌਕੇ ਤੋਂ ਚੰਗੀ ਤਰ੍ਹਾਂ ਜਾਣੂ ਹੁੰਦਾ ਹੈ ਅਤੇ ਇੱਕ ਵਿਸ਼ੇਸ਼ ਵਿਦਿਆਰਥੀ ਲਈ ਇੱਕ ਢੁਕਵਾਂ ਹੱਲ ਲੱਭਣ ਲਈ ਉਹਨਾਂ ਨੂੰ ਇੱਕ ਵਿਆਪਕ ਦ੍ਰਿਸ਼ਟੀਕੋਣ ਤੋਂ ਜਾਂਚਦਾ ਹੈ। ਉੱਪਰ ਦੱਸੇ ਗਏ ਸਾਰੇ ਵੇਰਵਿਆਂ ਤੋਂ, ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇੱਕ ਵਿਅਕਤੀ ਕੈਰੀਅਰ ਮਾਰਗਦਰਸ਼ਨ ਤੋਂ ਲਾਭ ਕਿਵੇਂ ਪ੍ਰਾਪਤ ਕਰ ਸਕਦਾ ਹੈ।

# ਸਾਵਧਾਨ ! ਖ਼ੂਨ ਦਾ ਵਗਣਾ (ਹੀਮੋਫਿਲਿਆ) ਹੋ ਸਕਦਾ ਹੈ ਜਾਨਲੇਵਾ

*''ਹੀਮੋਫਿਲਿਆ ਦੀਆਂ ਗੁੰਝਲਾਂ ਕਾਰਨ ਸਰੀਰ ਅੰਦਰ ਜ਼ਿਆਦਾ ਖੂਨ ਵਗਣ ਨਾਲ ਸਰੀਰ ਅੰਦਰ ਸੋਜ, ਸੁੰਨਪਨ, ਜੋੜਾਂ ਦਾ ਗੰਭੀਰ ਦਰਦ ਸ਼ੁਰੂ ਹੋ ਸਕਦਾ ਹੈ । ਔਰਤਾਂ ਵਿਚ ਭਾਰੀ ਮਾਹਵਾਰੀ ਕਾਰਨ ਖੂਨ ਵਹਿ ਸਕਦਾ ਹੈ । ਦਿਮਾਗੀ ਖੂਨ ਵਗਣ ਨਾਲ ਤੇਜ਼ ਸਿਰ ਦਰਦ, ਗਰਦਨ ਵਿਚ ਅਕੜਾਅ, ਚੱਕਰ ਆਉਣੇ, ਉਲਟੀਆਂ, ਵਿਵਹਾਰ ਵਿਚ ਬਦਲਾਅ, ਅਚਾਨਕ ਕਮਜ਼ੋਰੀ, ਤੁਰਨ ਵਿਚ ਮੁਸ਼ਕਲ, ਲੱਛਣ ਸਾਹਮਣੇ ਆਂਉਂਦੇ ਹੀ ਹਸਪਤਾਲ 'ਤੇ ਐਮਰਜੈਂਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ''– ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ*

ਵਿਸ਼ਵ ਭਰ ਵਿਚ 17 ਅਪ੍ਰੈਲ, 2023 ਨੂੰ ਵਿਸ਼ਵ ਹੀਮੋਫਿਲੀਆ ਦਿਵਸ ਮਨਾਇਆ ਗਿਆ। ਖ਼ੂਨ ਵਗਣ ਦੀਆਂ ਬਿਮਾਰੀਆਂ ਦੇ ਗਰੁੱਪ ਪ੍ਰਤੀ ਇੱਕਜੁਟ ਹੋਕੇ ਦੇਖਭਾਲ ਅਤੇ ਬਦਲਾਅ ਦੁਆਰਾ ਜਾਗਰੁਕਤਾ ਬਾਰੇ ਗੱਲ ਕੀਤੀ ਗਈ। ਵਿਸ਼ਵ ਵਿਆਪੀ ਪੱਧਰ 'ਤੇ ਹੀਮੋਫਿਲਿਆ ਦੇ ਮਰਦ ਰੋਗੀਆਂ ਦਾ ਆਂਕੜਾ ਕਰੀਬਨ 2.3 ਮਿਲੀਅਨ ਪਹੰਚ ਚੁੱਕਾ ਹੈ। ਹੀਮੋਫਿਲਿਆ ਏ 6000 ਵਿੱਚੋਂ ਇੱਕ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਹੀਮੋਫਿਲਿਆ ਏ ਨਾਲ ਪੀੜਿਤ ਲਗਭਗ 400 ਤੋਂ ਵੱਧ ਬੱਚੇ ਜਨਮ ਲੈਂਦੇ ਹਨ। ਇਸ ਬਿਮਾਰੀ ਨਾਲ ਰਹਿਣ ਵਾਲੇ ਲੋਕਾਂ ਦੇ ਅਸਲ ਆਂਕੜੇ ਦਾ ਪਤਾ ਲਗਾਇਆ ਜਾ ਰਿਹਾ ਹੈ। ਸੈਂਕੜੇ ਸਾਲ ਪਹਿਲਾਂ ਦੂਜੀ ਸਦੀ ਵਿਚ ਬਹੁਤ ਜ਼ਿਆਦਾ ਜਾਂ ਅਸਾਧਾਰਨ ਖ਼ੂਨ ਵਗਣ ਨਾਲ ਮੌਤ ਦਾ ਜ਼ਿਕਰ ਯਹੂਦੀ ਰੱਬੀ ਲਿਖਤਾਂ ਅਤੇ ਬਾਈਬਲ ਦੇ ਨਵੇਂ ਨੇਮ ਵਿਚ ਆਇਆ ਹੈ।

ਹੀਮੋਫਿਲਿਆ 19 ਅਤੇ 20 ਵੀਂ ਸਦੀ ਵਿਚ ਇੰਗਲੈਂਡ, ਜਰਮਨੀ, ਰੂਸ ਅਤੇ ਸਪੇਨ ਦੇ ਸ਼ਾਹੀ ਪਰਿਵਾਰਾਂ ਨੂੰ ਪ੍ਰਭਾਵਤ ਕੀਤਾ ਸੀ। ਮੰਨਿਆ ਜਾਂਦਾ ਹੈ ਕਿ 1837-1901 ਰਾਜ ਕਰਨ ਵਾਲੀ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਹੀਮੋਫਿਲਿਆ-ਬੀ ਨਾਲ ਪੀੜਿਤ ਸੀ। ਵਿਕਟੋਰੀਆ ਤੋਂ ਬਾਅਦ ਤਿੰਨ ਪੀੜੀਆਂ ਤੱਕ ਵੱਖ-ਵੱਖ ਸ਼ਾਹੀ ਪਰਿਵਾਰ ਦੇ ਮੈਂਬਰਾਂ ਵਿਚ ਇਸਦਾ ਅਸਰ ਦੇਖਿਆ ਗਿਆ।

ਹੀਮੋਫਿਲਿਆ ਇੱਕ ਦੁਰਲਭ ਬਿਮਾਰੀ ਹੈ ਜਿਸ ਵਿਚ ਸਰੀਰਕ ਖ਼ੂਨ ਆਮ ਤੌਰ 'ਤੇ ਜੰਮਦਾ ਨਹੀਂ, ਕਿਉਂਕਿ ਇਸ ਹਾਲਤ ਵਿਚ ਕਾਫੀ ਖ਼ੂਨ ਇਕੱਠੇ ਕਰਨ ਵਾਲੇ ਪ੍ਰੋਟੀਨ ਦੀ ਕਮੀ ਹੋ ਜਾਂਦੀ ਹੈ ਖ਼ੂਨ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਵਗਣ ਦੀ ਹਾਲਤ ਵਿਚ ਸਰੀਰ ਆਮ ਤੌਰ 'ਤੇ ਖ਼ੂਨ ਦੇ ਸੈੱਲਾਂ ਨੂੰ ਇਕੱਠਾ ਕਰ ਦਿੰਦਾ ਹੈ ਅਤੇ ਖ਼ੂਨ ਵਹਿਣ ਨੂੰ ਰੋਕਣ ਲਈ ਇੱਕ ਗਤਲਾ ਬਣਦਾ ਹੈ। ਇਹ ਪ੍ਰਕਿਰਿਆ ਕੱਝ ਖ਼ੂਨ ਦੇ ਕਣਾਂ-ਪਲੇਟਲੈਟਾਂ ਅਤੇ ਪਲਾਜ਼ਮਾ ਪ੍ਰੋਟੀਨ ਦੁਆਰਾ ਲਿਆਂਦੀ ਜਾਂਦੀ ਹੈ।

ਕਿਸੇ ਸੱਟ ਲੱਗਣ ਤੋਂ ਬਾਅਦ ਲੰਬੇ ਸਮੇਂ ਤੱਕ ਖ਼ੂਨ ਵਗ ਸਕਦਾ ਹੈ। ਕਲੋਟਿੰਗ ਫੈਕਟਰ ਪ੍ਰੋਟੀਨ ਦੀ ਗੰਭੀਰ ਕਮੀ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣਾ ਜਾਨਲੇਵਾ ਵੀ ਹੋ ਸਕਦਾ ਹੈ।

ਬਿਮਾਰੀ ਦੀ ਹਾਲਤ ਵਿਚ ਆਮ 'ਤੇ ਡੂੰਘੀ ਸੱਟ, ਸਰਜਰੀ, ਦੰਦਾਂ ਦੇ ਕੰਮ ਤੋਂ ਬਾਅਦ, ਇੰਜੈਕਸ਼ਨ ਤੋਂ ਬਾਅਦ ਦੇਰ ਤੱਕ ਖ਼ੂਨ ਵਗਣਾ, ਪਿਸ਼ਾਬ




ਜਾਂ ਮੱਲ ਤਿਆਗ ਵੇਲੇ, ਅਣਪਛਾਤੇ ਕਾਰਨਾਂ ਕਰਕੇ ਖ਼ੂਨ ਵਗਣਾ ਸ਼ੁਰੂ ਹੋ ਜਾਂਦਾ ਹੈ ਹੀਮੋਫਿਲਿਆ ਏ, ਬੀ, ਅਤੇ ਸੀ ਵੱਖ-ਵੱਖ ਕਿਸਮ ਦੇ ਦੇਖੇ ਜਾਂਦੇ ਹਨ। ਐਕੁਆਇਰਡ ਹਿਮੋਫਿਲਿਆ ਦੀ ਕਿਸਮ ਵਿਚ ਕਮਜੋਰ ਇਮੀਉਨ ਸਿਸਟਮ 'ਤੇ ਖ਼ੂਨ ਜੰਮਣ ਦੇ ਕਾਰਕਾਂ 'ਤੇ ਹਮਲਾ ਕਰ ਸਕਦੀ ਹੈ। ਜ਼ਿਆਦਾਤਰ ਵਿਰਾਸਤ ਤੋਂ ਮਿਲਣ ਵਾਲਾ ਰੋਗ ਮੰਨਿਆ ਗਿਆ ਹੈ। ਇਸ ਬਿਮਾਰੀ ਨਾਲ ਜੁੜੇ ਇੱਕ ਜੀਨ ਵਿਚ ਅਚਾਨਕ ਤਬਦੀਲੀ ਆਉਂਦੀ ਹੈ। ਕੁੱਝ ਪ੍ਰਤੀਸ਼ਤ ਲੋਕਾਂ ਵਿਚ ਫੈਮਿਲੀ ਹਿਸਟਰੀ ਨਹੀਂ ਮਿਲਦੀ।

**ਖਿਆਲ ਰੱਖੋ:**

ਡਰਾਈਵਿੰਗ ਦੌਰਾਨ ਸੀਟ ਬੈਲਟ, ਬਾਈਕ ਚਲਾਣ ਵੇਲੇ ਹੈਲਮੇਟ, ਦਰਦਾਂ ਦੀਆਂ ਦਵਾਈਆਂ ਘੱਟ ਅਤੇ ਡਾਕਟਰੀ ਸਲਾਹ ਨਾਲ ਹੀ ਲਵੋ। ਇਲਾਜ ਲਈ ਡੀਸਮੋਪਰੇਸਿਨ ਹਾਰਮੋਨ ਸਰੀਰ ਨੂੰ ਵਧੇਰੇ ਗਤਲਾ ਫੈਕਟਰ ਨੂੰ ਛੱਡਣ ਲਈ ਉਤੇਜਿਤ ਕਰ ਸਕਦਾ ਹੈ। ਨਾੜੀ ਵਿਚ ਇਸਦੇ ਟੀਕੇ ਦੇ ਨਾਲ-ਨਾਲ ਨੱਕ ਦੀ ਸਪ੍ਰੇਅ ਵੀ ਮਦਦ ਕਰ ਸਕਦਾ ਹੈ। ਦਵਾਈਆਂ ਕਲਾਟਸ ਨੂੰ ਟੁੱਟਣ ਤੋਂ ਰੋਕਣ ਵਿਚ ਮਦਦ ਕਰਦੀਆਂ ਹਨ। ਫਾਈਬਰਿਨ ਸੀਲੈਂਟਸ ਦੰਦਾਂ ਦੀ ਥੈਰੇਪੀ ਵਿਚ ਫਾਇਦਾ ਕਰਦੀ ਹੈ। ਇਸ ਨਾਲ ਜ਼ਖ਼ਮੀਆਂ ਦਾ ਇਲਾਜ ਕੀਤਾ ਜਾਂਦਾ ਹੈ। ਆਮ ਖ਼ੂਨ ਵਗਣ ਦੀ ਹਾਲਤ ਵਿਚ ਦਬਾਅ 'ਤੇ ਪੱਟੀ ਅਤੇ ਆਈਸ ਪੈਕ ਨਾਲ ਹੈਲਪ ਮਿਲ ਸਕਦੀ ਹੈ।

**ਨੋਟ:** ਹੀਮੋਫਿਲਿਆ ਦੀਆਂ ਗੁੰਝਲਾਂ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣ ਨਾਲ ਸਰੀਰ ਅੰਦਰ ਸੋਜ, ਸੁੰਨਪਨ, ਜੋੜਾਂ ਦਾ ਗੰਭੀਰ ਦਰਦ ਸ਼ੁਰੂ ਹੋ ਸਕਦਾ ਹੈ। ਔਰਤਾਂ ਵਿਚ ਭਾਰੀ ਮਾਹਵਾਰੀ ਕਾਰਨ ਖ਼ੂਨ ਵਹਿ ਸਕਦਾ ਹੈ। ਦਿਮਾਗੀ ਖ਼ੂਨ ਵਗਣ ਨਾਲ ਤੇਜ਼ ਸਿਰ ਦਰਦ, ਗਰਦਨ ਵਿਚ ਅਕੜਾਅ, ਚੱਕਰ ਆਉਣੇ, ਉਲਟੀਆਂ, ਵਿਵਹਾਰ ਵਿਚ ਬਦਲਾਅ, ਅਚਾਨਕ ਕਮਜ਼ੋਰੀ, ਤੁਰਨ ਵਿਚ ਮੁਸ਼ਕਲ, ਲੱਛਣ ਸਾਹਮਣੇ ਆਉਂਦੇ ਹੀ ਹਸਪਤਾਲ 'ਤੇ ਐਮਰਜੈਂਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ।



# ਆਓ ਮਲੇਰੀਆ ਮਾਰ ਮੁਕਾਈਏ

ਵਿਸ਼ਵ 'ਚ ਹਰ ਸਾਲ 25 ਅਪ੍ਰੈਲ ਦਾ ਦਿਨ ਨੂੰ ਹਰ ਸਾਲ ਵਿਸ਼ਵ ਮਲੇਰੀਆ ਦਿਵਸ ਰੂਪ ਵਜੋਂ ਮਨਾਇਆ ਜਾਂਦਾ ਹੈ । ਵਿਸਵ ਸਿਹਤ ਸੰਸਥਾ ਦੇ ਨਿਰਦੇਸ਼ਾਂ ਤੇ ਹਰ ਮੁਲਕ ਦੇ ਸਿਹਤ ਵਿਭਾਗ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਤੋਂ ਇਲਾਵਾ ਅਰਧ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ, ਹਰ ਕਿਸਮ ਦੇ ਪ੍ਰਾਈਵੇਟ ਅਦਾਰਿਆਂ, ਸਕੂਲਾਂ, ਕਾਲਜਾਂ ਅਤੇ ਪਿੰਡ ਪੱਧਰ 'ਤੇ ਇਸ ਦਿਨ ਵਿਸ਼ੇਸ਼ ਗੋਸਟੀਆਂ ,ਸੈਮੀਨਾਰ, ਸਕੂਲੀ ਬੱਚਿਆਂ ਦੇ ਪੇਟਿੰਗ ਮੁਕਾਬਲੇ, ਲੈਕਚਰ, ਸਿਹਤ ਸਿੱਖਿਆ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਵਿਸ਼ਵ ਮਲੇਰੀਆ ਦਿਵਸ ਦਾ ਐਂਤਕੀ ਸਲੋਗਨ ਹੈ "Time to deliver zero malaria, invest, innovative implement" ਸਿਹਤ ਵਿਭਾਗ ਪੰਜਾਬ ਸਰਕਾਰ ਵੱਲੋਂ ਇਸ ਦੀ ਸਮਾਪਤੀ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡ ਪੱਧਰ ਤੇ ਉੱਪ-ਸਿਹਤ ਕੇਂਦਰਾਂ ਵਿੱਚ ਮਲਟੀ ਪਰਪਜ਼ ਸਿਹਤ ਵਰਕਰ (ਪੁਰਸ਼) ਨਿਯੁਕਤ ਕੀਤੇ ਹੋਏ ਹਨ, ਜੋ ਘਰ-ਘਰ ਜਾ ਕੇ ਮਲੇਰੀਆ ਸਰਵੇਖਣ ਕਰਦੇ ਹਨ। ਸ਼ੱਕੀ ਮਰੀਜਾਂ ਦੀਆਂ ਲਹੂ ਲੇਪਣ ਸਲਾਈਡਾਂ ਬਣਾਕੇ ਲੈਬ ਟੈਸਟ ਲਈ ਭੇਜਦੇ ਹਨ। ਮਰੀਜ ਦੇ ਮਲੇਰੀਆ ਪੀੜਤ ਹੋਣ ਤੇ ਤਾਂ ਇਹ ਸਿਹਤ ਕਾਮੇ ਉਸਦੇ ਘਰ ਜਾ ਕੇ ਉਸਨੂੰ ਦਵਾਈ ਉਪਲਬਦ ਕਰਵਾਉਂਦੇ ਹਨ। ਮਲਟੀਪਰਪਜ ਸਿਹਤ ਸੁਪਰਵਾਈਜ਼ਰ (ਪੁਰਸ਼) ਮਲੇਰੀਆ ਨਾਲ ਸਾਰੇ



ਜਗਤਾਰ ਸਿੰਘ ਸਿੱਧੂ
9814107374

ਕੰਮਾਂ ਦੀ ਸੁਪਰਵਿਜ਼ਨ ਕਰਦੇ ਹਨ। ਇਹ ਸਾਰੀਆਂ ਗਤੀਵਿਧੀਆਂ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਸ਼ਟਰੀ ਵੈਕਟਰ ਬੋਰਨ ਡਿਜੀਜ ਕੰਟਰੋਲ ਪ੍ਰੋਗਰਾਮ ਅਧੀਨ ਚਲਾਈਆਂ ਜਾਂਦੀਆਂ ਹਨ। ਕਿਉਂ ਜੋ ਵਿਸਵ ਪੱਧਰ 'ਤੇ ਅਫਰੀਕਾ ਮਲੇਰੀਆ ਨਾਲ ਸਭ ਤੋਂ ਵੱਧ ਪ੍ਰਭਾਵਿਤ ਰਿਹਾ ਹੈ ਇਸ ਲਈ ਸਭ ਤੋਂ ਪਹਿਲਾਂ 2008 ਵਿੱਚ ਅਫਰੀਕਾ ਮਲੇਰੀਆ ਦਿਵਸ ਮਨਾਇਆ ਗਿਆ। ਇਸ ਤੋਂ ਪਹਿਲਾਂ ਮੁੱਢਲੇ ਤੌਰ ਤੇ ਮਲੇਰੀਆ ਰੋਕਥਾਮ ਸੰਬੰਧੀ ਯਤਨ ਕਰਨੇ ਆਰੰਭ ਕਰ ਦਿੱਤੇ ਸਨ। ਵਿਸਵ ਸਿਹਤ ਸੰਸਥਾ ਨੇ ਆਪਣੇ ਇਜਲਾਸ ਦੇ 60ਵੇਂ ਚਰਨ 'ਚ ਇਸ ਵਿਸ਼ੇਸ਼ ਦਿਨ ਦੀ ਸੁਰੂਆਤ ਕੀਤੀ ਅਤੇ ਅਫਰੀਕਾ ਮਲੇਰੀਆ ਦਿਵਸ ਨੂੰ ਮਈ 2007 ਵਿੱਚ ਵਿਸਵ ਮਲੇਰੀਆ ਦਿਵਸ ਦਾ ਨਾਂਅ ਦੇ ਦਿੱਤਾ। ਇਸ ਦਿਨ ਨੂੰ ਉਚਿਤ ਤਰੀਕੇ ਨਾਲ਼ ਮਨਾਉਣ ਲਈ ਵਿਸਵ ਸਿਹਤ ਸੰਸਥਾ ਵੱਲੋਂ ਸੰਬੰਧਿਤ ਦੇਸ਼ਾਂ ਨੂੰ ਵਿਸ਼ੇਸ਼ ਫੰਡ ਮੁਹੱਈਆ ਕਰਵਾਏ ਜਾਂਦੇ ਹਨ। ਅਫਰੀਕਾ ਵਿਚ 2012 ਵਿੱਚ ਮਲੇਰੀਆ ਨਾਲ ਤਕਰੀਬਨ 6 ਲੱਖ 27 ਹਜ਼ਾਰ ਮੌਤਾਂ ਹੋ ਗਈਆਂ ਸਨ। ਫਿਰ 2015 ਵਿੱਚ ਕਰੀਬ 4 ਲੱਖ 29 ਹਜ਼ਾਰ ਮੌਤਾਂ ਹੋਈਆਂ ਸਨ। ਜੇਕਰ 2017 ਵਿੱਚ ਮਲੇਰੀਆ ਦੀ ਗੱਲ ਕਰੀਏ ਤਾਂ 87 ਦੇਸ਼ਾਂ ਵਿੱਚ ਇਸਦੇ 291 ਮਿਲੀਅਨ ਕੇਸ ਪਾਏ ਗਏ। ਸਮੁੱਚੀ ਦੁਨੀਆਂ ਦੇ 106 ਮੁਲਕਾਂ ਦੇ ਅੰਦਾਜ਼ਨ 3 ਬਿਲੀਅਨ ਲੋਕਾਂ ਨੂੰ ਮਲੇਰੀਆ ਰੋਗ ਹੋਣ ਦਾ ਖਤਰਾ ਹੈ। ਇਕੱਲੇ ਅਮਰੀਕਾ ਵਿੱਚ ਹੀ ਹਰ ਸਾਲ ਔਸਤਨ 1700 ਮਲੇਰੀਆ ਪੌਜਟਿਵ ਕੇਸ਼ ਪਾਏ ਜਾਂਦੇ ਹਨ। ਸੰਯੁਕਤ ਰਾਸ਼ਟਰ ਬਾਲ ਕੋਸ਼ (ਯੂਨੀਸੈਫ) ਨੇ ਇਸ ਮੌਕੇ 'ਤੇ ਆਪਣੀ ਇੱਕ ਵਿਸ਼ੇਸ਼ ਰਿਪੋਰਟ ਵਿੱਚ ਕਿਹਾ ਹੈ ਕਿ ਹਰ ਸਾਲ 8 ਲੱਖ 50 ਹਜ਼ਾਰ ਮੌਤਾਂ ਮੱਛਰਾਂ ਦੇ ਕੱਟਣ ਨਾਲ ਹੋ ਜਾਂਦੀਆਂ ਹਨ। ਮਲੇਰੀਆ ਨੂੰ ਪਲਾਜਮੋਡੀਅਮ ਫੈਲਸੀਫੈਰਮ,ਪਲਾਜਮੋਡੀਅਮ ਵਾਈਵੈਕਸ, ਪਲਾਜਮੋਡੀਅ ਓਵੇਲ, ਪਲਾਜਮੋਡੀਅ ਮਲੇਰੀਆਈ ਨਾਮਕ ਚਾਰ ਕਿਸਮਾਂ ਵਿੱਚ ਵੰਡਿਆ ਗਿਆ ਹੈ। ਆਪਣੇ ਦੇਸ਼ ਅਤੇ ਸੂਬੇ ਅੰਦਰ ਮਲੇਰੀਆ ਦੇ ਜਿਆਦਾਤਰ ਪਲਾਜਮੋਡੀਅ ਵਾਈਵੈਕਸ ਦੇ ਕੇਸ ਪਾਏ ਜਾਂਦੇ ਹਨ ਅਤੇ ਪਲਾਜਮੋਡੀਅ ਫੈਲਸੀਫੈਰਮ ਦੇ ਕੇਸ ਬਹੁਤ ਘੱਟ ਪਾਏ ਜਾਂਦੇ ਹਨ। ਪਿਛਲੇ 8 ਸਾਲਾਂ ਵਿੱਚ ਪੰਜਾਬ ਵਿੱਚ ਮਲੇਰੀਆ ਦੇ 800 ਤੋਂ ਜਿਆਦਾ ਲੋਕ ਪੀੜਤ ਹੋਏ।

**ਚਿੰਨ੍ਹ ਅਤੇ ਨਿਸ਼ਾਨੀਆਂ-** ਮਲੇਰੀਆ ਬੁਖਾਰ ਮਾਦਾ ਐਨਾਫਲੀਜ ਮੱਛਰ ਦੇ ਕੱਟਣ ਨਾਲ ਫੈਸਦਾ ਹੈ। ਇਹ ਮੱਛਰ ਖੜੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ। ਇਹ ਮੱਛਰ ਰਾਤ ਅਤੇ ਸਵੇਰ ਵੇਲੇ ਕੱਟਦੇ ਹਨ। ਖਾਸ ਤੌਰ 'ਤੇ ਰਾਤ 9 ਵਜੇ ਤੋਂ ਸਵੇਰ 6 ਵਜੇ ਤੱਕ। ਇਸਦੇ ਲੱਛਣ ਠੰਡ ਅਤੇ ਕਾਂਬੇ ਨਾਲ ਬੁਖਾਰ, ਤੇਜ ਬੁਖਾਰ ਅਤੇ ਸਿਰ ਦਰਦ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਕਮਜੋਰੀ ਅਤੇ ਪਸੀਨਾ ਆਉਣਾ ਆਦਿ ਹਨ।

**ਜਾਗਰੂਕਤਾ ਹੀ ਬਚਾਓ** - ਘਰਾਂ ਦੇ ਆਲੇ ਦੁਆਲੇ ਛੋਟੇ ਟੋਇਆਂ ਵਿੱਚ ਪਾਣੀ ਇੱਕਠਾ ਨਾ ਹੋਣ ਦੇਵੋ। ਟੋਇਆਂ ਨੂੰ ਮਿੱਟੀ ਨਾਲ ਦੇਵੋ। ਛੱਪੜਾਂ ਵਿੱਚ ਖੜ੍ਹੇ ਪਾਣੀ ਤੇ ਕਾਲੇ ਤੇਲ ਦਾ ਛਿੜਕਾਅ ਕਰੋ। ਕੱਪੜੇ ਅਜਿਹੇ ਪਹਿਨੋ ਕਿ ਸਰੀਰ ਪੂਰੀ ਤਰ੍ਹਾਂ ਢੱਕਿਆ ਰਹੇ ਤਾਂ ਕਿ ਮੱਛਰ ਨਾ ਕੱਟ ਸਕਣ। ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਹਰ ਹਫਤੇ ਕੂਲਰਾਂ, ਟੈਂਕੀਆਂ, ਗਮਲਿਆਂ ਵਿੱਚ ਪਾਣੀ ਬਦਲਿਆ ਜਾਣਾ ਚਾਹੀਦਾ ਹੈ। ਛੱਤ 'ਤੇ ਪਏ ਕਬਾੜ ਟੁੱਟੇ ਬਰਤਨਾਂ ਵਿਚਲਾ ਪਾਣੀ ਨਸਟ ਕਰ ਦੇਣਾ ਚਾਹੀਦਾ ਹੈ। ਮਲੇਰੀਆ ਦੇ ਮਰੀਜ਼ਾਂ ਦਾ ਟੈਸਟ ਅਤੇ ਇਲਾਜ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਨੇ 'ਪੰਜਾਬ ਮਲੇਰੀਆ ਖਾਤਮਾ ਮੁਹਿੰਮ' ਅਧੀਨ ਸੂਬੇ ਦੇ ਸਮੁੱਚੇ 23 ਜ਼ਿਲਿਆਂ ਵਿੱਚ 2021 ਤੱਕ ਮਲੇਰੀਆ ਨੂੰ ਜ਼ੀਰੋ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਸੂਰਜਾਂ ਦੀ ਕੀ ਗੱਲ

ਤੂੰ ਨਿੱਤ ਚੜ੍ਹਦਿਆਂ ਨੂੰ ਕਰੇ ਸਲਾਮਾਂ,ਤੇ ਮੈਂ ਡੁੱਬਦਿਆਂ ਨੂੰ ਫੜਦਾ ਹਾਂ,
ਤੂੰ ਸੂਰਜਾਂ ਦੀ ਕੀ ਗੱਲ ਕਰਦੈਂ, ਮੈਂ ਸਾਗਰ ਬੁੱਕ ਵਿੱਚ ਭਰਦਾ ਹਾਂ,
ਇੱਕ ਹੱਥ ਤਸਵੀ, ਇੱਕ ਹੱਥ ਖੰਡਾ,ਵਾਰ ਚੰਡੀ ਦੀ ਪੜ੍ਹਦਾ ਹਾਂ,

ਤੂੰ ਨਿੱਤ ਚੜ੍ਹਦਿਆਂ ਨੂੰ ਕਰੇ ਸਲਾਮਾਂ, ਤੇ ਮੈਂ ਡੁੱਬਦਿਆਂ ਨੂੰ ਸੱਜਦਾ ਕਰਦਾ ਹਾਂ,
ਤੂੰ ਸੂਰਜਾਂ ਦੀ ਕੀ ਗੱਲ ਕਰਦੈਂ, ਮੈਂ ਸਾਗਰ ਬੁੱਕ ਵਿੱਚ ਭਰਦਾ ਹਾਂ।

ਤਲਖ਼ ਤੰਗੀਆਂ 'ਚ ਹੱਸਦਾ ਰਹਿਨਾਂ, ਖਿੜਦੇ ਫੁੱਲਾਂ ਵਾਂਗੂੰ,
ਸ਼ਰੇ ਬਜ਼ਾਰ ਮੈਂ ਵਿਕ ਜਾਨਾਂ, ਮਹਿੰਗੀ ਰੂੰ ਦੇ ਮੁਲਾਂ ਵਾਂਗੂੰ,
ਸਿਆਹ ਹਨ੍ਹੇਰੀ ਰਾਤ ਦੇ ਵਿੱਚ ਵੀ, ਮੈਂ ਬਣਕੇ ਚਾਨਣ ਚੜ੍ਹਦਾ ਹਾਂ,
ਤੂੰ ਸੂਰਜਾਂ ਦੀ ਕੀ ਗੱਲ ਕਰਦੈਂ, ਮੈਂ ਸਾਗਰ ਬੁੱਕ ਵਿੱਚ ਭਰਦਾ ਹਾਂ...।

ਫਿੱਕੜੀ ਜਹੀ ਦੁਨੀਆਂ ਵਿੱਚ ਸੱਤ ਰੰਗ ਨੇ ਵੇਖ ਪਿਆਰਾਂ ਦੇ,
ਹਾਸੇ ਵੰਡ ਤੇ ਦਰਦ ਵੰਡਾਲੈ, ਕੁੱਝ ਨਹੀਂ ਵਿੱਚ ਤਕਰਾਰਾਂ ਦੇ,
ਸੁੱਖੀ ਵੱਸੇ ਪੰਜਾਬ ਸਦਾ, ਅੱਠੇ ਪਹਿਰ ਦੁਆਵਾਂ ਕਰਦਾ ਹਾਂ,
ਤੂੰ ਸੂਰਜਾਂ ਦੀ ਕੀ ਗੱਲ ਕਰਦੈਂ, ਮੈਂ ਸਾਗਰ ਬੁੱਕ ਵਿੱਚ ਭਰਦਾ ਹਾਂ...।

ਨਮਾਜ਼ਾਂ ਪੜ੍ਹੀਆਂ, ਤਸਵੀ ਫੇਰੀ, ਬਾਣੀ ਵਿੱਚ ਰੱਬ ਦਾ ਨਾਮ ਲਿਆ,
ਪਾਪ ਪਖੰਡ ਤੇ ਭਰਮ ਹੋਇਆ ਹੁਣ ਤਾਂ ਰੱਬ ਦਾ ਨਾਮ ਜਿਹਾ,
ਖ਼ੁਦਾ ਹੋ ਗਿਆ ਪੱਥਰ ਮੇਰਾ, ਪੱਥਰੋਂ ਖ਼ੁਦਾ ਨੂੰ ਘੜ੍ਹਦਾ ਹਾਂ,
ਤੂੰ ਸੂਰਜਾਂ ਦੀ ਕੀ ਗੱਲ ਕਰਦੈਂ, ਮੈਂ ਸਾਗਰ ਬੁੱਕ ਵਿੱਚ ਭਰਦਾ ਹਾਂ...।

ਕਲਮ ਕਾਗ਼ਜ਼ ਤੇ ਲਹੂ ਸਿਆਹੀ ਨਾਲ ਲਿਖਦਾਂ ਤਲਖ਼ ਹਕੀਕਤਾਂ ਨੂੰ,
ਘੱਲੂਘਾਰੇ, 47 ਤੇ 84ਆਂ, ਮੇਰੀ ਹਿੱਕ 'ਤੇ ਹੰਢੀਆਂ ਮੁਸੀਬਤਾਂ ਨੂੰ,
ਇਹ ਕਾਲੇ ਚੜ੍ਹੇ ਹੋਏ ਦਿਨਾਂ ਦੇ ਵਿੱਚ ਵੀ ਇੱਕ ਆਸ ਦਾ ਜੁਗਨੂੰ ਫੜਦਾ ਹਾਂ,
ਤੂੰ ਸੂਰਜਾਂ ਦੀ ਕੀ ਗੱਲ ਕਰਦੈਂ, ਮੈਂ ਸਾਗਰ ਬੁੱਕ ਵਿੱਚ ਭਰਦਾ ਹਾਂ...।

ਜਬਰ ਜ਼ੁਲਮ ਨਾਲ ਮੱਥਾ ਲਾਉਣਾ, ਸਿਦਕ ਸਾਡੀ 'ਚੋਂ ਮਿਲਿਆ ਏ,
ਸਾਡੀ ਇੱਕ ਲਲਕਾਰ ਦੇ ਮੂਹਰੇ ਤਖ਼ਤ ਢਹਿ ਗਏ ਕਿਲ੍ਹਿਆਂ ਦੇ,
ਇੱਕ ਹੱਥ ਵਿੱਚ ਖੰਡਾ ਮੇਰੇ, ਇੱਕ ਹੱਥ 'ਤੇ ਸ਼ੀਸ਼ ਮੈਂ ਧਰਦਾ ਹਾਂ,
ਤੂੰ ਸੂਰਜਾਂ ਦੀ ਕੀ ਗੱਲ ਕਰਦੈਂ, ਮੈਂ ਸਾਗਰ ਬੁੱਕ ਵਿੱਚ ਭਰਦਾ ਹਾਂ,
ਤੂੰ ਨਿੱਤ ਚੜ੍ਹਦੇ ਨੂੰ ਕਰੇ ਸਲਾਮਾਂ, ਪਰ! ਮੈਂ ਡੁੱਬਦਿਆਂ ਨੂੰ ਸੱਜਦਾ ਕਰਦਾ ਹਾਂ...।



**ਹਰਕਮਲ ਧਾਲੀਵਾਲ**
8437403720

## ਕੁੱਝ ਲੋਕ ਤਾਂ

ਕੁੱਝ ਲੋਕ ਵਿਚਰ ਰਹੇ ਨੇ ਐਸੇ, ਜੋ ਕਮਜ਼ੋਰਾਂ ਵੱਲ ਐਂਵੇਂ ਵਰ੍ਹਦੇ ਦੇਖੇ ਨੇ।
ਮਜ਼ਬੂਰੀ ਭਰੀਆਂ ਤਲਖੀਆਂ ਥਾਣੀ ਵੀ ਕਈ ਅੰਦਰੋਂ ਸੜਦੇ ਦੇਖੇ ਨੇ।

ਵੈਸੇ ਇਨਸਾਨ ਦਾ ਫਰਜ਼ ਹੈ ਬਣਦਾ ਕਿ, ਮਾਣਸ ਰੁਤਬਾ ਬਣਿਆ ਰਹੇ,
ਪਰ ਸਮੇਂ ਸਮੇਂ ਕਈ ਘੁੰਣਸਾਂ ਅੰਦਰ ਘਟੀਆ ਹਰਕਤਾਂ ਕਰਦੇ ਦੇਖੇ ਨੇ।

ਵਰਣਮਾਲਾ ਜੋ ਕੁਦਰਤ ਨੇ ਬਖ਼ਸ਼ੀ, ਉਸ ਦਾਤ ਦਾ ਕਿਵੇਂ ਬਿਆਨ ਕਰਾਂ,
ਲੋਕ ਮੀਂਹ ਵਰ੍ਹਾ ਦੇ, ਜਾਂ ਦਿਨ ਲਾ ਦੇ ਦੀਆਂ ਲਾਲਸਾਵਾਂ ਘੜਦੇ ਦੇਖੇ ਨੇ।

ਕਦੇ ਧਰਮ ਹਿੱਤ, ਕਦੇ ਦੇਸ਼ ਲਈ, ਗੱਲੀਂਬਾਤੀਂ ਸ਼ਹੀਦੀਆਂ ਪਾ ਜਾਂਦੇ 'ਯੋਧੇ,'
ਸ਼ਹਾਦਤ-ਧਾਰਾ ਤੇ ਇਤਿਹਾਸ ਨਿੱਭਣਾ, ਅਸਲੋਂ ਯਰਕਦੇ ਡਰਦੇ ਦੇਖੇ ਨੇ।

ਕੁੱਝ ਕੁ ਸਾਹਿਤਕਾਰਾਂ ਦੀ ਲੋਭੀ ਵਿਡੰਬਨਾ 'ਚ ਗੈਂਗਾਂ ਰੂਪੀ ਰੂਹ ਨੱਚਦੀ ਹੈ,
ਇਨਾਮ ਸਨਮਾਨ ਪੱਤਾ-ਲਪੇਟ ਜ਼ਰਜਰੀ 'ਚ ਉਬਾਸੀਆਂ ਭਰਦੇ ਦੇਖੇ ਨੇ।

ਏਸ ਯੁੱਗ ਦੀ ਮਨੋਵਿਵਸਥਾ ਤਾਂ, ਅਰਥਚਾਰੇ ਤੋਂ ਹੀ ਅਰਧ-ਕਤਲੀ ਪਈ,
ਏਸੇ ਕਰਕੇ ਆਗੂ ਤੇ ਅਰਬਪਤੀਏ, ਹੇਰਾਫੇਰੀਆਂ ਦੀ ਬੇੜੀ ਚੜ੍ਹਦੇ ਦੇਖੇ ਨੇ।

ਦਫਤਰਾਂ ਵਿੱਚ ਬਹੁਤੇ ਅਹੁਦੇ ਬੈਠੇ, ਸ਼ਕਲ ਪੱਖੋਂ ਜਿਵੇਂ ਭਾਰੂ ਸਾਊ ਲਗਦੇ,
ਰਿਸ਼ਵਤ ਲਈ ਵੇਸਵਾ-ਬਿਰਤੀ ਬਣਾਕੇ, ਸਦਾ ਰਕਮਾਂ ਨਿਗਲਦੇ ਦੇਖੇ ਨੇ।

ਧੰਨ ਸ਼ੌਕ ਐਸੇ ਸਿਰਨਾਵੇਂ ਜੋ ਸਦਾ ਕਿਤਾਬਾਂ 'ਖਵਾਰਾਂ ਪੜ੍ਹਦੇ ਲਿਖਦੇ ਆਏ,
ਕੁੱਝ ਆਵਾਰਾ ਗੋਦੀ ਜੰਗਲੀ ਡੰਗਰ ਲਿਫਕੇ ਸਮਾਜ ਨੂੰ ਰਗੜਦੇ ਦੇਖੇ ਨੇ।

ਦੁੱਖ ਤਕਲੀਫ਼ ਜਾਂ ਦੁਰਘਟਨਾਵਾਂ, ਜੀਉਂਦੇ ਜੀ ਹਰ ਥਾਂ ਵਾਪਰਨੈ ਹੁੰਦੈ ਸੱਚੀਂ,
ਕਈ ਲੋਕ ਸਾਡੇ ਲਈ ਧੀਰਜ ਪ੍ਰਤੀਬੱਧਤਾ ਨਿੱਠਦੇ ਬਣਦੇ ਘਰ ਦੇ ਦੇਖੇ ਨੇ!



**ਸੁਖਦੇਵ ਸਿੱਧੂ**

## ਕਵਿਤਾ

ਮਨ ਉਪਰਾਮ, ਹੈ ਕੱਲਮਕੱਲਾ, ਬੋਝ 'ਕਲਾਪਾ ਝੱਲ ਨਾ ਹੁੰਦਾ।
ਦੌੜ ਮਸ਼ੀਨੀ ਪੈਸੇ ਖਾਤਰ, ਸੰਗ ਰਿਸ਼ਤਿਆਂ ਚੱਲ ਨਾ ਹੁੰਦਾ।

ਇਕ ਇਕ ਕਰਕੇ ਹੱਥੋਂ ਕਿਰ ਗਏ, ਕਿੰਨੇ ਨਾਤੇ ਰੇਤੇ ਵਾਂਗਰ,
ਆਪਣਿਆਂ ਦੀ ਖ਼ੁਦਗ਼ਰਜ਼ੀ ਦਾ,ਦੁੱਖ ਜਿਗਰ ਤੋਂ ਝੱਲ ਨਾ ਹੁੰਦਾ।

ਬਚਪਨ ਦੇ ਵਿਚ ਆਪਾਂ ਹੁੰਦੇ ,ਵੱਡੇ ਹੋਏ ਮੈਂ ਮੈਂ ਹੋ ਗਏ,
ਮਹਿਕ ਮੁਹੱਬਤ ਮਾਣੀ ਜਿੱਥੇ, ਉਹ ਵਿਹੜਾ ਹੁਣ ਮੱਲ ਨਾ ਹੁੰਦਾ।

ਸਬਰ ਸਮਰਪਣ ਸ਼ੁਕਰ ਹਲੀਮੀ, ਵਿੱਚ ਹਯਾਤੀ ਸ਼ਾਮਲ ਹੁੰਦੇ
ਹਾਰ ਨਮੋਸ਼ੀ ਕਾਹਨੂੰ ਹੁੰਦੀ, ਜੇ ਜਿੱਤਣ ਦਾ ਝੱਲ ਨਾ ਹੁੰਦਾ।

ਰੁੱਖ ਜੰਗਲ ਦੇ ਅਕਸਰ ਐਵੇਂ, ਇਕ ਦੂਜੇ ਨਾਲ ਰੁੱਸਦੇ ਰਹਿੰਦੇ,
ਜੇ ਕਦੇ ਪਰ ਵਾਅ ਰੁੱਸ ਜਾਂਦੀ, ਸੁੱਖ ਸੁਨੇਹਾ ਘੱਲ ਨਾ ਹੁੰਦਾ।

ਭੀੜ ਲਤੜ ਕੇ ਅੱਗੇ ਨਿਕਲੀ, ਸਹਿਜੇ ਸਹਿਜੇ ਚੱਲ ਰਿਹਾ ਸੀ,
ਖ਼ੁਦਕੁਸ਼ੀਆਂ ਜੋ ਕਰਨ ਤੁਰੇ ਨੇ, ਕਦਮ ਮਿਲਾਕੇ ਚੱਲ ਨਾ ਹੁੰਦਾ।

ਹੱਥੀਂ ਲਾਏ ਬਾਗ ਚੋਂ ਮਾਲੀ, ਢਹਿੰਦੀ ਉਮਰੇ ਲਾਂਭੇ ਕੀਤਾ,
ਮਸਲਾ ਕਦਰ ਮੁਹੱਬਤ ਦਾ ਹੈ, ਬਿਰਧ ਘਰਾਂ ਵਿਚ ਹੱਲ ਨਾ ਹੁੰਦਾ।

ਪੀੜ ਤੇਰੀ ਸੀ ਅਪਣੀ ਜਾਪੀ, ਮੋਏ ਸੁਪਨੇ ਤਾਜ਼ੇ ਹੋ ਗਏ,
ਛਮ ਛਮ ਕਾਹਨੂੰ ਹੰਝੂ ਵਹਿੰਦੇ, ਜੇਕਰ ਦਿਲ ਵਿਚ ਸੱਲ ਨਾ ਹੁੰਦਾ।

ਅੰਤ ਵਿਗੋਚੇ ਵਿਚ ਝੁਰਨਾ ਸੀ, ਮੈਂ ਗਰਦਸ਼ ਦੇ ਰਾਹ ਤੁਰਨਾ ਸੀ,
ਅਬ ਜੂਝਨ ਕੋ ਦਾਓ ਮੰਤਰ, ਜੇਕਰ ਮੇਰੇ ਵੱਲ ਨਾ ਹੁੰਦਾ।



**ਹਰਵਿੰਦਰ ਸਿੰਘ ਸਿੱਧੂ**

## ਸਲਾਮ ਜ਼ਿੰਦਗੀ

ਵੇਲੇ ਨਾਲ ਹੱਥ ਮਿਲਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੁੰਦੈ,
ਕਿਸੇ ਰੋਂਦੇ ਹੋਏ ਨੂੰ ਹਸਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੁੰਦੈ,

ਵਰ੍ਹਿਆਂ ਦੀ ਤਪੱਸਿਆ ਦਾ ਫਲ ਵੀ ਹਮੇਸ਼ਾਂ ਮਿੱਠਾ ਹੁੰਦੈ ,
ਹਿੰਮਤਾਂ ਦਾ ਤਵੀਤ ਪਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੁੰਦੈ,

ਜਜ਼ਬਾਤ ਤੇ ਖ਼ਿਆਲਾਤ ਤੇ ਕਾਬੂ ਰੱਖਣਾ ਸਿਆਣਪ ਹੁੰਦੈ,
ਪੀੜਾਂ ਵਿਚ ਮੁਸਕਰਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੁੰਦੈ,

ਦੂਜਿਆਂ ਦੇ ਲਈ ਬੁਰਾ ਸੋਚਣਾ ਵੀ ਬੜਾ ਘੋਰ ਪਾਪ ਹੁੰਦੈ,
ਕਿਸੇ ਡੁੱਬਦੇ ਨੂੰ ਬਚਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੁੰਦੈ,

ਜੀਉਣਾ - ਮਰਨਾ ਵੀ ਦੁਨੀਆ ਦੀ ਅਟੱਲ ਸੱਚਾਈ ਹੁੰਦੈ ,
ਦੂਜਿਆਂ ਲਈ ਜਾਨ ਲੁਟਾਉਣ ਜ਼ਿੰਦਗੀ ਨੂੰ ਸਲਾਮ ਹੁੰਦੈ,

ਸਾਦਗੀ ਦੇ ਰੰਗ ਚ ਹੀ ਸੁੰਦਰਤਾ ਦਾ ਅਸਲੀ ਰਾਜ ਹੁੰਦੈ ,
ਮੱਸਿਆ ਪੁੰਨਿਆ ਬਣਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੁੰਦੈ,

ਪਿਆਰ ਦਾ ਪੰਛੀ ਵੀ ਪਾਕ-ਪਵਿੱਤਰ ਪਾਕੀਜ਼ਾ ਰੂਹ ਹੁੰਦੈ,
ਇਸ਼ਕ ਮਨ ਮੰਦਰ ਬਣਾਉਣਾ, ਜ਼ਿੰਦਗੀ ਨੂੰ ਸਲਾਮ ਹੁੰਦੈ,

ਮੌਸਮ ਬਦਲਦੇ ਰਹਿੰਦੇ ਸੈਣੀ ਮੁਕੱਦਰ ਨਾ ਕਦੇ ਬਦਲ ਹੁੰਦੈ,
ਸਿੱਦਕ ਦੇ ਨਾਲ ਪਿਆਰ ਪਾਉਣਾ ਜ਼ਿੰਦਗੀ ਨੂੰ ਸਲਾਮ ਹੁੰਦੈ।



**ਸੁਰਿੰਦਰ ਕੌਰ ਸੈਣੀ**

## .ਗ਼ਜ਼ਲ

ਮਤਲਬੀ ਲੋਕਾਂ 'ਚ ਥੋੜ੍ਹੀ ਵੀ ਵਫ਼ਾ ਹੁੰਦੀ ਨਹੀਂ ।
ਕੁੱਝ ਕੁ ਮਰਜ਼ਾਂ ਦੀ ਜ਼ਮਾਨੇ ਵਿਚ ਦਵਾ ਹੁੰਦੀ ਨਹੀਂ ।

ਤੁਰਨ ਲੱਗੇ ਠੋਕਰਾਂ ਤੋਂ ਵੀ ਸਬਕ ਮਿਲਦੈ ਨਵਾਂ,
ਰਾਹ ਦੀ ਹਰ ਠੋਕਰ ਮੁਸਾਫ਼ਿਰ ਲਈ ਸਜ਼ਾ ਹੁੰਦੀ ਨਹੀਂ ।

ਆਪਣੀਆਂ ਕੁੱਝ ਗਲਤੀਆਂ ਵੀ ਬਣਨ ਦੁੱਖਾਂ ਦੀ ਵਜ ?ਹਾ,
ਉਂਝ ਹਰ ਇੱਕ ਦੁੱਖ ਵਿੱਚ ਰੱਬ ਦੀ ਰਜ਼ਾ ਹੁੰਦੀ ਨਹੀਂ ।

ਇਸ ਫ਼ਿਜ਼ਾ ਦੀ ਗੋਦ ਵਿੱਚ ਹਰ ਇੱਕ ਸ਼ੈਅ ਅਨਮੋਲ ਹੈ,
ਘਾਹ ਦੀ ਤਿੜ ਤੱਕ ਇੱਥੇ ਬੇਵਜ੍ਹਾ ਹੁੰਦੀ ਨਹੀਂ ।

ਖਾਸ ਥਾਂ ਦਿੰਦੇ ਹਾਂ ਜਿਹਨਾਂ ਨੂੰ ਅਸੀਂ ਦਿਲ ਵਿੱਚ ਸਦਾ,
ਕਿਉਂ ਅਸਾਡੇ ਲਈ ਉਨ੍ਹਾਂ ਦੇ ਦਿਲ 'ਚ ਥਾਂ ਹੁੰਦੀ ਨਹੀਂ ।

ਸਿਰਫ਼ ਮੌਕਾ ਮਿਲਣ 'ਤੇ ਹੱਥਾਂ 'ਚ ਦਿਸਦੀ ਹੈ ਕਲਾ,
ਦੱਸ ਕਿਹੜਾ ਹੱਥ ਹੈ ਜਿਸ ਹੱਥ ਵਿੱਚ ਕਲਾ ਹੁੰਦੀ ਨਹੀਂ ।



**ਬਿਸ਼ੰਬਰ ਅਵਾਂਖੀਆ,**
ਮੋ-9781825255

## .ਗ਼ਜ਼ਲ

ਹੈ ਵਿਰਾਸਤ ਧਰਤ ਸਾਡੀ, ਪੁਰਖਿਆਂ ਦੀ ਬਾਰ ਹੈ
ਸਾਂਭ ਸ਼ਿਕਰੇ ਆਪਣੇ ਤੂੰ, ਕੌਮ ਖੁਦ  ਸਰਕਾਰ ਹੈ

ਸਿਰਜਿਆ ਹੈ ਪੱਥਰਾਂ ਦਾ, ਸ਼ਹਿਰ ਸਾਡੀ ਹਿੱਕ 'ਤੇ
ਰੁਕ! ਸ਼ਿਵੇ ਬਲਦੇ ਅਜੇ ਤਾਂ, ਅਣਖ ਦੀ ਇਹ ਹਾਰ ਹੈ

ਜੰਗ ਜ਼ਾਰੀ ਰਹਿਣਗੇ ਇਹ, ਸਮਝ ਨਾ ਤੂੰ ਡਰ ਗਏ
ਜੋਸ਼ ਭਾਂਬੜ ਬਣ ਬਲੇਗਾ, ਕਲਮ ਇਕ ਹਥਿਆਰ ਹੈ

ਕਿਉਂ ਨਿਆਂ ਸਾਨੂੰ ਮਿਲੇ ਨਾ, ਹਰ ਅਦਾਲਤ ਚੁੱਪ ਕਿਉਂ
ਹਰ ਚੁਰਾਸੀ ਜਖ਼ਮ ਦੇ ਕੇ, ਕਰਦੀ ਤਾਰੋ- ਤਾਰ ਹੈ

ਕਿਉਂ ਵਧੀਕੀਆਂ ਸਹਾਂਗੇ, ਅੜ ਲਵਾਂਗੇ ਫੈਸਲੇ
ਜਾਣਦੇ ਹਾਂ ਤੀਰ ਸ਼ਾਹੀ, ਹਿੱਕੋਂ ਹੋਣਾ ਪਾਰ ਹੈ

ਕਫ਼ਨ ਸਿਰ 'ਤੇ ਬੰਨ ਲੜਦੇ, ਹੱਦ ਉੱਪਰ ਰਾਤ ਦਿਨ
ਕਿਉਂ ਰਿਹੈ ਪਰ ਹੱਕ ਖਾਤਰ, 'ਰੇਤਗੜ੍ਹ' ਤਕਰਾਰ ਹੈ

ਚੰਡੀਗੜ੍ਹ ਪੰਜਾਬ ਦਾ ਸੀ, ਇਹ ਰਹੂ ਪੰਜਾਬ  ਦਾ
ਹੱਕ ਤੇਰੇ ਵਿੱਚ ਭਾਂਵੇ, ਲਿਖ ਰਿਹਾ ਅਖ਼ਵਾਰ ਹੈ

ਮੋਹਰਾ ਤੂੰ ਰੱਖਦਾ ਹੈਂ, ਸ਼ਾਜਿਸ਼ਾਂ ਨੂੰ ਘੜਨ ਲਈ
ਸੱਚ ਤੇਰੇ ਤੇ  ਰਿਹਾ ਨਾ, ਭੋਰਾ ਵੀ ਇਤਵਾਰ ਹੈ

ਰੜਕਦਾ ਹੀ ਤਾਜ਼ ਸਾਡਾ, ਕਿਉਂ 'ਬਾਲੀ' ਦੀ ਅੱਖ ਨੂੰ
ਚਾਲ ਸ਼ਕੁਨੀ ਚੱਲਿਓ ਜੇ, ਤੇਗ਼ ਹੋਣੀ ਪਾਰ ਹੈ



**ਬਾਲੀ ਰੇਤਗੜ੍ਹ**
+919465129168

## ਪੰਜਾਬ ਦਾ ਦਰਦ

ਦੇਸ਼ ਮੇਰੇ ਨੂੰ ਪਤਾ ਨੀ, ਕਿਸਨੇ ਨਜ਼ਰ ਲਗਾਈ ਏ।
ਦਿਨੋਂ ਦਿਨੀ ਹੈ ਨਸ਼ਿਆਂ, ਹਾਹਾਕਾਰ ਮਚਾਈ ਏ।
ਮਰਦੇ ਪੁੱਤ ਜਵਾਨ, ਰੋਂਦੀਆਂ ਰੋਜ਼ ਹੀ ਮਾਵਾਂ ਨੀਂ।
ਕੀਹਨੂੰ ਦਰਦ ਪੰਜਾਬ ਦੇ, ਲੋਕੋ ਖੋਲ ਸੁਣਾਵਾਂ ਨੀਂ।

ਦਾਜ ਦੇ ਲਾਲਚ ਕਿਧਰੇ, ਧੀ ਦੀ ਬਲੀ ਚੜ੍ਹਾ ਦਿੱਤੀ।
ਕਿਸੇ ਨੇਂ ਕੁੱਖ ਵਿੱਚ ਅਣਜੰਮੀ ਹੀ, ਕਤਲ ਕਰਾ ਦਿੱਤੀ।
ਬੈਠੀ ਕੋਈ ਕਿਤੇ ਮੌਤ ਦੀਆਂ, ਤੱਕਦੀ ਰਾਅਵਾਂ ਨੀਂ।
ਕੀਹਨੂੰ ਦਰਦ ਪੰਜਾਬ ਦੇ ਲੋਕੋ, ਖੋਲ ਸੁਣਾਵਾਂ ਨੀਂ।

ਧਰਮ ਦੇ ਨਾਂ ਤੇ ਨਿੱਤ, ਸਿਆਸਤ ਵੈਰ ਪਵਾਉਂਦੀ ਐ।
ਰਹਿਣ ਨਾਂ ਮਿਲਕੇ ਆਪਸ ਵਿੱਚ, ਸਕੀਮ ਬਣਾਉਂਦੀ ਐ।
ਬੇਦੋਸ਼ਿਆਂ ਨੂੰ ਮਿਲਦੀਆਂ ਐਥੇ, ਰਹਿਣ ਸਜ਼ਾਵਾਂ ਨੀ।
ਕੀਹਨੂੰ ਦਰਦ ਪੰਜਾਬ ਦੇ, ਲੋਕੋ ਖੋਲ ਸੁਣਾਵਾਂ ਨੀਂ।

ਹੱਥ ਦੇ ਵਿੱਚ ਕਾਨੂੰਨ ਲੈਣ ਤੋਂ, ਨਾ ਕੋਈ ਡਰਦਾ ਏ।
ਬਿਨ ਰਿਸ਼ਵਤ ਤੋਂ ਅਫਸਰ ਕੋਈ ਕੰਮ ਨਾ ਕਰਦਾ ਏ।
'ਕਾਮੀ ਵਾਲਾ ਖ਼ਾਨ' ਦੇਸ਼ ਲਈ, ਕਰੇ ਦੁਆਵਾਂ ਨੀਂ।
ਕੀਹਨੂੰ ਦਰਦ ਪੰਜਾਬ ਦੇ, ਲੋਕੋ ਖੋਲ ਸੁਣਾਵਾਂ ਨੀਂ।



**ਪਿੰਡ: ਕਾਮੀ ਖੁਰਦ**

## ਸੰਸਾਰ

ਇੱਕ ਮਿੱਕ ਜੋੜ ਦਿੱਤਾ ਰੂਹ ਤੇ ਸਰੀਰ ਨੂੰ
ਤੂੰਹੀਓਂ ਆਪ ਜਾਣਦਾ ਏਂ ਅੰਤ ਤੇ ਅਖੀਰ ਨੂੰ
ਅੱਗੇ ਕਿਵੇਂ ਤੋਰਿਆ ਜੀ ਨਾਰੀ ਅਤੇ ਨਾਰ ਨੂੰ
ਕਿੱਥੋਂ ਸ਼ੁਰੂ ਕਰਿਆ ਸੀ ਦੱਸ ਸੰਸਾਰ ਨੂੰ
ਸੁਪਨੇ ਦੇ ਵਿੱਚ ਸੱਚੀਂ ਪੁੱਛ ਬੈਠਾ ਯਾਰ ਨੂੰ

ਚੰਨ ਅਤੇ ਤਾਰੇ ਨਾਲੇ ਧਰਤਾਂ ਬਣਾਈਆਂ ਨੇ
ਸਦਕੇ ਓ ਰੱਬਾ ਪੰਜ ਪਰਤਾਂ ਬਣਾਈਆਂ ਨੇ
ਪੰਜਿਆਂ ਚ ਕਸ ਦਿੱਤਾ ਚਿੱਤ ਵਾਲੀ ਤਾਰ ਨੂੰ
ਕਿੱਥੋਂ ਸ਼ੁਰੂ ਕਰਿਆ ਸੀ ਦੱਸ ਸੰਸਾਰ ਨੂੰ
ਸੁਪਨੇ ਦੇ ਵਿੱਚ ਸੱਚੀਂ ਪੁੱਛ ਬੈਠਾ ਯਾਰ ਨੂੰ

ਜੂਨਾਂ ਵਾਲੇ ਝੇੜੇ ਤੇਰੇ ਏਹ ਵੀ ਵੱਖ ਵੱਖ ਸੀ
ਸੁਪਨੇ ਦੇ ਵਿੱਚੋਂ ਪਰ ਖੁੱਲ੍ਹ ਗਈ ਅੱਖ ਸੀ
ਰੋਕਾਂ ਕਿਵੇਂ ਉੱਡਦੀ ਖਿਆਲਾਂ ਦੀ ਉਡਾਰ ਨੂੰ
ਕਿੱਥੋਂ ਸ਼ੁਰੂ ਕਰਿਆ ਸੀ ਦੱਸ ਸੰਸਾਰ ਨੂੰ
ਸੁਪਨੇ ਦੇ ਵਿੱਚ ਸੱਚੀਂ ਪੁੱਛ ਬੈਠਾ ਯਾਰ ਨੂੰ

ਤੇਰਿਆਂ ਰੰਗਾਂ ਦਾ ਕਿਸੇ ਭੇਦ ਕਦੇ ਪਾਇਆ ਨਾ
ਸਭ ਕੁਝ ਸਿਰਜਿਆ ਨਾਂ ਵੀ ਧਰਾਇਆ ਨਾ
ਸਿਜਦਾ ਓਏ ਧੰਨਿਆਂ ਤੂੰ ਕਰਦੇ ਦਾਤਾਰ ਨੂੰ
ਕਿੱਥੋਂ ਸ਼ੁਰੂ ਕਰਿਆ ਸੀ ਦੱਸ ਸੰਸਾਰ ਨੂੰ
ਸੁਪਨੇ ਦੇ ਵਿੱਚ ਸੱਚੀਂ ਪੁੱਛ ਬੈਠਾ ਯਾਰ ਨੂੰ



**ਧੰਨਾ ਧਾਲੀਵਾਲ**

## ਚਾਣਕੇ ਦੀ ਚਲਾਕੀ !

ਤਹਿ-ਸ਼ੁਦਾ ਬਣਾਕੇ 'ਗੇਮ' ਪਾਉਂਦਾ ਏ ਭੰਬਲਭੂਸੇ
ਨਵਾਂ ਨਹੀਂਉਂ ਪਹਿਲਾਂ ਤੋਂ ਹੀ ਆਇਆ ਏ ਠੱਗਦਾ।
ਦਾਅ-ਪੇਚ ਜਾਣਦਾ ਏ ਸੌੜੀਆਂ ਸਿਆਸਤਾਂ ਦੇ
ਸਿਰੇ ਦਾ ਮੱਕਾਰ ਤੇ ਚਲਾਕ ਸਾਰੇ ਜੱਗ ਦਾ।
ਮਿੱਥ ਲਏ 'ਨਿਸ਼ਾਨੇ' ਸਰ ਕਰਨੇ ਅਵੱਸ਼ ਹੁੰਦੇ
ਕਰੇ ਨਾ ਤਰਸ ਉਹ ਪਲੀਤਾ ਲਾਉਣੋ ਅੱਗ ਦਾ।
ਹੋ ਕੇ ਜਜ਼ਬਾਤੀ ਭੋਲੇ ਫਸਦੇ ਭੁਲੇਖਿਆਂ 'ਚ
ਵਾਕਫ ਪੰਜਾਬੀਆਂ ਦੀ ਜਾਪੇ ਰਗ ਰਗ ਦਾ।
ਬਣਦੇ ਹਾਂ ਸੂਰਮੇ ਬਹਾਦਰੀ 'ਚ ਆਪਾਂ ਭਾਵੇਂ
ਉਹਦੀਆਂ ਪਲੈਨਾਂ ਅੱਗੇ ਕੋਈ ਨਾਹੀਂ ਤੱਗਦਾ।
ਲੱਤ ਹੇਠੋਂ ਆਪਣੇ ਲੰਘਾਉਣੇ ਲਈ ਨਾਬਰਾਂ ਨੂੰ
ਚਾਣਕਾ ਪੰਜਾਬ ਦੇ ਮਗਰ ਪਿਆ ਲੱਗਦਾ!



**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਸਿਰਜਣਹਾਰੇ

ਚਲੋ ਬਣਾਈਏ ਚਰਚ, ਮੰਦਰ ਤੇ ਮਸਜਿਦ, ਗੁਰੂਦੁਆਰੇ।
ਐਨੇ ਵਿੱਚ ਨੀ' ਸਰਨਾ ਦੇਈਏ ਮੜ੍ਹ ਸੋਨੇ ਵਿੱਚ ਸਾਰੇ।

ਅਪਣੇ ਅਸੀ ਬਣਾ ਹੀ ਲਏ ਨੇ ਸ਼ਰਮ ਭੋਰਾ ਹੁਣ ਕਰੀਏ,
ਅੱਲਾ, ਗੋਡ, ਵਾਹਿਗੁਰੂ, ਭਗਵਨ ਬੇਘਰ ਹਨ ਵਿਚਾਰੇ।

ਵਿੱਚ ਟਿਕਾਈਏ ਅਤੇ ਸਜਾਈਏ ਅਪਣੀਆਂ ਸਿਰਜੀਆਂ ਚੀਜਾਂ,
ਉੱਚੀ-ਉੱਚੀ ਗਾਈਏ 'ਇਹ ਸ਼੍ਰਿਸ਼ਟੀ ਦੇ ਸਿਰਜਣਹਾਰੇ।'

ਆਪਣੇ ਧੁਰ ਅੰਦਰ ਦੀ ਪਰ ਨਾ ਨਿਰਖ ਪਰਖ ਕੋਈ ਕਰੀਏ,
ਕੌਣ ਬੋਲਦੈ ਜਾਂ ਬੁਲਵਾਉਂਦੈ ਇਸ ਦੇਹੀ ਵਿਚਕਾਰੇ।

ਬਾਹਲਾ ਸਿਆਣਾ ਬਣ ਨਾ ਰੋਮੀ ਗੱਲ ਪਤੇ ਦੀ ਕਰਕੇ,
ਪਿੰਡ ਘੜਾਮੇਂ ਕਿਧਰੇ ਪੈ ਨਾ ਜਾਣ ਮਾਮਲੇ ਭਾਰੇ।

ਸੋਧੇ, ਫਤਵੇ, ਛੇਕ-ਛਕਈਏ ਸਹਿਣ ਤੈਥੋਂ ਨੀ' ਹੋਣੇ,
ਰੋਲੂ ਜਦੋਂ ਪੁਜਾਰੀ ਲਾਣਾ ਸਰਕਾਰੇ ਦਰਬਾਰੇ।



**ਰੋਮੀ ਘੜਾਮੇਂ ਵਾਲਾ।**
98552-81105

## ਕਵਿਤਾ

ਕਰ ਗਏ ਕਬਜ਼ਾ ਹਰ ਥਾਵੇਂ ਹੁਸ਼ਿਆਰ ਖੜ੍ਹੇ।
ਹੱਕਾਂ ਵਾਲੇ ਹੱਕਾਂ ਲਈ ਲਾਚਾਰ ਖੜ੍ਹੇ।

ਡਰ ਲੱਗਦਾ ਹੈ ਆਪਿਸ ਵਿੱਚ ਵੀ ਬੋਲਣ ਤੋਂ,
ਗਲੀ ਚੁਰਾਹੇ ਮੋੜ ਉੱਤੇ ਲੱਠਮਾਰ ਖੜ੍ਹੇ।

ਵੇਚਣ ਲਾਇਆ ਹੋਇਆ ਜਿਹਨਾਂ ਭਾਰਤ ਨੂੰ,
ਬਣਕੇ ਉਹ ਰਖਵਾਲੇ ਸਰੇ ਬਜ਼ਾਰ ਖੜ੍ਹੇ।

ਲੋਥ ਜਿਹਨਾਂ ਦੀ ਆਉਂਦੀ ਲਿਪਟ ਤਿਰੰਗੇ ਵਿੱਚ,
ਉਹਨਾਂ ਨੂੰ ਉਹ ਦੱਸਦੇ ਪਏ ਗੱਦਾਰ ਖੜ੍ਹੇ।

ਇਸ ਤੋਂ ਵਧਕੇ ਆਉਣਾ ਦਸਦੇ ਕਲਯੁਗ ਕੀ,
ਭੇਸ਼ ਫਕੀਰੀ ਪਹਿਨੀ ਹੈ ਵਿਭਚਾਰ ਖੜ੍ਹੇ।

ਹੱਸਾ ਆਉਂਦਾ ਇਹਨਾਂ ਦੀ ਇਸ ਹਰਕਤ ਤੋਂ,
ਬਾਤ ਅਣਖ਼ ਦੀ ਪਾਉਂਦੇ ਨੇ ਮੁਰਦਾਰ ਖੜ੍ਹੇ।

ਬਣ ਜਾਂਦਾ ਉਹ ਕਾਰਣ ਸਦਾ ਤਬਾਹੀ ਦਾ,
'ਬੋਪਾਰਾਏ' ਜਿੱਥੇ ਵੀ ਹੰਕਾਰ ਖੜ੍ਹੇ।

**ਭੁਪਿੰਦਰ ਸਿੰਘ ਬੋਪਾਰਾਏ ਸੰਗਰੂਰ**
**97797-91442**

## ਵੀਰ ਦਾ ਵਿਛੋੜਾ

ਵੀਰਾ ਗਿਓਂ ਕਿਹੜੇ ਦੇਸ਼
ਲਾ ਗਿਆ ਡਾਹਢੀ ਜਿਹੀ ਠੇਸ
ਭੁਲਿਆ ਨਾ ਤੇਰਾ ਵੇਸ
ਉਹ ਵੀ ਬਾਲ ਉਮਰੇ ਵਰੇਸ

ਭੈਣ ਬਾਰ 'ਚੋਂ ਉਠਾਉਣੀ
ਮਾਂ ਵੀ ਦਿਨਾਂ ਦੀ ਪ੍ਰਾਹੁਣੀ
ਪੱਲੇ ਹਾੜ੍ਹੀ ਨਾ ਸਾਉਣੀ
ਪਾਟਿਆ ਸੱਧਰਾਂ ਦਾ ਖੇਸ

ਸਭ ਲੰਘੀਆਂ ਤਰੀਕਾਂ
ਦਮ ਤੋੜਿਆ ਉਡੀਕਾਂ
ਸਾਰ ਲਈ ਨਾ ਸ਼ਰੀਕਾਂ
ਹਾਰੀ ਜ਼ਿੰਦਗੀ ਦੀ ਰੇਸ

ਕਿਹੜਾ ਮੱਲਿਆ ਬਨੇਰਾ
ਉੱਥੇ ਹੋਰ ਕੌਣ ਤੇਰਾ
ਏਨਾਂ ਲੰਮਾ ਹੋਇਆ ਗੇੜਾ
ਹੁਣ ਜਾਂਦੀ ਨਹੀਓਂ ਪੇਸ਼

ਦਿਨ ਤੇਰੇ ਨਾਲ ਬਿਤਾਏ
ਜਾਣ ਭੁੱਲੇ ਨਾ ਭੁਲਾਏ
ਦੁੱਖ ਚੜ੍ਹ ਚੜ੍ਹ ਆਏ
ਗੁੰਦੇ ਹਿਜ਼ਰਾਂ ਨਾਲ ਕੇਸ

ਟੁੱਟੀ ਨੀਂਦਾ ਦੀ ਸਲਾਈ
ਜੁੱਤੀ ਪੀੜਾਂ ਵਾਲੀ ਪਾਈ
ਜ਼ਿੰਦ ਜਾਵੇ ਨਾ ਹੰਢਾਈ
ਦੁੱਖ ਰਹਿਣਗੇ ਹਮੇਸ਼

ਜਿੰਨ੍ਹੇ ਪੋਤੜਿਆਂ ਨੂੰ ਧੋਇਆ
ਨਾਲੇ ਬਾਪੂ ਬਹੁਤ ਰੋਇਆ
ਸਾਡਾ ਸੂਰਜ ਹੀ ਮੋਇਆ
ਸੁਖ ਸਾਰੇ ਬਣਗੇ ਕਲੇਸ਼



ਵਿਹੜਾ ਖਾਣ ਤਾਂਈ ਆਵੇ
ਨਾ ਕੋਈ ਪੰਛੀ ਫੇਰਾ ਪਾਵੇ
ਚਿੱਤ ਮਰ ਮਰ ਜਾਵੇ
ਕੋਈ ਦੇਵੇ ਨਾ ਢਰੇਸ


**ਦਿਲਬਾਗ ਰਿਉਂਦ**
**9878911452**

## ਉਮੀਦ ਨਾ ਛੱਡੀ

ਤੇਰੇ ਵੀ ਦਿਨ ਬਦਲਣ ਗੇ,
ਨਾ ਛੱਡੀ ਕਦੀ ਉਮੀਦ ਮੀਆਂ।
ਕਾਰਾਂ ਕੋਠੀਆਂ ਚੀਜ਼ ਕੀ ਆ,
ਤੂੰ ਦੁਨੀਆਂ ਲਈ ਖਰੀਦ ਮੀਆਂ।

ਸਬਰ ਚ ਰਹਿ ਕੇ ਭਾਣਾ ਮੰਨੀ,
ਜਾਊ ਉਹਦਾ ਦਿਲ ਪਸੀਜ ਮੀਆਂ।
ਤੂੰ ਲੋਕਾਂ ਦੀ ਗੱਲ ਕਰਦਾ,
ਤੇਰਾ ਹੋਵੇਗਾ ਖ਼ੁਦਾ ਮੁਰੀਦ ਮੀਆਂ।

ਨਾ ਮਨ ਦੇ ਵਿਚ ਮੈਲ ਰੱਖੀਂ,
ਕਾਬੂ ਵਿੱਚ ਰੱਖੀਂ ਜੀਭ ਮੀਆਂ।
ਬਸ ਜਿਹੜਾ ਉੱਗੇ ਮਹਿਕਾਂ ਵੰਡੇ,
ਕੋਈ ਬੀਜ਼ ਇਹੋ ਜਾ ਬੀਜ ਮੀਆਂ।



ਉਹ ਮਿਲਦਾ ਏ ਬਸ ਉਨ੍ਹਾਂ ਨੂੰ,
ਚੰਗੇ ਹੁੰਦੇ ਜੀਹਦੇ ਨਸੀਬ ਮੀਆਂ।
ਵੀਰਪਾਲ ਭੱਠਲ ਬੜੀ ਔਖੀ ਹੁੰਦੀ,
ਯਾਰ ਮੇਰੇ ਦੀ ਦੀਦ ਮੀਆਂ।

**ਵੀਰਪਾਲ ਕੌਰ ਭੱਠਲ**

## ਵੀਰਾਂਗਣਾ ਦਾ ਵਿਰਲਾਪ

ਅੱਧਵਾਟੇ ਹੀ ਟੁੱਟਿਆ ਤਾਰਾ,
ਦਿਨ ਗੂੜ੍ਹੇ ਪਿਆਰਾਂ ਸੀ ਵਾਲ਼ੇ।

ਹੰਝੂ ਹੌਂਕੇ ਹੁਣ ਰਹਿ ਗਏ ਪੱਲੇ,
ਧੁੱਖਦੇ ਤੇ ਅੰਗਿਆਰਾਂ ਸੀ ਵਾਲ਼ੇ।

ਸੁੰਨੇ ਰਾਹ ਤੇ ਲੰਬੀਆਂ ਵਾਟਾਂ,
ਸੁਪਨਿਆਂ ਦੀ ਪ੍ਰਭਾਤ ਸੀ ਹਾਲੇ।

ਤੇਰੇ ਨਾਲ਼ ਸਨ ਪ੍ਰੀਤਾਂ ਗੁੰਦੀਆਂ,
ਤਾਰੇ,ਚੰਨ ਕਾਇਨਾਤ ਸੀ ਨਾਲ਼ੇ।

ਤੇਰੇ ਬਿਨ ਨਾ ਮਿਲਣੀ ਢੋਈ,
ਲਿਖੇ ਗਏ ਮੇਰੇ ਲੇਖ ਜੂੰ ਕਾਲ਼ੇ।

ਜਿੰਦ ਬਿਨ ਕਰੰਗ ਹੈ ਚੁੱਕਣਾ,
ਦੀਵਾ ਬਲਣਾ ਵਿੱਚ ਜੂੰ ਆਲ਼ੇ।

ਕਰ ਇਬਾਦਤ ਉਮਰਾਂ ਤਾਈਂ,
ਜ਼ਿੰਦਗੀ ਭਰ ਦੇ ਜ਼ਫ਼ਰ ਜਾਲ਼ੇ।



ਕਦੋਂ ਤੰਦ ਸਾਹਾਂ ਦੀ ਟੁੱਟਣੀ,
ਕਿਆਮਤ ਕਰੂ ਕੀ ਘਾਲ਼ੇ ਮਾਲ਼ੇ ?

ਦੱਸ ਜਾਹ ਮੈਨੂੰ ਮੇਰੇ ਸੱਜਣਾਂ,
ਕਿੰਝ ਬੀਤਣਗੇ ਦਿਨ ਸੁਖਾਲ਼ੇ ?

**ਸੇਵਾ ਸਿੰਘ 'ਨੂਰਪੁਰੀ'**

## ਏ.ਟੀ.ਐਮ.

ਖ਼ੂਨ ਦੇ ਰਿਸ਼ਤੇ ਬਣ ਗਏ ਪਾਣੀ,
ਨਾਂ ਗੱਲ ਕਿਸੇ ਦੀ ਸਹਿੰਦੇ ਲੋਕੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

ਉੱਥੇ ਕਿਹੜਾ ਡੱਕਾ ਦੋਹਰਾ ਕਰਦਾ,
ਨੋਟ ਖੜਕਦੇ ਮਿਲਣ ਜਿਹਨਾਂ ਨੂੰ।
ਜਿੰਮੇਦਾਰੀਆਂ ਫਰਜ਼ ਨੇ ਕਿਹੜੇ,
ਗੱਲ ਕਿਸੇ ਨੇ ਕਦੇ ਨਾ ਸੋਚੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

ਪੈਸੇ, ਘਰ ਜ਼ਮੀਨਾਂ, ਲਾਲਚ ਪਿੱਛੇ,
ਆਪਣੇ ਆਪਣਿਆਂ ਦੇ ਦੁਸ਼ਮਣ।
ਇਨਸਾਨਾਂ ਚੋਂ ਇਨਸਾਨ ਮਰ ਗਿਆ,
ਲੜ-ਲੜ ਮਰਦੇ ਰਹਿੰਦੇ ਲੋਕੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

ਆਪਣਿਆਂ ਦੀ ਖ਼ਾਤਰ ਮਰ-ਮਰ,
ਜੀਵਨ ਜਿਹਨਾਂ ਲੋਕਾਂ ਲਾਏ।
ਉਹੀ ਲੱਗਣ ਜ਼ਹਿਰ ਉਹਨਾਂ ਨੂੰ,
ਸਭ ਕੁੱਝ ਲੁਟਾ, ਫਿਰ ਵੀ ਉਹ ਦੋਸ਼ੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

ਘਰਦਿਆਂ, ਰਿਸਤਦਾਰਾਂ, ਮਿਤਰਾਂ,
ਨੂੰ ਤੇ ਸਿਰਫ਼ ਪਿਆਰਾ ਪੈਸਾ।
ਪਿਆਰ-ਅਦਬ ਸਭ ਮਿੱਟੀ ਹੋ ਗਏ,
ਵੱਡਾ ਮਤਲਵ ਸੋਚ ਏ ਛੋਟੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

ਮਿੱਟੀ ਨਾਲ ਜੁੜੇ ਨੇ ਅੱਜ ਵੀ,
ਨਿੱਤ ਵਤਨ ਦੀ ਯਾਦ ਸਤਾਵੇ।
ਤੁਰ ਗਏ ਭਾਵੇਂ ਦੂਰ ਵਤਨ ਤੋਂ,
ਚੰਗੀ ਜ਼ਿੰਦਗੀ ਭਾਲਦੇ ਰੋਟੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

ਕੰਮ ਦੀ ਦੌੜ ਦੇ ਵਿੱਚ ਪ੍ਰਦੇਸਾਂ,
ਏਥੇ ਲੋਕ ਮਸ਼ੀਨਾਂ ਬਣ ਗਏ।
ਫ਼ੁਰਸਤ ਨਹੀਂ ਅਰਾਮ ਕਿਤੇ ਨਈਂ,
ਪਿਛਲੇ ਸਮਝਣ ਜ਼ਿੰਦਗੀ ਸੌਖੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

ਮਾਂ ਜਿਹਾ ਪਿਆਰ ਉਡੀਕ ਕਿਤੇ ਨਈਂ,
ਬੂਹੇ ਤੇ ਅੱਖੀਆਂ ਲਾਅ ਜੋ ਬੈਠੇ।
ਪੁੱਤ ਛੱਡ ਪ੍ਰਦੇਸ ਵਤਨ ਨੂੰ ਆਜਾ,
ਭੁੱਲ ਕੇ ਵੀ ਨਈਂ ਕਹਿੰਦੇ ਲੋਕੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....



ਸਭ ਦੇ ਆਪਣੇ ਦੁੱਖ-ਸੁੱਖ ਹੁੰਦੇ,
ਕਿਹੜਾ ਏਥੇ ਦਰਦ ਵੰਡਾਵੇ।
ਹਰਦਾਸਪੁਰੀ ਪੰਡ ਦਰਦਾਂ ਵਾਲੀ,
ਚੱਕੀ ਫਿਰਦੇ ਲੋਕ ਵਿਦੇਸ਼ੀ।
ਵੇਲ੍ਹੜਾਂ ਏ-ਟੀ-ਐਮ ਸਮਝ ਲਏ,
ਵਿੱਚ ਵਿਦੇਸ਼ਾਂ ਰਹਿੰਦੇ ਲੋਕੀ....

**ਮਲਕੀਤ ਹਰਦਾਸਪੁਰੀ**
**0306947249768**

## ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ

ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ।
ਹਾਸੇ ਖ਼ੁਸ਼ੀਆਂ ਤੇਰੇ ਨਾਲ ਜਵਾਨਾਂ ਸੁਣ।
ਤੇਰੇ ਖ਼ੂਨ ਪਸੀਨੇ ਦੇ ਵਿੱਚ ਸੂਰਜ ਹੈ।
ਸੁੰਦਰ ਕਾਇਨਾਤ ਤਿਰੀ ਹੀ ਮੂਰਤ ਹੈ।
ਰੀਸ ਤੇਰੀ ਕਰ ਸਕਦਾ ਵੀ ਭਗਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

ਦੇਸ਼ ਦੀਆਂ ਨੀਹਾਂ ਵਿੱਚ ਮੁੜਕਾ ਤੇਰਾ ਹੈ।
ਅੰਬਰ ਤੀਕਰ ਤੇਰੇ ਨਾਲ ਸਵੇਰਾ ਹੈ।
ਤੇਰੇ ਨੈਣਾਂ ਕਰਕੇ ਚੰਨ ਸਿਤਾਰੇ ਨੇ।
ਤੇਰੇ ਕਰਕੇ ਧਰਤੀ ਕੋਲ ਨਜ਼ਾਰੇ ਨੇ।
ਤੈਥੋਂ ਉਚੀ ਸੁੱਚੀ ਕੋਈ ਸ਼ਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

ਧਰਮ ਤਿਰਾ ਹੈ ਧਰਤੀ, ਧਰਤੀ ਜਾਤ ਤਿਰੀ।
ਸਭਨਾਂ ਦੇ ਲਈ ਚੜ੍ਹਦੀ ਹੈ ਪ੍ਰਭਾਤ ਤਿਰੀ।
ਕਣ ਕਣ ਤੇਰਾ ਅਪਣਾ ਕੋਈ ਨਾ ਦੂਜਾ ਹੈ।
ਕਿਰਤ ਤਿਰੀ ਵਿਚ ਮੰਦਿਰ ਵਰਗੀ ਪੂਜਾ ਹੈ।
ਕਿਹੜਾ ਤੇਰੀ ਹਿੰਮਤ ਤੋਂ ਕੁਰਬਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

ਤੇਰੇ ਕਰਕੇ ਔੜਾਂ ਵਿਚ ਖ਼ੁਸ਼ਹਾਲੀ ਹੈ।
ਮਹਿਕ ਰਹੀ ਗੁਲਸ਼ਨ ਦੀ ਡਾਲੀ ਡਾਲੀ ਹੈ।
ਪਰਬਤ ਚੀਰ ਵਿਖਾਵੇਂ ਨਹਿਰਾਂ ਕੱਢ ਦੇਵੇਂ।
ਧਰਤੀ ਦੀ ਹਿੱਕ ਚੀਰ ਸੁਨਹਿਰਾਂ ਕੱਢ ਦੇਵੇਂ।
ਹੋਰ ਕਿਸੇ ਦਾ ਏਦਾਂ ਦਾ ਈਮਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

ਖੋਂਜਾਂ ਦੇ ਸਿਰ ਉਤੇ ਤਾਜ ਰਖਾਏ ਤੂੰ।
ਚੰਨ ਦੇ ਉਤੇ ਚੜ੍ਹਕੇ ਚੰਨ ਸਜਾਏ ਤੂੰ।
ਯਾਰ ਤਰੱਕੀ ਦਾ ਤੂੰ ਸੂਤਰਧਾਰ ਰਿਆ।
ਤੇਰੇ ਵਿਚ ਅਲੌਕਿਕ ਇੱਕ ਭੰਡਾਰ ਰਿਆ।
ਤੂੰ ਅੰਨਦਾਤਾ ਏਂ ਤੇਰੀ ਪਹਿਚਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

ਕਦਰ ਕਿਰਤੀ ਨਾ ਜਾਣਨ ਨੇਤਾ ਰਿਸ਼ਵਤ ਖੋਰ।
ਕਦਰ ਤੇਰੀ ਪੈਣੀਂ ਸੀ ਜੇਕਰ ਹੁੰਦੇ ਹੋਰ।
ਤੇਰਾ ਖ਼ੂਨ ਪਸੀਨਾ ਲੁੱਟ ਲਿਆ ਚੋਰਾਂ ਨੇ।
ਬਾਗ਼ 'ਚ ਸੁੰਦਰ ਪੈਲਾਂ ਪਾਂਦੇ ਮੋਰਾਂ ਨੇ।
ਤੂੰ ਨਈਂ ਕੋਈ ਭੋਲਾ ਤੂੰ ਨਾਦਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

ਵੇਖ ਕਰਾਂਤੀ ਆਉਣੀ ਹਿੰਮਤ ਰੱਖ ਜਰਾ।
ਜ਼ਹਿਰ ਖੜੱਪੇ, ਬੀਸੀਅਰ ਦਾ ਵੀ ਚੱਖ ਜਰਾ।
ਸੱਪਾਂ ਦਾ ਕਬਜ਼ਾ ਹੈ ਵਰਮੀ ਉਤੇ ਅੱਜ।
ਕੱਢ ਕੱਢ ਮਾਰ ਮੁਕਾਣੇਂ, ਕਰ ਕਰ ਪੁੱਠੇ ਅੱਜ।
ਹੁਣ ਸੱਪਾਂ ਦਾ ਵਰਮੀ ਵਿਚ ਸਥਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

'ਲਾਲੋ' ਬਣਕੇ ਹੱਕ ਹਲਾਲ ਕਮਾਵੇਂ ਤੂੰ।
'ਬਾਲਮ' ਨਾਨਕ ਦਾ ਸੇਵਕ ਕਹਿਲਾਵੇਂ ਤੂੰ।
ਮਿੱਟੀ ਤੇਰੀ ਪੂਜਾ ਮਿੱਟੀ ਭਗਤੀ ਹੈ।
ਤੇਰੇ ਸਿਰ 'ਤੇ ਮਾਨਵਤਾ ਦੀ ਸ਼ਕਤੀ ਹੈ।
'ਸੱਜਣ' ਠੱਗਾਂ ਵਰਗਾ ਤੂੰ ਧਨਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਮੋ. 98156-25409**

## .ਗ਼ਜ਼ਲ

ਇਹ ਆਸਥਾ ਮੇਰੀ ਸਦਾ ਬਣੀ ਰਹੇ।
ਕਿ ਰੁੱਖ ਵੇਖਦਾ ਰਹਾਂ ਹਰੇ ਭਰੇ।

ਹਵਾ ਦੇ ਵਾਂਗ ਲੰਘਿਆ ਹੈ ਬਚਪਨਾ,
ਖ਼ੁਸ਼ੀ ਗਮੀਂ ਤੇ ਪਾਸ ਕੁਝ ਨੇ ਵਲਵਲੇ।

ਸਮਾਂ ਕਦੋਂ ਰੁਕੇ ਕਿਸੇ ਦਾ ਰੋਕਿਆ,
ਹੈ ਕੌਣ ਜ਼ੋ ਲਗਾਮ ਵਕਤ ਦੀ ਫੜੇ।

ਸਦਾ ਦੁਆ ਦਿਲੋਂ ਅਦੀਬਾਂ ਤੋ ਲਵੀਂ,
ਮਿਲੇ ਜ਼ੋ ਬੰਦਗੀ,ਦੁਆ ਚੋਂ ਹੀ ਮਿਲੇ।

ਜ਼ੁਬਾਨ ਮਾਖਿਓਂ ਜਿਹੀ ਰਹੇ ਸਦਾ,
ਇਹ ਜ਼ਿੰਦਗੀ 'ਚ ਤਾਜਗੀ ਵਫ਼ਾ ਕਰੇ।

ਉਡਾਨ ਅੰਬਰੀਂ ਭਰੇ ਜਦੋਂ ਪੰਛੀ,
ਪਰਾਂ 'ਚ ਹੌਸਲਾ ਤੇ ਹਸਰਤਾਂ ਭਰੇ।

**ਮੇਜਰ ਸਿੰਘ ਰਾਜਗੜ੍ਹ**

## ਦੁੱਖਦੀ ਰਗ...

ਦੁੱਖਦੀ ਰਗ ਨਾ ਛੇੜ ਹਾਣੀਆਂ।
ਜਖ਼ਮ ਨਾ ਮੇਰੇ ਉਚੇੜ ਹਾਣੀਆਂ।

ਤੇਰੇ ਦਰ ਦੇ ਨੇੜੇ ਆ ਗਏ,
ਲਵੀਂ ਨਾ ਬੂਹਾ ਭੇੜ ਹਾਣੀਆਂ।

ਮਤਲਵ ਦੇ ਜੋ ਬਣੇ ਨੇ ਮਿੱਤਰ,
ਉਨ੍ਹਾਂ ਤਾਂਈ ਖਦੇੜ ਹਾਣੀਆਂ।

ਕੋਲ ਨਾ ਤੇਰੇ ਆਏ ਮਿੱਥ ਕੇ,
ਐਵੇਂ ਬਣ ਗਿਆ ਗੇੜ ਹਾਣੀਆਂ।

ਦਿਲ ਵਿੱਚ ਪਈ ਨਫ਼ਰਤ ਵਾਲੀ,
ਮਿੱਟਦੀ ਨਹੀਂ ਤਰੇੜ ਹਾਣੀਆਂ।



ਅੰਬਾਂ ਤੱਕ ਹੀ ਸੀਮਤ ਰਹਿਣਾ,
ਗਿਨਣ ਨਾ ਬਹਿਜੀਂ ਪੇੜ ਹਾਣੀਆਂ।

ਯਾਰ ਬਨਾਵੀਂ ਸੋਚ ਕੇ 'ਬੁਜਰਕ',
ਉਂਝ ਤਾਂ ਫਿਰਦੀ ਹੇੜ ਹਾਣੀਆਂ।

**ਹਰਮੇਲ ਸਿੰਘ ਧੀਮਾਨ**

## ਰੱਬੀ ਸੋਚ

ਸਕੂਲ ਭਾਵੇਂ ਬੰਦ ਕਰੋ
ਡੇਰਿਆਂ ਦਾ ਪ੍ਰਬੰਧ ਕਰੋ

ਰੱਬ ਜ਼ਰੂਰੀ ਪੜਨੇ ਨਾਲੋ
ਅਨਪੜ੍ਹ ਰਹੋ ਅਨੰਦ ਕਰੋ

ਉੱਚੀ ਸੋਚ ਦੇ ਮਾਰੋ ਗੋਲੀ
ਕੱਟੜ ਸੋਚ ਬੁਲੰਦ ਕਰੋ



ਤੇਰੇ-ਮੇਰੇ ਮਜ਼ਬਾਂ ਵਾਲੀ
ਹਰ ਹਿੱਸੇ ਵਿੱਚ ਕੰਧ ਕਰੋ

ਬੰਦੇ ਤੋ ਕੀ ਲੈਣਾ ਬਿੰਦਰਾ
ਰੱਬ ਨੂੰ ਰਜ਼ਾਮੰਦ ਕਰ

**ਬਿੰਦਰ ਸਾਹਿਤ**

## ਅੱਗ ਨਾ ਲਾ (ਗੀਤ)

ਕਣਕ ਦਾ ਟਾਂਗਰ ਕੱਠਾ ਕਰਕੇ
ਤੂੜੀ ਲੈ ਬਣਾ,
ਨਾ ਅੱਗ ਖੇਤਾਂ ਵਿੱਚ ਲਾ ਕਾਮਿਆਂ।
ਨਾ ਅੱਗ ਖੇਤਾਂ........
ਜਦ ਧਰਤੀ ਦੀ ਹਿੱਕ ਹੈ ਤਪਦੀ,
ਕਿੰਨਾ ਪਾਣੀ ਖੱਪਦਾ।
ਨਾਲੇ ਸੜਦੇ ਰੁੱਖ ਬਿਰਖ,
ਵਿੱਚ ਜੀਵ ਜੰਤ ਵੀ ਮੱਚਦਾ।
ਇਹ ਰਹਿੰਦ ਖੂੰਹਦ ਨੂੰ ਤੂੰ ਕਿਸਾਨਾਂ ਖੇਤਾਂ
ਦੇ ਵਿੱਚ ਵਾਹ।
ਨਾ ਅੱਗ ਖੇਤਾਂ ........
ਇਹ ਖੇਤੀ ਦਾ ਬਦਲ ਨਾ ਕੋਈ,
ਇਹ ਤੇਰਾ ਹੈ ਕਹਿਣਾ।
ਹੋਰ ਫ਼ਸਲ ਦਾ ਮੁੱਲ ਨੀ ਮਿਲਦਾ,
ਇਹ ਵੀ ਮੰਨਣਾ ਪੈਣਾ।
ਤੇਰੀ ਖੇਤੀ ਤਾਂ ਅੱਗੇ ਘਾਟੇ ਵਿੱਚ ਰਹੀ ਹੁਣ
ਤੱਕ ਜਾ।
ਨਾ ਅੱਗ ਖੇਤਾਂ...........
ਸਰਕਾਰਾਂ ਕੋਈ ਲੱਭਣ ਤਰੀਕਾ,
ਵਾਤਾਵਰਨ ਬਚਾਉਣਾ।
ਜੇ ਰੱਖਣਾ ਹਵਾ ਪਾਣੀ ਨੂੰ,
ਤਾ ਪਊ ਖੇਤੀ ਬਦਲ ਲਿਆਉਣਾ।
ਪੱਤੋ, ਆਖੇ ਅਜੇ ਸਮਝ ਲਉ ਰਿਹਾ
ਮੈਂ ਗੱਲ ਸਮਝਾ।
ਨਾ ਅੱਗ ਖੇਤਾਂ ਵਿੱਚ ਲਾ ਕਾਮਿਆਂ।
ਨਾ ਅੱਗ ਖੇਤਾਂ ਨੂੰ ਲਾ।
ਕਣਕ ਦਾ ਟਾਂਗਰ ਕੱਠਾ ਕਰਕੇ,
ਤੂੜੀ ਲੈ ਬਣਾ।

**ਹਰਪ੍ਰੀਤ ਪੱਤੋ**
**94658-21417**

## ਲੋਕ

ਡੁੱਬਦੇ ਨੂੰ ਵੇਖ ਕੇ ਹੱਸਦੇ ਲੋਕ,
ਡਿੱਗਦੇ ਨੂੰ ਵੇਖ ਕੇ ਨੱਸਦੇ ਲੋਕ।
ਕਿਸੇ ਕੋਲ ਜੇ ਹੋਵਣ ਖ਼ੁਸ਼ੀਆਂ,
ਉਸ ਤੋਂ ਖ਼ੁਸ਼ੀਆਂ ਖੱਸਦੇ ਲੋਕ।
ਕੋਲ ਹੋਵੇ ਜਿੰਨਾ ਮਰਜ਼ੀ ਧਨ,
ਖ਼ੁਦ ਨੂੰ ਧਨਹੀਣ ਦੱਸਦੇ ਲੋਕ।
ਕੋਈ ਇਨ੍ਹਾਂ ਤੋਂ ਅੱਗੇ ਨਾ ਲੰਘੇ,
ਉਸ ਨੂੰ ਸੱਪ ਬਣ ਡੱਸਦੇ ਲੋਕ।
ਆਪਣੇ ਬਾਰੇ ਚੁੱਪ ਨੇ ਰਹਿੰਦੇ,
ਦਿਲ ਦੀ ਗੱਲ ਨਾ ਦੱਸਦੇ ਲੋਕ।



ਠੀਕ ਰਾਹ ਤੇ ਤੁਰਨ ਵਾਲੇ ਨੂੰ,
ਪਾਗਲ ਕਹਿ ਕੇ ਹੱਸਦੇ ਲੋਕ।
ਜਿਸ ਦੇ ਹੱਥ 'ਚ ਹੋਵੇ ਡਾਂਗ,
ਉਸ ਤੋਂ ਡਰ ਕੇ ਨੱਸਦੇ ਲੋਕ।

**ਮਹਿੰਦਰ ਸਿੰਘ ਮਾਨ**
**9915803554**

## ਖਾਨਗਾਹ ਵਿੱਚ ਆਹਟ

ਖਾਨਗਾਹ ਵਿੱਚ ਆਹਟ ਹੋਈ,
ਆਇਆ ਕੋਈ ਨਮਾਜ਼ੀ ਹੋਣਾ।
ਪੌਣਾਂ ਦੇ ਵਿੱਚ ਮਹਿਕਾਂ ਖਿੜੀਆਂ,
ਪੱਕਾ ਕੋਈ ਨਿਆਜ਼ੀ ਹੋਣਾ।
ਗੱਲ ਗੱਲ ਤੇ ਏ ਤੋਬਾ ਕਰਦਾ,
ਮੱਕਿਓ ਆਇਆ ਹਾਜੀ ਹੋਣਾ।
ਬੈਠ ਮਸੀਤੇ ਕੁਫਰ ਤੋਲਦਾ,
ਕੱਚਾ ਜਿਹਾ ਕੋਈ ਕਾਜ਼ੀ ਹੋਣਾ।
ਮੇਰੀ ਤਾਲ ਨਾਲ ਤਾਲ ਮਿਲਾਉਦਾ,
ਹੰਢਿਆ ਜਿਹਾ ਕੋਈ ਸਾਜ਼ੀ ਹੋਣਾ।
ਭੁੱਲਾਂ ਤੇ ਏ ਪਰਦੇ ਪਾਉਂਦਾ,
ਲੱਗਦਾ ਕੋਈ ਲਿਹਾਜ਼ੀ ਹੋਣਾ।
ਰੂਹ ਦੀ ਹੂਕ ਨਹੀ ਦਿਲ ਤੱਕ ਅੱਪੜੀ,
ਇਹਦਾ ਇਸ਼ਕ ਮਜਾਜੀ ਹੋਣਾ।



ਭੀੜ ਵੇਲੇ ਛੱਡ ਜਾਂਦਾ ਕੱਲਿਆਂ
ਇਹ ਤਾਂ ਵੱਡਾ ਪਾਜੀ ਹੋਣਾ।
ਲੱਖ ਵਾਰੀ ਭਾਵੇ ਮਿੰਨਤਾਂ ਕਰ ਲੈ,
ਇਹ ਦਿਲ ਹੁਣ ਨਹੀ ਰਾਜ਼ੀ ਹੋਣਾ।

**ਸਤਨਾਮ ਕੌਰ ਤੁਗਲਵਾਲਾ**

## ਹੱਥ ਮਾਲਿਕ ਦੇ ਡੋਰ....

ਹੱਥ ਮਾਲਿਕ ਦੇ ਡੋਰ, ਓ ਬੰਦਿਆ
ਹੱਥ ਮਾਲਿਕ ਦੇ ਡੋਰ
ਬੰਦਾ ਸੋਚੇ ਹੋਰ ਹੋਰ ਕੁੱਝ
ਹੋ ਜਾਂਦਾ ਕੁੱਝ ਹੋਰ, ਓ ਬੰਦਿਆ
ਹੱਥ ਮਾਲਿਕ ਦੇ ਡੋਰ.....

ਪੱਕੀਆਂ ਫਸਲਾਂ, ਨੀਲਾ ਅੰਬਰ
ਸੂਰਜ ਚਮਕਾਂ ਮਾਰੇ
ਵੇਖ ਕੇ ਜੱਟ ਲਹਿਰਾਉਂਦੀਆਂ ਫਸਲਾਂ
ਲੱਖ ਲੱਖ ਸ਼ੁਕਰ ਗੁਜ਼ਾਰੇ
ਨਿੱਕੀ ਜਿਹੀ ਇੱਕ ਬੱਦਲੀ ਉੱਠੀ
ਬਣੀ ਘਟਾ ਘਨਘੋਰ
ਪਲ ਵਿੱਚ ਕਰ ਗਈ ਸਾਫ ਸਫਾਇਆ
ਸਭ ਕੁੱਝ ਲੈ ਗਈ ਰੋੜ੍ਹ, ਓ ਬੰਦਿਆ
ਹੱਥ ਮਾਲਿਕ ਦੇ ਡੋਰ.....



ਹੱਥ ਮਾਲਿਕ ਦੇ ਡੋਰ, ਓ ਬੰਦਿਆ
ਹੱਥ ਮਾਲਿਕ ਦੇ ਡੋਰ
ਬੰਦਾ ਸੋਚੇ ਹੋਰ ਹੋਰ ਕੁੱਝ
ਹੋ ਜਾਂਦਾ ਕੁੱਝ ਹੋਰ, ਓ ਬੰਦਿਆ
ਹੱਥ ਮਾਲਿਕ ਦੇ ਡੋਰ.....

**ਖੁਸ਼ੀ ਮੁਹੰਮਦ ਚੱਠਾ**

## ਸੁਭਾਅ...

ਉਹਨੇ ਸ਼ੀਸ਼ੇ ਤੇ ਹੱਥ ਫੇਰ
ਐਨਕ ਸਾਫ਼ ਕੀਤੀ ਐ
ਫਰੇਮ ਤੇ ਉਂਗਲ ਫੇਰ
ਡੱਬਾ ਬਣਾਇਆ ਏ
ਅਤੇ ਉੱਚੀ ਕਿਸੇ ਮਿੱਤਰ ਨੂੰ
ਹਾਕ ਮਾਰੀ ਐ
ਫਿਰ ਵੀ ਨਾ ਸੁਣੇ ਤਾਂ
ਹੋਕਰਾ ਮਾਰਦਾ ਹੈ
ਪਰ



ਕਿਸੇ ਮਿੱਤਰ- ਬੇਲੀ ਨੂੰ
ਉਹ ਕੋਲੋਂ ਐਵੇਂ ਨੀਂ
ਲੰਘਣ ਦਿੰਦਾ।

**ਗੁਰਦੀਪ ਗਾਮੀਵਾਲਾ**

Dosanjh Family
AUTO GROUP

Cadillac CHEVROLET INFINITI KIA NISSAN BUICK GMC
CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD